१७

[illegible]

ਸਭ ਹੱਕ ਰਾਖਵੇਂ ਹਨ ਕੋਈ ਨਾ ਛਾਪੇ.

ਜਹਾਂ ਤਹਾਂ ਤੁਮ ਧਰਮ ਬਿਥਾਰੋ । ਦੁਸ਼ਟ ਦੋਖੀਅਨ ਪਕੜ ਪਛਾੜੋ ॥

੧ ਓ ਵਾਹਿਗੁਰੂ ਜੀ ਕੀ ਫਤਹ.

واہگورو جی کی فتح

ਸ੍ਰੀ ਮੁਖ ਵਾਕ ਪਾਤਸ਼ਾਹੀ ੧੦

# ਜ਼ਫਰ ਨਾਮਹ

## ਸਟੀਕ

ظفرنامہ پادشاہی دہم

ਜਿਸਨੂੰ

ਬਾਬੂ ਤੇਜਾ ਸਿੰਘ ਰੀਟਾਯਰਡ ਐਸ.ਡੀ.ਓ.

ਸੇਵਕ { ਪੰਚ ਖ਼ਾਲਸਾ ਦੀਵਾਨ ਅਰਥਾਤ ਖਾਲਸਾ ਪਾਰਲੀ ਮੈਂਟ } ਨੇ

ਗੁਰ ਸਿੱਖਾਂ ਦੇ ਲਾਭ ਹਿਤ ਛਪਵਾਯਾ.

ਪਹਿਲੀ ਵਾਰ ੨੦੦੦ ਭੇਟਾ ।।। =)

# ਭੂਮਿਕਾ !

੧ ੴ ਵਾਹਿਗੁਰੂ ਜੀ ਕੀ ਫਤਹ ॥

ਬੀਰ ਖਾਲਸਾ ਜੀ ! ਸ੍ਰੀ ਜ਼ਫਰਨਾਮੇਂ ਦੀ ਵਿਯਾਖਯਾ ਕਰਨ ਤੋਂ ਪਹਿਲਾਂ ਏਹ ਜ਼ਰੂਰੀ ਪਰਤੀਤ ਹੁੰਦਾ ਹੈ ਕਿ ਆਪ ਪ੍ਰਤੀ ਇਹ ਭੀ ਪ੍ਰਗਟ ਕੀਤਾ ਜਾਵੇ ਕਿ ਇਸ ਜ਼ਫਰਨਾਮੇਂ ਦਾ ਔਰੰਗਜ਼ੇਬ ਆਲਮਗੀਰ ਸ਼ਹਨਸ਼ਾਹ ਹਿੰਦ ਵਲ ਲਿਖੇ ਜਾਣ ਦਾ ਕੀ ਕਾਰਣ ਹੈ ? ਕਿਉਂਕਿ ਉਸ ਸਾਰੇ ਪ੍ਰਸੰਗ ਦੇ ਸਮਝਣ ਪਿਛੋਂ ਜ਼ਫਰਨਾਮੇਂ ਦਾ ਸਮਝਣਾ ਬਹੁਤ ਸਹਿਲ ਹੋ ਜਾਂਦਾ ਹੈ ਇਸ ਲਈ ਉਸ ਸਾਰੇ ਪ੍ਰਸੰਗ ਨੂੰ ਵਿਸਤਾਰ ਸੰਜੁਗਤ ਲਿਖਿਆ ਜਾਂਦਾ ਹੈ ॥

ਖਾਲਸਾ ਜੀ ! ਏਹ ਆਪਨੂੰ ਵਿੱਦਤ ਹੀ ਹੈ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੰਸਾਰ ਪਰ ਧਰਮ ਪ੍ਰਗਟਾਉਂਣ ਲਈ ਹੀ ਅਕਾਲ ਪੁਰਖ ਵੱਲੋਂ ਭੇਜੇ ਗਏ. ਉਨ੍ਹਾਂ ਨੇ ਆਪ ਆਪਣੀ ਰਚਨਾਂ ਵਚਿਤ੍ਰ ਨਾਟਿਕ ਵਿਖੇ ਫੁਰਮਾਇਆ ਹੈ:—

ਕਹਿਯੋ ਪ੍ਰਭੂ ਸੋ ਭਾਖ ਹੋਂ, ਕਿਸੂ ਨ ਕਾਨ ਰਾਖ ਹੋਂ.
ਕਿਸੂ ਨ ਭੇਖ ਭੀਜ ਹੋਂ, ਅਲੇਖ ਬੀਜ ਬੀਜ ਹੋਂ.
ਪਖਾਣ ਪੂਜ ਹੋਂ ਨਹੀਂ, ਨ ਭੇਖ ਭੀਜ ਹੋਂ ਕਹੀਂ.
ਅਨੰਤ ਨਾਮ ਗਾਇਹੋਂ, ਪਰੱਮ ਪੁਰਖ ਪਾਇਹੋਂ.
ਜਟਾਂ ਨ ਸੀਸ ਧਾਰ ਹੋਂ, ਨ ਮੁੰਦ੍ਰਕਾ ਸੁਧਾਰ ਹੋਂ.
ਨ ਕਾਨ ਕਾਹੂ ਕੀ ਧਰੋਂ, ਕਹਿਯੋ ਪ੍ਰਭੂ ਸੋ ਮੈ ਕਰੋਂ ੩੬.—੬

"ਹਮ ਏਹ ਕਾਜ ਜਗਤ ਮੇਂ ਆਏ,
ਧਰਮ ਹੇਤ ਗੁਰਦੇਵ ਪਠਾਏ." ੪੨—੬

ਜਦ ਇਨ੍ਹਾਂ ਨੇ ਸਚੇ ਅਕਾਲੀ ਧਰਮ ਨੂੰ ਸੰਸਾਰ ਪਰ ਪ੍ਰਗਟ ਕਰਨਾ ਚਾਹਿਆ ਤਾਂ ਉਸ ਸਮੇਂ ਹਿੰਦੂ ਵਾਸੀ ਜੋ ਆਪਣੇ ਅਗਜਾਨ ਦੇ ਕਾਰਣ ਮੂਰਤੀ ਪੂਜਾ ਆਦਿਕ ੩੩ ਕਰੋੜ ਦੇਵੀ ਦੇਵਤਿਆਂ ਪਿੱਛੇ ਲਗੇ ਹੋਏ ਸਨ ਉਨਾਂ ਨੂੰ ਏਹ ਉਪਦੇਸ਼ ਬਹੁਤ ਬੁਰੇ ਪ੍ਰਤੀਤ ਹੋਣ ਲਗੇ। ਸ੍ਰੀ ਗੁਰੂ ਜੀ ਦੇ ਜ਼ਬਾਨੀ ਹੀ ਉਪਦੇਸ਼ ਨਹੀਂ ਸਨ ਬਲਕਿ ਕਈ ਸਚੇ ੨ ਗ੍ਰੰਥ ਰਚੇ ਜਾਣ ਲਗੇ ਤੇ ਧਰਮ ਪ੍ਰਚਾਰ ਦਾ ਕੰਮ ਤੇਜ਼ੀ ਨਾਲ ਜਾਰੀ ਕਰਨ ਲਈ ੫੨ ਕਵੀ ਆਪਣੇ ਦਰਬਾਰ ਵਿਖੇ ਨੌਕਰ ਰੱਖਕੇ 'ਰਲੀਜਸ ਬੁਕ ਸੁਸਾਇਟੀ' (ਧਾਰਮਿਕ ਪੁਸਤਕ ਸਭਾ) ਅਸਥਾਪਨ ਕੀਤੀ ਜੋ ਅਨਜਧਰਮ ਪੁਸਤਕਾਂ ਦਾ ਉਲਥਾ ਭਾਸ਼ਾ ਵਿਖੇ ਕਰਦੇ ਸੇ ਤਾਂ ਕਿ ਹਿੰਦੂ ਮੁਸਲਮਾਨ ਆਦਿ ਆਪਣੇ ੨ ਗਰੰਥਾਂ ਤੋਂ ਜਾਣੂ ਹੋਕੇ ਝੂਠੇ ਮੱਤਾਂ ਨੂੰ ਤਜਾਗ ਸਚੇ ਮਤ (ਖਾਲਸਾ ਧਰਮ) ਨੂੰ ਅੰਗੀਕਾਰ ਕਰਨ. ਇਸ ਪਰਚਾਰ ਦਾ ਅਸਰ ਏਹ ਹੋਇਆ ਕਿ ਅਣਗਿਣਤ ਲੋਗ ਪਾਖੰਡ ਨੂੰ ਤਜਾਗ ਸਿੱਖੀ ਮੰਡਲ ਵਿਖੇ ਦਾਖਲ ਹੋਣ ਲਗੇ ਪਰ ਇਸਨੂੰ ਹਿੰਦੂ ਤੇ ਪਹਾੜੀ ਰਾਜੇ ਨ ਸਹਾਰ ਸੱਕੇ. ਜਦੋਂ ਕਿ ਧਰਮ ਚਰਚਾ ਵਿਖੇ ਕੋਈ ਗੁਰੂ ਜੀ ਨਾਲ ਨ ਅੜ ਸਕਿਆ ਤਾਂ ਬ੍ਰਾਹਮਣਾਂ ਨੇ ਪਹਾੜੀ ਰਾਜਿਆਂ ਨੂੰ ਹਿੰਦੂ ਧਰਮ ਰਖਜਕ ਦਸ ਕੇ ਅਤੇ ਕਾਜ਼ੀਆਂ ਮੁਲਾਣਿਆਂ ਨੇ ਔਰੰਗਜ਼ੇਬ ਨੂੰ ਗੁਰੂ ਸਾਹਿਬ ਦੇ ਵਿਰੁੱਧ ਕਰ ਦਿਤਾ. ਇਸ ਲਈ ਗੁਰੂ ਜੀ ਲਿਖਦੇ ਹਨ:—

"ਫਤੇ ਸ਼ਾਹ ਕੋਪਾ ਤਬ ਰਾਜਾ,
ਲੋਹ ਪਰਾ ਹਮ ਸੋ ਬਿਨਕਾਜਾ."

(ਵਚਿਤ੍ਰ ਨਾਟਕ)

ਜਦੋਂ ਫਤੇ ਸ਼ਾਹ ਸ੍ਰੀ ਨਗਰ ਦਾ ਰਾਜਾ ਅਕਾਰਣ ਫੌਜ ਲੈਕੇ ਗੁਰੂ ਜੀ ਪਰ ਆ ਪਿਆ. ਇਧਰੋਂ ਸਿੱਖਾਂ ਨੇ ਭੀ ਜੋ ਸਤਜ ਧਰਮ ਵਿਖੇ ਦ੍ਰਿੜ ਸਨ ਖੂਬ ਟਾਕਰਾ ਕੀਤਾ ਇਸ ਪਰਕਾਰ ਪਹਾੜੀ ਰਾਜੇ ਤਾਂ ਸਿੱਖਾਂ ਦੇ ਅਤਯੰਤ ਵਿਰੋਧੀ ਹੋਗਏ, ਤੇ ਦੋ ਤਿੰਨ

ਵਾਰੀ ਸਿੱਖਾਂ ਨਾਲ ਜੰਗ ਹੋਏ ਪਰ ਸਿੱਖਾਂ ਦੀ ਵਧਦੀ ਕਲਾ ਦੇਖਕੇ ਦਬ ਗਏ.

੧ ਵੈਸਾਖ ਸੰਮਤ ੧੭੫੬ ਬਿਕ੍ਰਮੀ ਵਿਖੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਦੀ ਪ੍ਰੀਖਯਾ ਲੈਕੇ ਪੰਜ ਪਿਆਰੇ (੧) ਭਾਈ ਦਯਾ ਸਿੰਘ ਜੀ (੨) ਭਾਈ ਧਰਮ ਸਿੰਘ ਜੀ (੩) ਭਾਈ ਹਿੰਮਤ ਸਿੰਘ ਜੀ (੪) ਭਾਈ ਮੋਹਕਮ ਸਿੰਘ ਜੀ (੫) ਭਾਈ ਸਾਹਿਬ ਸਿੰਘ ਜੀ ਨੂੰ ਜਾਤ ਪਾਤ ਜਨੇਊ ਆਦਿਕ ਦਾ ਬੰਧਨਤੋੜ ਅੰਮ੍ਰਿਤ ਪਾਨ ਕਰਾ ਅਭੇਦ ਕਰ ਦਿਤਾ ਤੇ ਅਗੇ ਨੂੰ ਏਹੀ ਮਰਯਾਦਾ ਸੰਸਾਰ ਵਿਖੇ ਪਰਚਾਰ ਕਰਣਲਈ ਸ੍ਰੀ ਆਨੰਦਪੁਰ ਵਿਖੇ ਕੇਸ ਗੜ੍ਹ ਪਹਾੜ ਪਰ ਇਕ ਬੜਾ ਭਾਰੀ ਦਰਬਾਰ (ਜਿਸ ਵਿਖੇ ਕਈ ਪਹਾੜੀ ਰਾਜੇ, ਹਿੰਦੂ, ਤੇ ਮੁਸਲਮਾਨ ਭੀ ਸ਼ਾਮਲ ਸਨ) ਸਥਾਪਨ ਕਰ ਆਗਿਆ ਦਿਤੀ. ਯਥਾਃ—

ਝੂਠੇ ਜੰਵੂ ਜਤਨ ਤਿਆਗੋ,
ਖੜਗਧਾਰ ਅਸਿਧੁਜ ਪਗਲਾਗੋ,
ਬਿਖਿਯਾ ਕ੍ਰਿਆ ਭੱਦਣ ਤਜਾਗੋ,
ਜਟਾ ਜੂਟ ਰਹਿਬੋ ਅਨੁਰਾਗੋ.

ਇਸ ਪ੍ਰਕਾਰ ਦੇ ਉਪਦੇਸ਼ਾਂ ਨੂੰ ਸੁਣਕੇ ਪਹਾੜੀ ਰਾਜੇ ਭੀ ਜੋ ਇਸ ਧਾਰਮਿਕ ਦੀਵਾਨ (ਕਾਨਫਰੰਸ) ਵਿਖੇ ਆਏ ਹੋਏ ਸਨ ਇਸ ਭਾਂਤ ਕਹਣ ਲਗੇ:—

ਇਹ ਤੋ ਰਹਿਤ ਕਠਿਨ ਨਹਿ ਹੋਈ।
ਚਾਰ ਵਰਣ ਸੋ ਕਰਹਿੰ ਰਸੋਈ॥
ਬੇਦ ਲੋਕ ਮਤ ਸਰਬ ਤਿਆਗੀ।
ਸ੍ਰੀ ਅਸਿਧੁਜ ਕੇ ਹ੍ਵੈ ਅਨੁਰਾਗੀ॥
ਦ੍ਵਿਜ ਖਤ੍ਰੀ ਪੂਤਾਨ ਕੇ ਜੰਵੂ ਧਰਮ ਤੁਰਾਇ।
ਲੈ ਭੋਜਨ ਇਕਠਾਂ ਕੀਓ ਬੁਰੀ ਬਾਤ ਬਨਾਇ॥
ਪੂਜਾ ਮੰਤ੍ਰ ਕ੍ਰਿਯਾ ਸਭ ਕਰਮਾ।
ਇਹ ਹਮ ਤੋਂ ਛੂਟਤ ਨਹਿ ਧਰਮਾ॥

ਪ੍ਰਿਤ੍ਰ ਦੰਡ ਦੇਵਨ ਕੇ ਕਾਮਾ।
ਕਤ ਛੂਟਤ ਹਮ ਸੇ ਅਭਿਰਾਮਾ॥
(ਗੁਰਬਿਲਾਸ ਪਾਤਸ਼ਾਹੀ ੧੦)

ਰਾਜਪੂਤ ਪਹਾੜੀ ਰਾਜੇ ਅਤੇ ਹੋਰ ਪੱਕੇ ਹਿੰਦੂ ਤਾਂ ਦੀਵਾਨ ਵਿਚੋ ਉਠਕੇ ਚਲੇ ਗਏ ਪਰ ਗੁਰੂ ਮਹ ਰਾਜ ਦੇ ਉਪਦੇਸ਼ ਦਾ ਅਜੇਹਾ ਅਸਰ ਹੋਇਆ ਕਿ ਉਸੀ ਦਿਨ ੨੦ ਹਜ਼ਾਰ ਪੁਰਸ਼ਾਂ ਤੇ ਇਸਤ੍ਰੀਆਂ ਨੇ ਅੰਮ੍ਰਿਤ ਪਾਨ ਕੀਤਾ ਇਸ ਧਾਰਮਕ ਦੀਵਾਨ ਦੀ ਖਬਰ 'ਵਾਕੇਨਵੀਸਾਂ' (ਰਿਪੋਰਟਰਾਂ) ਨੇ ਜੋ ਉਸ ਸਮੇਂ ਦੀਵਾਨ ਵਿਖੇ ਮੌਜੂਦ ਸਨ, ਔਰੰਗਜ਼ੇਬ ਆਲਮਗੀਰ ਬਾਦਸ਼ਾਹ ਦਿੱਲੀ ਨੂੰ ਲਿਖਕੇ ਇਸ ਪ੍ਰਕਾਰ ਭੇਜੀ ਕਿ ਅੱਜ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਸ ਪਰਕਾਰ ਦਾ ਐਲਾਨ ਕੀਤਾ ਹੈ ਕਿ "ਸਾਰੇ ਲੋਕ ਇਕ ਧਰਮ ਵਾਲੇ ਹੋ ਜਾਣ ਕਿ ਦ੍ਵੈਤ ਵਿਚੋਂ ਉੱਠ ਜਾਵੇ, ਚਾਰੇ ਵਰਣ ਹਿੰਦੂਆਂ ਦੇ, ਜੈਸਾ ਕਿ ਬ੍ਰਾਹਮਣ, ਛਤ੍ਰੀ ਵੈਸ਼, ਸੂਦ੍ਰ, ਹਰ ਇਕ ਦਾ ਜੁਦਾ ੨ ਧਰਮ ਸਾਸਤ੍ਰ ਨੀਯਤ ਹੈ ਓਹ ਉਨ੍ਹਾਂਨੂੰ ਤਿਆਗ ਕੇ ਇਕ ਪ੍ਰੇਮ ਦਾ ਪੰਥ ਅੰਗੀਕਾਰ ਕਰਣ ਅਤੇ ਆਪਸ ਵਿਖੇ ਭਾਈ ਬਣ ਜਾਣ ਅਤੇ ਇਕ ਆਦਮੀ ਦੂਜੇ ਆਦਮੀ ਤੋਂ ਅਪਣੇ ਆਪਨੂੰ ਬੜਾ ਖਯਾਲ ਨਾ ਕਰੇ, ਅਤੇ ਇਸ ਵਰਤਾਰੇ ਨੂੰ ਰਟਕੇ ਗੰਗਾ ਆਦਿਕ ਤੀਰਥਾਂ (ਜਿਨਾਂ ਦਾ ਕਿ ਵੇਦ ਸ਼ਾਸਤ੍ਰਾਂ ਵਿਖੇ ਵੱਡਾ ਮਾਨ ਹੈ) ਮਨ ਤੋਂ ਦੂਰ ਕਰਨ ਅਤੇ ਸ੍ਵਾਏ ਗੁਰੂ ਨਾਨਕ (ਜੀ) ਅਤੇ ਹੋਰ ਗੁਰੂਆਂ ਦੇ ਕਿਸੀ ਅਵਤਾਰ ਜੇਹਾ ਕਿ ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੇਵੀ ਆਦਿਕ ਨੂੰ ਨਾ ਮੰਨਣ ਅਤੇ ਮੇਰਾ ਅੰਮ੍ਰਿਤ ਪਾਨ ਕਰਕੇ ਚਾਰੇ ਵਰਣਾਂ ਦੇ ਆਦਮੀ ਇਕ ਬਰਤਨ ਵਿਖੇ ਭੋਜਨ ਖਾਣ ਅਤੇ ਇਕ ਦੂਜੇ ਤੋਂ ਘ੍ਰਿਣਾ ਨਾ ਕਰਨ।

ਇਸ ਪ੍ਰਕਾਰ ਦੇ ਬਹੁਤ ਸਾਰੇ ਉਪਦੇਸ਼ ਕਥਨ ਕੀਤੇ ਅਤੇ ਜਦ ਪੁਰਸ਼ਾਂ ਨੇ ਸੁਣੇ ਤਾਂ ਬਹੁਤ ਸਾਰੇ ਛੱਤ੍ਰੀ ਬ੍ਰਹਮਣ ਉੱਠ ਖੜੇ ਹੋਏ ਅਤੇ ਕੈਹਣ ਲਗੇ ਕਿ ਅਸੀਂ ਗੁਰੂ ਨਾਨਕ ਅਤੇ ਹੋਰ

ਗੁਰੂਆਂ ਦੇ ਧਰਮ ਨੂੰ ਮੰਨਦੇ ਹਾਂ ਅਤੇ ਜੋ ਧਰਮ ਵੇਦ ਸ਼ਾਸ਼ਤ੍ਰ ਤੋਂ ਵਿਰੁੱਧ ਹੈ ਉਸਨੂੰ ਕਦਾਪੀ ਸ੍ਵੀਕਾਰ ਨਹੀਂ ਕਰਾਂਗੇ ਅਤੇ ਸਨਾਤਨ ਧਰਮ ਨੂੰ ਜੋ ਬਜ਼ੁਰਗਾਂ ਦਾ ਚਲਾਇਆ ਹੋਇਆ ਹੈ ਇਕ ਛੋਕਰੇ ਦੇ ਕਹਣ ਨਾਲ ਨਹੀਂ ਛੱਡਾਂਗੇ। ਜਦੋਂ ਏਹ ਬਾਤ ਕਹੀ ਗਈ ਤਾਂ ੨੦ ਹਜ਼ਾਰ ਪੁਰਸ਼ਾਂ ਨੇ ਆਖਿਆ ਅਸੀਂ ਰਜ਼ਾਮੰਦ ਹਾਂ ਅਤੇ ਆਪਣੇ ਮੁਖ ਤੋਂ ਆਗਜ਼ਾਕਾਰੀ ਹੋਣ ਦਾ ਬਚਨ ਕੀਤਾ।"

(ਤਾਰੀਖ ਫਾਰਸੀ. ਕ੍ਰਿਤ ਮੁਨਸ਼ੀ ਗੁਲਾਮ ਮਹਈਯੁੱਦੀਨ)

ਪਰ ਅਨਜ ਧਰਮੀਆਂ ਨੂੰ ਇਹ ਖਾਲਸੇ ਦਾ ਬਧਦਾ ਤੇਜ ਨਾ ਭਾਇਆ ਤੇ ਅੰਦਰੋਅੰਦਰੀ ਅਨੇਕ ਪ੍ਰਕਾਰ ਦੀਆਂ ਚਾਲਾਂ ਚਲਣ ਲਗੇ ਜਿਸਤੋਂ ਖਾਲਸਾ ਸਦਾ ਲਈ ਸੰਸਾਰ ਤੋਂ ਮਿਟ ਜਾਵੇ। ਪਰ ਜਦ ਗੁਪਤ ਚਾਲਾਂ ਦਾ ਕੁਝ ਅਸਰ ਨਾ ਹੋਇਆ ਤਾਂ ਪ੍ਰਤੱਖ ਖਾਲਸਾ ਧਰਮ ਦੇ ਵਿਰੋਧੀ ਹੋਗਏ. ਤੇ ਬ੍ਰਾਹਮਣਾਂ ਨੇ ਜਾਤਿ ਪਾਤਿ ਤੇ ਯਗਜ਼ੋਪਵੀਤ ਦੀ ਰੀਤਿ ਨੂੰ ਟੁਟਿਆਂ ਹੋਇਆਂ ਵੇਖ ਅਤੀਯੰਤ ਰੌਲ਼ਾ ਪਾਇਆ ਤੇ ਆਸ ਪਾਸ ਦੇ ਸਾਰੇ ਪਹਾੜੀ ਰਾਜਿਆਂ ਨੂੰ ਹਿੰਦੂ ਧਰਮ ਲੁਟ ਗਿਆ, ਭਰਿਸ਼੍ਟ ਹੋਗਿਆ, ਨਸ਼ਟ ਹੋਗਿਆ ਕਹਿ ਸੁਣਕੇ ਗੁਰੂ ਸਾਹਿਬ ਦਾ ਅਤਯੰਤ ਵਿਰੋਧੀ ਕਰ ਦਿੱਤਾ। ਕੁਝ ਰਾਜੇ ਤਾਂ ਪਹਿਲਾਂ ਹੀ ਗੁਰੂ ਜੀ ਨਾਲ ਵਿਰੋਧ ਰਖਦੇ ਸਨ ਹੁਣ ਸਾਰੇ ਹੀ ਰਾਜੇ ਵਿਰੋਧੀ ਹੋਗਏ ਤੇ ਇਹ ਰਾਇ ਪਾਸ ਹੋਈ ਕਿ ਗੁਰੂ ਗੋਬਿੰਦ ਸਿੰਘ ਨੂੰ ਜੋ ਹਿੰਦੂਆਂ ਦੀ ਜਾਤਪਾਤ ਦਾ ਵਿਰੋਧੀ ਮੂਰਤੀ ਪੂਜਾ ਦੇ ਨਾ ਮੰਨਣ ਵਾਲਾ ਹੈ, ਅਜਿਹਾ ਕਸ਼ਟ ਦਿਤਾ ਜਾਵੇ ਕਿ ਓਹ ਦਮ ਨਾ ਲੈਣਾਂ ਪਾਵੇ। ਇਸ ਲਈ ਸਾਰੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨੂੰ ਲਿਖ ਭੇਜਿਆ, ਕਿ ਆਪ ਆਪਣੇ ਉਪਦੇਸ਼ਾਂ ਤੇ ਵਖਯਾਨਾ ਨੂੰ ਬੰਦ ਕਰੋ ਨਹੀਂ ਸਾਡੇ ਇਲਾਕੇ ਵਿਚੋਂ ਨਿਕਲ ਜਾਵੋ ਤੇ ਅਨੰਦ ਪੁਰ ਨੂੰ ਖਾਲੀ ਕਰੋ, ਨਹੀਂ ਤਾਂ ਤੁਹਾਡੇ ਪਰ ਚੜ੍ਹਾਈ ਕੀਤੀ ਜਾਂਦੀ ਹੈ, ਇਸ ਦਾ ਉੱਤ੍ਰ ਗੁਰੂ ਜੀ ਨੇ ਕੇਵਲ ਏਹ ਦਿਤਾਃ—

"ਜੋ ਪ੍ਰਭੁ ਜਗਤ ਕਹਾ ਸੋ ਕਹਿ ਹੋਂ,
ਮ੍ਰਿਤ ਲੋਗ ਤੇ ਮੋਨ ਨ ਰਹਿ ਹੋਂ"

(ਵਚਿ੍ ਨਾਟਕ)

ਅਰਥਾਤ ਮੈਨੂੰ ਜੋ ਅਕਾਲ ਪੁਰਖ ਦੀ ਅ ਗਜ਼ਾ ਹੋਈ ਹੈ ਮੈਂ ਉਸਦਾ ਉਪਦੇਸ਼ ਦਿੰਦਾ ਹਾਂ, ਤੁਸਾਡੇ ਜੇਹੇ ਸੰਸਾਰੀ ਲੋਕਾਂ ਤੋਂ ਡਰਕੇ ਮੈਂ ਆਪਣੇ ਸਤਜ ਉਪਦੇਸ਼ ਨਹੀਂ ਛਡ ਸਕਦਾ, ਤੇ ਦੂਜੀ ਬਾਤ ਆਨੰਦ ਪੁਰ ਨੂੰ ਛੱਡਣ ਦੀ ਏਹ ਹੈ ਕਿ ਆਨੰਦ ਪੁਰ ਨੂੰ ਖਾਲੀ ਕਰਾਉਣ ਦਾ ਤੁਹਾਡਾ ਕੋਈ ਹੱਕ ਨਹੀਂ ਹੈ ਕਿਉਂ ਜੋ ਇਸ ਧਰਤੀ ਨੂੰ ਸਾਡੇ ਬਜੁਰਗਾਂ ਨੇ ਤੁਹਾਡੇ ਬਜੁਰਗਾਂ ਤੋਂ ਮੁੱਲ ਲੈਕੇ ਬਸਾਇਆ ਹੋਇਆ ਹੈ, ਹਾਂ ਜੇ ਤੁਸੀ ਲੜਾਈ ਕਰਨਾ ਚਾਹੁੰਦੇ ਹੋ ਤਾਂ ਖਾਲਸਾ ਸਦਾ ਧਰਮ ਦੋਖੀਆਂ ਦੀ ਖਬਰ ਲੈਣ ਲਈ ਤਯਾਰ ਹੈ। ਏਹ ਉੱਤਰ ਸੁਣ ਪਹਾੜੀ ਰਾਜੇ ਅਤਜੰਤ ਕ੍ਰੋਧਤ ਹੋਏ ਤੇ ਆਪਣੀਆਂ ੨ ਫੌਜਾਂ ਲੈਕੇ ਆਨੰਦ ਪੁਰ ਪਰ ਚੜ੍ਹ ਆਏ, ਤੇ ਕਈ ਦਿਨ ਦੇ ਘੋਰ ਸੰਗ੍ਰਾਮ ਪਿੱਛੋਂ ਜਦ ਉਨ੍ਹਾਂ ਦੇ ਕਈ ਬੜੇ ੨ ਸਰਦਾਰ ਤੇ ਰਾਜੇ ਮਰ ਗਏ ਤਾਂ ਹਾਰ ਖਾਕੇ ਭੱਜ ਗਏ ॥

ਹੁਣ ਖਾਲਸੇ ਨੇ ਚਾਰ ਕਿਲੇ ਲੋਹਗੜ੍ਹ, ਆਨੰਦਗੜ੍ਹ, ਫਤਹ ਗੜ੍ਹ, ਕੇਸਗੜ੍ਹ ਭੀ ਬਣਾ ਲਏ ਤੇ ਉਧਰ ਪਹਾੜੀ ਰਾਜੇ ਇਸ ਹਾਰ ਤੋਂ ਸ਼ਰਮ ਖਾਕੇ ਸੂਬੇਦਾਰ ਸਰਹੰਦ ਨੂੰ ੨੦ ਹਜਾਰ ਰੁਪਿਆ ਤੇ ਰਾਜਾਭੀਮਚੰਦ ਆਪਣੀ ਵੰਸ ਵਿੱਚੋਂ ਇੱਕ ਰਾਜਪੂਤ ਲੜਕੀ ਦਾ ਸਾਕ ਦੇਣਾ ਕਰਕੇ ਆਪਣੀ ਸਹਾਇਤਾ ਲਈ ਗੁਰੂ ਜੀ ਦੇ ਵਿਰੁੱਧ ਚੜ੍ਹਾ ਲਿਆਏ ਤੇ ਸੰਮਤ ੧੭੫੮ ਬਿ: ਨੂੰ ਕੀਰਤ ਪੁਰ ਦੇ ਪਾਸ ਇੱਕ ਘੋਰ ਯੁੱਧ ਹੋਇਆ ਚਾਹੇ ਇਸ ਪਿਛੋਂ ਭੀ ਇਕ ਦੋ ਹੋਰ ਛੋਟੀਆਂ ਮੋਟੀਆਂ ਲੜਾਈਆਂ ਹੋਈਆਂ ਪਰ ਜਦੋਂ ਪਹਾੜੀ ਰਾਜੇ ਤੇ ਸੂਬਾ ਸਰਹੰਦ ਗੁਰੂ ਮਹਾਰਾਜ ਤੋਂ ਆਨੰਦ ਪੁਰ ਖਾਲੀ ਨਾ ਕਰਾ ਸਕੇ ਤਾਂ ਓਹਨਾਂ ਨੇ ਕੱਠੇ ਹੋਕੇ ਇਕ ਅਰਜ਼ੀ ਸ਼ਹਿਨਸ਼ਾਹ

ਔਰੰਗਜ਼ੇਬ ਪਾਸ ਆਪਣੀ ਸਹਾਇਤਾ ਤੇ ਰਖਯਾ ਦੇ ਲਈ ਭੇਜੀ ਅਤੇ ਉਸ ਵਿਖੇ ਅਨੇਕ ਅਜੇਹੀਆਂ ਬਾਤਾਂ ਲਿਖੀਆਂ ਜਿਸ ਤੋਂ ਬਾਦਸ਼ਾਹ ਦੇ ਕ੍ਰੋਧ ਦੀ ਅਗਨੀ ਤੇਜ਼ ਹੋ ਜਾਵੇ. ਉਸ ਵਿਖੇ ਪ੍ਰਗਟ ਕੀਤਾ ਕਿ "ਇਧਰ ਸਾਡੇ ਇਲਾਕੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਦੇ ਪਿਤਾ ਨੂੰ ਕਿ ਆਪਦੇ ਹੁਕਮ ਨਾਲ ਅਮਨ ਕਾਇਮ ਕਰਨ ਲਈ ਕਤਲ ਕਰਾਇਆ ਸੀ ਅੱਤ ਚੁਕੀ ਹੋਈ ਹੈ ਪਹਿਲਾਂ ਤਾਂ ਓਹ ਮੁਸਲਮਾਨ ਤੇ ਹਿੰਦੂ ਧਰਮ ਵਿਖੇ ਹੀ ਖੋਟਾਂ ਕਢਦਾ ਸੀ ਤੇ ਆਖਦਾ ਸੀ ਕਿ ਕਿਸੀ ਪੀਰਪੈਗੰਬਰ ਦੇਵੀ ਦੇਵਤੇਨੂੰ ਨਹੀਂ ਮੰਨਣਾ ਚਾਹੀਦਾ ਤੇ ਸਭ ਕੁਲ ਰੀਤਿ ਮਿਟਕੇ ਖਾਲਸਾ ਹੋ ਜਾਣਾ ਚਾਹੀਦਾ ਹੈ ਤੇ ਇਥੇ ਤਕ ਕਿ ਓਹ ਹੁਣ ਮੁਸਲਮਾਨਾਂ ਨੂੰ ਭੀ ਅਪਨੇ ਖਾਲਸਾ ਧਰਮ ਵਿਚ ਰਲੌਨ ਲਗ ਗਿਆ ਹੈ ਤੇ ਆਪਣੇ ਆਪ ਨੂੰ ਸੂਚਾ ਬਾਦਸ਼ਾਹ ਕਹਾਉਂਦਾ ਹੈ ਤੇ ਸਾਰੇ ਪੰਜਾਬ ਦੇ ਚੋਰ ਧਾੜਵੀ ਇਸ ਪਾਸ ਅਕੱਠੇ ਹੋਂਦੇ ਹਨ ਤੇ ਹੁਣ ਤਾਂ ਓਹ ਯੁੱਧ ਕਰਨ ਲਈ ਮੈਦਾਨ ਵਿਖੇ ਉੱਤਰ ਆਇਆ ਹੈ ਸਾਡੀਆਂ ਤੇ ਸੂਬੇ ਸਰਹਿੰਦ ਦੀਆਂ ਫੌਜਾਂ ਉਸ ਨਾਲ ਯੁੱਧ ਕਰਨ ਲਈ ਅਸਮਰਥ ਹੋ ਗਈਆਂ ਹਨ, ਇਸ ਲਈ ਅਸੀਂ ਆਪ ਪਾਸ ਪ੍ਰਾਰਥਨਾ ਕਰਦੇ ਹਾਂ ਕਿ ਆਪਨੂੰ ਆਵਸ਼ਜ ਇਧਰ ਧਿਆਨ ਦੇਣਾਂ ਚਾਹੀਦਾ ਹੈ ਨਹੀਂ ਤਾਂ ਏਹ ਸਾਰੇ ਪੰਜਾਬ ਤੇ ਹਿੰਦ ਨੂੰ ਜਿੱਤ ਕੇ ਦੁਖ ਦੇਵੇਗਾ" ਅਤੇ ਹੋਰ ਅਨੇਕ ਪ੍ਰਕਾਰ ਦੀਆਂ ਬਾਤਾਂ ਲਿਖਕੇ ਬਾਦਸ਼ਾਹ ਪਾਸ ਭੇਜੀਆਂ ਜਿਸ ਨੂੰ ਪੜ੍ਹਦੇ ਹੀ ਉਸਦੀ ਕ੍ਰੋਧ ਅਗਨੀ ਪਰਚੰਡ ਹੋਗਈ ਤੇ ਅਮੀਰਖਾਂ, ਨਿਜਾਬਤਖਾਂ, ਹੈਬਤਖਾਂ, ਸੈਦਖਾਂ, ਰਮਜ਼ਾਨਖਾਂ ਅਤੇ ਦੀਨਬੇਗ ਖਾਂ ਸਰਦਾਰਾਂ ਨੂੰ ਫੌਜ ਦੇਕੇ ਦਿਲੀ ਤੋਂ ਭੇਜਿਆ ਅਤੇ ਸੂਬੇਦਾਰ ਸਰਹਿੰਦ ਦੇ ਨਾਉਂ ਸਖਤ ਹੁਕਮ ਲਿਖਿਆ ਕਿ ਗੁਰੂ ਨੂੰ ਪਕੜੋ, ਦਿੱਲੀ ਤੋਂ ਫੌਜ ਆਉਣ ਦੀ ਖਬਰ ਸੁਣਕੇ ਪ੍ਰੇਮੀ ਸਿੰਘ ਦੂਰ ਨੇੜੇ ਤੋਂ ਆਕੇ ਗੁਰੂ ਸਾਹਿਬ ਦੇ ਝੰਡੇ ਹੇਠਾਂ ਕੱਠੇ ਹੋਗਏ ਤੇ ੧੭ ਫੱਗਣ ਸੰਮਤ ੧੭੫੯ ਬਿ: ਨੂੰ ਫੇਰ ਘੋਰ ਯੁਧ ਹੋਇਆ। ਸਿੰਘ ਥੋੜੇ ਹੋਣ ਦੇ ਕਾਰਣ ਕਿਲੇ ਅੰਦਰ

ਦਾਖਲ ਹੋਗਏ ਤੇ ਪੰਜ ਦਿਨ ਤੋੜੀ ਘੋਰ ਸੰਗ੍ਰਾਮ ਹੋਂਦਾ ਰਿਹਾ। ਚਾਹੇ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਪਰ ਖਾਲਸੇ ਨੇ ਭੀ ਬੈਰੀਆਂ ਦੇ ਮੂੰਹ ਮੋੜ ਦਿਤੇ, ਛੇਵੇਂ ਦਿਨ ਗੁਰੂ ਗੋਬਿੰਦ ਸਿੰਘ ਜੀ ਕਿਲੇ ਤੋਂ ਬਾਹਰ ਯੁੱਧ ਲਈ ਆਏ ਤੇ ਅਤਯੰਤ ਜ਼ੋਰ ਸ਼ੋਰ ਨਾਲ ਹੱਲਾ ਕੀਤਾ ਸਰਦਾਰ ਅਮੀਰ ਖਾਂ ਪ੍ਰਸਿੱਧ ਬਾਦਸ਼ਾਹੀ ਸੈਨਾਂਪਤੀ ਅਤੇ ਸੈਂਦੇ ਖਾਂ ਗੁਰੂ ਜੀ ਦੇ ਹਥੋਂ ਲੜਾਈ ਵਿਖੇ ਸ਼ਹੀਦ ਹੋਏ, ਰਾਜਾ ਹਰੀਚੰਦ ਜਸਵਾਲੀਆ ਗੁਰੂ ਜੀ ਦੇ ਇਕ ਮੁਸਲਮਾਨ ਨੌਕਰ ਮਾਮੂ ਖਾਂ ਦੇ ਹਥੋਂ ਮਾਰਿਆ ਗਿਆ ਤੇ ਰਾਜਾ ਅਜਮੇਰਚੰਦ ਜ਼ਖਮੀ ਹੋਇਆ ਤੇ ਅੰਤ ਨੂੰ ਬਾਦਸ਼ਾਹੀ ਫੌਜ ਨੇ ਹਾਰ ਖਾਧੀ ਤੇ ਖਾਲਸੇ ਨੇ ਰੋਪੜ ਤਕ ਇਨਾਂ ਦਾ ਪਿੱਛਾ ਕੀਤਾ, ਇਸ ਹਾਰ ਤੋਂ ਔਰੰਗਜ਼ੇਬ ਆਲਮ-ਗੀਰ ਸਾਹਨਸ਼ਾਹ ਦਿੱਲੀ ਨੂੰ ਅਤਯੰਤ ਸ਼ਰਮ ਆਈ। ਇਸ ਲਈ ਸੂਬੇ ਲਾਹੌਰ ਤੇ ਸੂਬੇ ਕਸ਼ਮੀਰ ਦੇ ਨਾਉਂ ਫਰਮਾਨ ਜਾਰੀ ਕੀਤੇ ਕਿ ਸੂਬੇਦਾਰ ਸਰਹਿੰਦ ਦੇ ਨਾਲ ਮਿਲਕੇ ਗੁਰੂ ਗੋਬਿੰਦ ਸਿੰਘ ਨੂੰ ਹਜ਼ੂਰ ਮੇਂ ਪੇਸ਼ ਕਰੋ ਅੰਤ ਨੂੰ ਇਕ ਬੜੀ ਲੜਾਕੀ ਫੌਜ ਸੂਬੇਦਾਰ ਦਿਲੀ, ਸਰਹਿੰਦ, ਕਸ਼ਮੀਰ ਤੇ ਲਾਹੌਰ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਅਕਠੀ ਹੋਈ, ਦਿਲੀਓਂ ਖਵਾਜਾ ਜ਼ਫਰਬੇਗ ਰਵਾਨਾ ਹੋਇਆ, ਲਾਹੌਰ ਵਲੋਂ ਦਲਾਵਰ ਖਾਂ ਤੇ ਸਫਦਰ ਖਾਂ ਆਦਿਕ ਮੈਦਾਨ ਵਿਖੇ ਆਏ ਤੇ ਪਹਾੜੀ ੨੨ ਧਾਰ ਰਾਜਿਆਂ ਦੇ ਨਾਉਂ ਭੀ ਹੁਕਮ ਜਾਰੀ ਹੋਏ ਕਿ ਆਪਣੀਆਂ ੨ ਸੈਨਾਂ ਸਹਿਤ ਮੈਦਾਨ ਵਿਖੇ ਸ਼ਾਮਲ ਹੋਣ ॥

ਇਸ ਪ੍ਰਕਾਰ ਸਾਰੀ ਵੈਰੀ ਦੀ ਸੈਨਾ ਦਸ ਲੱਖ ਹੋਗਈ ਪਰ ਗੁਰੂ ਜੀ ਪਾਸ ਇਸ ਸਮੇਂ ਕੇਵਲ ਦਸ ਹਜ਼ਾਰ ਸਿੰਘ ਸਨ ੨੨ ਜੇਠ ਸੰਮਤ ੧੭੬੧ ਬਿ: ਨੂੰ ਵੈਰੀ ਦੀ ਸੈਨਾਂ ਨੇ ਸ਼ਹਰ ਆਨੰਦਪੁਰ ਉਪਰ ਹੱਲਾ ਕਰ ਦਿਤਾ ਜਦ ਸ਼ਾਹੀ ਫ਼ੌਜ ਨੇੜੇ ਆਈ ਤਾਂ ਸਿੰਘਾਂ ਨੇ ਇਕੋ ਵਾਰੀ ਗੋਲੀਆਂ ਦੀ ਵਾੜ ਝਾੜੀ ਤੇ ਬੇਸ਼ੁਮਾਰ ਸ਼ਤ੍ਰ ਥਾਂ ਰੱਖੇ ਇਸ ਪ੍ਰਕਾਰ ਕਈ ਹੱਲੇ ਕੀਤੇ ਪਰ ਕਿਲਾ ਉੱਚੀ ਥਾਉਂ ਹੋਣ ਕਰਕੇ ਨਾ ਟੁਟ ਸਕਿਆ। ਕਿਲੇ ਵਿਚੋਂ ਸਿੰਘ

ਤੋਪਾਂ ਦੇ ਫਾਇਰ ਕਰਦੇ ਰਹੇ ਜਦ ਤੁਰਕਾਂ ਦੀ ਕੁਝ ਪੇਸ਼ ਨਾ ਗਈ ਤਾਂ ਕਿਲੇ ਨੂੰ ਸ਼ਾਹੀ ਫੌਜ ਘੇਰਾ ਪਾਕੇ ਬੈਠ ਗਈ। ਘਾਹ, ਦਾਣਾ, ਰਸਦ, ਅੰਨ, ਆਦਿਕ ਅੰਦਰ ਜਾਣਾਂ ਸਭ ਕੁਝ ਬੰਦ ਕਰ ਦਿਤਾ ਚਾਹੇ ਕਿਲੇ ਅੰਦਰ ਬਹੁਤ ਸਮਾਂਨ ਸੀ ਪਰ ਚਾਰ ਮਹੀਨੇ ਦੇ ਘੇਰੇ ਨੇ ਸਭ ਜ਼ਖੀਰਾ ਮੁਕਾ ਦਿਤਾ। ਮੁਠੀ ੨ ਕੱਚੇ ਛੋਲੇ, ਦਰਖਤਾਂ ਦੀ ਛਿਲ ਤੇ ਪੱਤੇ ਖਾਕੇ ਭੀ ਸਿੰਘ ਲੜਦੇ ਰਹੇ ਪਰ ਜੰਗ ਤੇ ਭੁਖ ਨੇ ਸਭ ਨੂੰ ਤੰਗ ਕਰ ਦਿਤਾ:--

ਉਸ ਸਮੇਂ ਦਾ ਅੱਖੀਂ ਦੇਖਿਆ ਹਾਲ ਇੱਕ ਸਿੱਖ ਕਵੀ ਲਿਖਦਾ ਹੈ:-

"ਇਸਹੀ ਭਾਂਤ ਬਹੁਤ ਦਿਨ ਗਏ।
ਨਗਰ ਲੋਗ ਠਾਢੇ ਸਭ ਭਏ॥
ਦਰ ਕੇ ਆਗੇ ਕਰੀ ਪੁਕਾਰਾ।
ਅੰਨ ਬਿਨਾ ਜੀਅ ਜਾਇ ਹਮਾਰਾ॥
ਦੇਖਹੁ ਏਹ ਹਵਾਲ ਅਬ ਭਯੋ।
ਉਡਿਓ ਮਾਸ ਹਾਡ ਸਭ ਰਹਿਯੋ॥
ਬਿਨ ਭੋਜਨ ਜੀਵਨ ਅਬ ਨਾਹੀ।
ਸੋਬੀ ਜੈਹੈ ਸਾਂਝ ਸੁਬਾਹੀ॥" (ਗੁਰ ਸੋਭਾ ਗ੍ਰੰਥ)

ਦੂਜੇ ਪਾਸੇ ਸ਼ਾਹੀ ਅਫਸਰ ਤੇ ਰਾਜੇ ਭੀ ਲੜਦੇ ੨ ਬਹੁਤ ਤੰਗ ਆ ਗਏ ਸਿੰਘ ਰਾਤ ਨੂੰ ਅਚਾਨਕ ਕਿਲੇ ਵਿੱਚੋਂ ਨਿਕਲ ਛਾਪਾ ਮਾਰਦੇ ਇਰਦ ਗਿਰਦ ਦੇ ਦੇਸ ਵਿੱਚੋਂ ਰਸਦ ਦਾਣਾ ਘਾਹ ਆਦਿਕ ਮਿਲਣਾ ਔਖਾ ਹੋਗਿਆ ਤੇ ਸਾਰਾ ਪਹਾੜੀ ਇਲਾਕਾ ਬਰਬਾਦ ਤੇ ਸੁੰਨਸਾਨ ਦਿੱਸਨ ਲੱਗਾ ਉਪਰੋਂ ਮੀਂਹ ਦਾ ਜ਼ੋਰ ਤੇ ਦਰਿਆ ਦੇ ਝੜਾਓ ਨੇ ਲਸ਼ਕਰ ਨੂੰ ਅਤਜੰਤ ਔਖਾ ਕੀਤਾ, ਇਸਤੇ ਬਿਨਾਂ ਦੇਵਨੇਤ ਨਾਲ ਫੌਜ ਵਿਖੇ ਹੈਜ਼ਾ ਫੁਟ ਪਿਆ, ਜਿਸ ਨਾਲ ਸੈਂਕੜੇ ਆਦਮੀ ਮਰਨ ਲੱਗੇ ਤੇ ਬਾਦਸ਼ਾਹ ਵੱਲੋਂ ਬਾਰ ੨ ਏਹ ਹੁਕਮ ਆਵੇ ਕਿ ਹੁਣ ਤਕ ਆਨੰਦ ਪੁਰ ਦਾ ਕਿਲਾ ਕਿਉਂ

ਫਤੇ ਨਹੀਂ ਹੋਇਆ । ਇਸ ਸਮੇਂ ਔਰੰਗਜ਼ੇਬ ਖ਼ੁਦ ਦੱਖਣ ਵਿਚ ਮਰਹੱਟਿਆਂ ਨਾਲ ਲੜ ਰਿਹਾ ਸੀ, ਉਸਨੂੰ ਆਪ ਰੁਪਏ ਦੀ ਲੋੜ ਸੀ, ਇਸ ਲਸ਼ਕਰ ਨੂੰ ਕੌਣ ਸਾਮਾਨ ਰਸਦ ਦਿੰਦਾ, ਮਰਹਟੇ ਚਾਰ ਖਾਕੇ ਭੀ ਲੁਟ ਮਾਰ ਤੋਂ ਬਾਜ ਨਹੀਂ ਆਉਂਦੇ ਸੇ ਬਾਦਸ਼ਾਹ ਦਾ ਨੱਕ ਵਿੱਚ ਦਮ ਆਗਿਆ, ਪੰਜਾਬ ਵਿਖੇ ਬਗਾਵਤਾਂ ਹੋਣੀਆਂ ਸ਼ੁਰੂ ਹੋਗਈਆਂ ਅੰਤ ਨੂੰ ਬਾਦਸ਼ਾਹੀ ਫ਼ੌਜੀ ਸਰਦਾਰਾਂ ਨੇ ਕੁਰਾਨ ਤੇ ਹਿੰਦੂ ਰਾਜਿਆਂ ਨੇ ਗਊ ਦੀ ਸੌਂਹ ਖਾਕੇ ਗੁਰੂ ਜੀ ਪਾਸ ਇੱਕ ਚਿੱਠੀ ਭੇਜੀ ਕਿ "ਜੇ ਆਪ ਆਨੰਦ ਪੁਰ ਨੂੰ ਖਾਲੀ ਕਰਕੇ ਕੁਝ ਚਿਰ ਲਈ ਹੋਰ ਜਗਾ ਚਲੇ ਜਾਓ ਤਾਂ ਆਪ ਨੂੰ ਕੋਈ ਹਾਨੀ ਨਹੀਂ ਪੁਚਾਈ ਜਾਊ"। ਪਰ ਗੁਰੂ ਜੀ ਨੇ ਉਨ੍ਹਾਂ ਦੀ ਸੌਂਹ ਦਾ ਵਿਸਵਾਸ ਨਾ ਕਰਕੇ ਆਪਣੇ ਖਾਲਸੇ ਨੂੰ ਆਖਿਆ ਇਨਾਂ ਕੱਚੇ ਪਹਾੜੀਆਂ ਤੇ ਤੁਰਕਾਂ ਦੀ ਸੌਂਹ ਦਾ ਕੋਈ ਭਰੋਸਾ ਨਹੀਂ ਹੈ ਪਰ ਹੇ ਖਾਲਸਾ ਜੀ ! ਜੇ ਤੁਸੀਂ ਕੁਝ ਹੋਰ ਦਿਨ ਧੀਰਜ ਤੇ ਹੌਂਸਲਾ ਕਰੋ ਤਾਂ ਏਹ ਬਾਦਸ਼ਾਹੀ ਸੈਨਾ ਆਪਣੇ ਆਪ ਦੁਖੀ ਹੋਕੇ ਚਲੀ ਜਾਵੇਗੀ, ਪਰ ਸਿੰਘ ਭੀ ਜੰਗ ਤੇ ਭੁਖ ਨੇ ਦੁਖੀ ਕਰ ਰੱਖੇ ਸਨ ਗੁਰੂ ਜੀ ਦੀ ਮਾਤਾ ਅਤੇ ਹੋਰ ਸਿੱਖਾਂ ਨੇ ਇਸ ਬਾਤ ਪਰ ਜ਼ੋਰ ਦਿੱਤਾ ਕਿ ਇਸ ਸਮੇਂ ਆਨੰਦ ਪੁਰ ਛਡਨਾ ਹੀ ਉਚਿਤ ਹੈ, ਪਰ ਜਦ ਗੁਰੂ ਜੀ ਦੀ ਰਾਇ ਨਾਲ ਰਾਤ ਨੂੰ ਟੱਟੂ ਖੱਚਰਾਂ ਤੇ ਬੈਲਾਂ ਪਰ ਸਾਮਾਨ ਲੱਦ ਕੇ ਕਿਲੇ ਤੋਂ ਬਾਹਰ ਭੇਜਿਆ ਗਿਆ ਤਾਂ ਦੁਸ਼ਮਨ ਸੌਂਹ ਤੋੜਕੇ ਉਸਪੁਰ ਲੁਟਨ ਆ ਪਏ, ਪਰਓਹ ਉਸ ਸਮੇਂ ਆਪਨੀ ਕਸਮ ਤੋੜਨ ਤੋਂ ਬਹੁਤ ਸ਼ਰਮਿੰਦੇ ਹੋਏ ਜਦੋਂ ਕਿ ਅਸ਼ਰਫੀਆਂ ਰੁਪਈਆਂ ਯਾ ਕੀਮਤੀ ਅਸਬਾਬ ਦੇ ਥਾਉਂ ਟੁਟੀਆਂ ਹੋਈਆਂ ਜੁੱਤੀਆਂ ਠੀਕਰੇ, ਲਿਦ ਤੇ ਪੁਰਾਣੇ ਕਪੜਿਆਂ ਦੇ ਚੀਥੜੇ ਆਦਿਕ ਉਨਾਂ ਵਿਚੋਂ ਨਿਕਲੇ ਜੋ ਕਿ ਉਨਾਂ ਦੀ ਧਰਮ ਦੀ ਪ੍ਰੀਖਯਾ ਲੈਣਲਈ ਭਰੇ ਗਏ ਸਨ। ਇਸ ਕਰਕੇ ਕਿਲੇ ਵਾਲੇ ਦੋ ਦਿਨ ਹੋਰ ਤੇਜੀ ਨਾਲ ਅੰਦਰੋਂ ਲੜਦੇ ਰਹੇ ਇਸ ਜੋਸ਼ ਨੂੰ ਦੇਖ ਬਾਦਸ਼ਾਹੀ ਸੈਨਾ ਖ਼ੂਬ ਘਬਰਾਈ, ਜੰਗੀ ਜਰਨੈਲਾਂ ਨੇ

ਗੁਰੂ ਜੀ ਪਾਸ ਫੇਰ ਆਪਣਾ ਸਫੀਰ ਭੇਜ ਕੇ ਮਾਫੀ ਮੰਗੀ ਤੇ ਆਖਿਆ ਕਿ ਏਹ ਕੰਮ ਸਾਡੇ ਬੇਸਮਝ ਸਪਾਹੀਆਂ ਤੋਂ ਹੋ ਗਿਆ ਹੈ ਅਸੀਂ ਇਸਤੋਂ ਬਹੁਤ ਸ਼ਰਮਿੰਦੇ ਹਾਂ ਤੇ ਅਸੀਂ ਆਪਣੀ ਪਹਿਲੀ ਸੁਗੰਦ ਪਰ ਪੱਕੇ ਹਾਂ, ਪਰ ਜਦ ਗੁਰੂ ਜੀ ਨੇ ਉਨਾਂਦੀ ਬਾਤ ਦਾ ਵਿਸਵਾਸ ਨਾ ਕੀਤਾ ਤਾਂ ਜ਼ਫਰਬੇਗ ਨੇ ਔਰੰਗਜ਼ੇਬ ਵਲ ਲਿਖਿਆ ਕਿ ਗੁਰੂ ਨਾ ਮੈਦਾਨ ਛਡਦਾ ਹੈ ਅਤੇ ਨਾ ਹੀ ਸਾਡੀ ਬਾਤ ਦਾ ਵਿਸਵਾਸ ਕਰਦਾ ਹੈ ਜੇ ਆਪ ਵਲੋਂ ਫ਼ਰਮਾਨ ਲਿਖਿਆ ਆਵੇ ਤਾਂ ਸੰਭਵ ਹੈ ਕਿ ਓਹ ਕਿਲੇ ਨੂੰ ਛਡ ਦੇਵੇ ਇਸ ਲਈ ਬਾਦਸ਼ਾਹ ਨੇ ਭੀ ਏਹ ਸੋਚਕੇ ਕਿ ਇਸ ਜੰਗ ਪੁਰ ਰੁਪਇਆ ਖਰਚ ਕਰਣ ਨਾਲ ਕੋਈ ਲਾਭ ਨਹੀਂ ਹੈ ਤੇ ਨਾਂ ਕਿਸੀ ਇਲਾਕੇ ਮਿਲਣ ਦੀ ਆਸ ਹੈ ਪਰ ਹਾਂ ਜੇ ਗੁਰੂ ਗੋਬਿੰਦ ਸਿੰਘ ਕਿਲੇ ਨੂੰ ਖਾਲੀ ਕਰ ਦੇਵੇ ਤਾਂ ਸ਼ਾਹੀ ਰੌਬਦਾਬ ਭੀ ਬਣਿਆਂ ਰਹੇਗਾ, ਇਕ ਫਰਮਾਨ ਆਪਣੀ ਵਲੋਂ ਲਿਖਿਆ ਜਿਸ ਵਿਖੇ ਕੁਰਾਨ ਦੀ ਸੌਂਹ ਖਾ ਕੇ ਲਿਖਿਆ ਗਿਆ ਸੀ ਕਿ ਮੇਰੀ ਵਲੋਂ ਆਪ ਨੂੰ ਕੋਈ ਕਸ਼ਟ ਨਹੀਂ ਪਹੁੰ-ਚਾਇਆ ਜ ਵੇਗਾ, ਆਪ ਆਨੰਦ ਪੁਰ ਛਡਕੇ ਆਨੰਦ ਪੂਰਬਕ ਜਿਥੇ ਚਾਹੋ ਰਹਿ ਸਕਦੇ ਹੋ ਤੇ ਜੇ ਕੋਈ ਮੇਰਾ ਅਹਿਲਕਾਰ ਇਸ ਹੁਕਮ ਤੋਂ ਵਿਰੁਧ ਕਰੇਗਾ ਯਾ ਆਪਨੂੰ ਕਿਸੀ ਕਿਸਮ ਦਾ ਕਸ਼ਟ ਦੇਵੇਗਾ ਤਾਂ ਉਸਨੂੰ ਯੋਗ ਦੰਡ ਦਿਤਾ ਜਾਵੇਗਾ ਅਤੇ ਇਹ ਆਪਦੀ ਬੜੀ ਕ੍ਰਿਪਾ ਹੋਵੇਗੀ ਜੇ ਆਪ ਮੈਨੂੰ ਆਕੇ ਦਰਸ਼ਨ ਭੀ ਦੇ ਸਕੋ। ਦੱਖਨ ਤੋਂ ਸਫੀਰ ਇਸ ਬਾਦਸ਼ਾਹੀ ਫਰਮਾਨ ਨੂੰ ਲੈਕੇ ਗੁਰੂ ਜੀ ਪਾਸ ਆਇਆ, ਜ਼ਾਫਰ ਬੇਗ ਨੇ ਖੂਬ ਅੱਛੀ ਤਰਾਂ ਯਕੀਨ ਦਲ-ਵਾਇਆ ਤੇ ਆਖਿਆ ਆਪ ਨਾਲ ਕਿਸੀ ਪ੍ਰਕਾਰ ਦਾ ਧੋਖਾ ਯਾ ਫਰੇਬ ਨਹੀਂ ਕੀਤਾ ਜਾਵੇਗਾ, ਅਸੀਂ ਆਪਦੇ ਜਾਨ ਤੇ ਮਾਲ ਦੇ ਜ਼ੁਮੇਂਵਾਰ ਹਾਂ ਤੇ ਕੁਰਾਨ ਦੀ ਪੁਸਤਕ ਹਥ ਪੁਰ ਉਠਾਈ। ਹਿੰਦੂ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਉਸਦੀ ਸੌਂਹ ਖਾਧੀ। ਗੁਰੂ ਜੀ ਨੇ ਸਫੀਰ ਤੋਂ ਬਾਦਸ਼ਾਹੀ ਫਰਮਾਨ ਲੈ ਲਿਆ ਤੇ ਬਾਦਸ਼ਾਹੀ ਸਰਦਾਰਾਂ ਤੇ ਪਹਾੜੀ ਰਾਜਿਆਂ ਤੋਂ ਭੀ ਲਿਖਤ ਕਰਵਾ

ਲਈ ਤੇ ਐਹਦ ਨਾਮੇ ਪਰ ਦੋਨੋਂ ਪਾਸਿਓਂ ਦਸਖਤ ਹੋ ਗਏ।

ਇਸ ਫਰਮਾਨ ਸ਼ਾਹੀ ਦਾ ਸ੍ਰੀ ਕਲਗੀਧਰ ਜੀ ਪਾਸ ਮੌਜੂਦ ਹੋਣਾ ਜ਼ਫਰਨਾਮੇ ਵਿਖੇ ਭੀ ਲਿਖਿਆ ਹੈ:-

ਯਥਾ—


"ਤੁਰਾ ਗਰ ਬਿਬਾਯਦ ਕੌਲੇ ਕੁਰਾਂ,
ਬਨਿਜ਼ਦੇ ਸ਼ੁਮਾਰਾ ਰਸਾਨਮ ਹੁਮਾਂ॥" ੫੭

ਹੇ ਔਰੰਗਜ਼ੇਬ! ਜੇ ਤੂੰ ਆਪਣੀ ਕੁਰਾਨ ਦੀ ਸੌਂਹ ਨੂੰ ਦੇਖਣਾ ਚਾਹੁੰਦਾ ਹੈ ਤਾਂ ਮੈਂ ਓਹ ਤੇਰੇ ਪਾਸ ਭੇਜ ਸਕਦਾ ਹਾਂ। ਪਰ ਏਹ ਭੀ ਖੋਜ ਚਲਦੀ ਹੈ ਕਿ ਇਸਤੋਂ ਪਿੱਛੇ ਇਕ ਬਾਰ ਏਹ ਫਰਮਾਨ ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਭੀ ਦਿਖਾਇਆ ਸੀ ਹੁਣ ਇਹ ਦਿਖਾਉਣ ਲਈ ਕਿ ਓਹ ਫਰਮਾਨ ਕਿਸ ਪ੍ਰਕਾਰ ਦੇ ਹੋਂਦੇ ਸਨ, ਕੁਝਕੁ ਉਨਾਂ ਦੀ ਬਾਬਤ ਇਥੇ ਲਿਖਿਆ ਜਾਂਦਾ ਹੈ.

## ਫਰਮਾਨ ਸ਼ਾਹੀ ਦੀ ਹਕੀਕਤ

ਅਜੇਹੇ ਫਰਮਾਨ ਜੋ ਬਾਦਸ਼ਾਹਾਂ, ਰਾਜਿਆਂ ਤੇ ਬੜੇ ਬੜੇ ਲੋਗਾਂ ਦੇ ਨਾਉਂ ਸੁਲਾ ਕਰਨੇ ਯਾ ਹੋਰ ਐਹਦ ਦੀ ਤਸਦੀਕ ਦੇ ਤੌਰ ਪਰ ਬਾਦਸ਼ਾਹ ਵਲੋਂ ਦਿੱਤੇ ਜਾਂਦੇ ਸਨ ਓਹਨਾਂ ਪਰ ਸ਼ਾਹੀ ਮੋਹਰ ਅਤੇ ਸ਼ਾਹੀ ਹਥੇਲੀ ਦਾ ਨਿਸ਼ਾਨ ਹੁੰਦਾ ਸੀ, ਮੋਹਰ ਤਾਂ ਸਦਾ ਸਿਆਹੀ ਨਾਲ ਲਗਦੀ ਸੀ ਪਰ ਹਥੇਲੀ ਕੇਸਰ ਦੇ ਪਾਣੀ ਨਾਲ

ਤਰ ਕਰਕੇ ਲਾਈ ਜਾਂਦੀ ਸੀ. ਮੋਹਰ ਦਾ ਨਮੂਨਾ ਏਹ ਹੈ:-




ਪਰ ਗੁਰੂ ਜੀ ਜੋ ਇਕ ਧਾਰਮਕ ਤੇ ਸੱਚੇ ਪੁਰਸ਼ ਸੇ ਉਨਾਂ ਨੇ ਔਰੰਗਜ਼ੇਬ ਬਾਦਸ਼ਾਹ ਦੀ ਸੌਂਹ ਤੇ ਐਹਦ ਪਰ ਵਿਸਵਾਸ-ਕਰਕੇ ਅਤੇ ਆਪਣੇ ਸਿੱਖਾਂ ਦੀ ਸਲਾਹ ਦੇਣ ਨਾਲ ਆਨੰਦ ਪੁਰ ਨੂੰ ਖਾਲੀ ਕਰਣ ਦਾ ਇਰਾਦਾ ਕਰ ਲਿਆ। ਕਈ ਇਤਹਾਸ-ਕਾਰਾਂ ਨੇ ਲਿਖਿਆ ਹੈ ਕਿ ਗੁਰੂ ਜੀ ਤਾਂ ਕਿਲੇ ਨੂੰ ਖਾਲੀ ਕਰਨਾ ਨਹੀਂ ਚਹੁੰਦੇ ਸੇ ਪਰ ਸਿੱਖਾਂ ਦੇ ਕਹੇ ਤੇ ਖਾਲੀ ਕੀਤਾ, ਚਾਹੇ ਕੁਝ ਹੋਵੇ ਪਰ ਜ਼ਫਰ ਨਾਮੇ ਦੀ ਇਬਾਰਤ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਬਾਦਸ਼ਾਹ ਦੀ ਸੌਂਹ ਦਾ ਵਿਸ੍ਵਾਸ ਕੀਤਾ ਇਸੀ ਕਰਕੇ ਬਾਰ ਬਾਰ ਔਰੰਗਜੇਬ ਨੂੰ ਉਸਦੀ ਆਪਣੀ ਸੌਂਹ ਯਾਦ ਦਲਾਈ ਹੈ ਤੇ ਲਿਖਿਆ ਹੈ ਕਿ ਜੇ ਮੈਂ ਭੀ ਤੇਰੀ ਤਰਾਂ ਝੂਠੀ ਸੌਂਹ ਖਾਂਦਾ ਤਾਂ ਕਦੇ ਪਹਾੜ ਤੋਂ ਹੇਠਾਂ ਨਾ ਉਤਰਦਾ।

ਗੱਲ ਕੀ ਦੋਹਨਾਂ ਪਾਸਿਆਂ ਤੋਂ ਨੇਮ ਧਰਮ ਹੋਗਏ ੭ ਪੋਹ ਸੰ:੧੭੬੧ ਬਿ:ਨੂੰ ਗੁਰੂ ਜੀ ਸਰਬੱਤ ਪਰਵਾਰ ਤੇ ਖਾਲਸੇ ਸਮੇਤ ਆਪਣਾਂ ਅਸਬਾਬ ਲੈ ਅਮ੍ਰਿਤ ਵੇਲੇ ਆਨੰਦ ਪੁਰ ਤੋਂ

ਨਿਕਲ ਤੁਰੇ ਤਾਂ ਬਹੁਤ ਸਾਰੀ ਬਾਦਸ਼ਾਹੀ ਫੌਜ ਤਾਂ ਕਿਲੇ ਅਤੇ ਸ਼ਹਰ ਆਨੰਦਪੁਰ ਨੂੰ ਲੁਟਣ ਲਈ ਜਾਪਈ ਤੇ ਕਿਲੇ ਨੂੰ ਅੱਗ ਲਾ ਤੋੜ ਫੋੜ ਕੇ ਬਰਬਾਦ ਕਰਦਿਤਾ ਤੇ ਬਾਕੀ ਸ਼ਾਹੀ ਅਫਸਰ ਤੇ ਰਾਜੇ ਗੁਰੂ ਜੀ ਪਿਛੇ ਦੌੜ ਪਏ । ਜਦ ਗੁਰੂ ਜੀ ਕੀਰਤ ਪਰ ਲੰਘ ਸੁਰਸਾ ਨਦੀ ਪਾਸ਼ ਆਏ ਤਾਂ ਨਦੀ ਚੜ੍ਹੀ ਹੋਈ ਸੀ, ਇਸ ਕਰਕੇ ਸਭ ਅਸਬਾਬ ਡੋਲੇ ਗੱਡੇ ਆਦਿਕ ਰੁਕ ਗਏ, ਇਸ ਸਮੇਂ ਬਾਦਸ਼ਾਹੀ ਫੌਜ ਭੀ ਨੇੜੇ ਆ ਗਈ ਸਾਹਜ਼ਾਦੇ ਅਜੀਤ ਸਿੰਘ ਨੇ ਫੌਜ ਨੂੰ ਪਿਛੇ ਰੋਕਿਆ ਪਰ ਨਦੀ ਨੇ ਕਿਸੇ ਨੂੰ ਲੰਘਣ ਨਾ ਦਿਤਾ ਅਨੇਕ ਸਿੰਘ ਨਦੀ ਦੇ ਪਾਰ ਕਰਣ ਦੇ ਯਤਨ ਵਿਖੇ ਡੁਬ ਗਏ. ਮਾਈਆਂ ਨੂੰ ਬੜੀ ਮੁਸ਼ਕਿਲ ਨਾਲ ਸਿੱਖਾਂ ਨੇ ਪਾਰ ਕੀਤਾ ਜਿਧਰ ਜਿਸਦਾ ਮੂਹ ਉਠਿਆ ਉਧਰ ਉੱਠ ਤੁਰਿਆ ਬੜੀ ਮਾਤਾ (ਗੁਜਰੀ ਜੀ) ਤੇ ਦੋਵੇਂ ਛੋਟੇ ਸਾਹਿਬਜਾਂਦਿਆਂ ਨੂੰ ਖੱਚਰ ਸਮੇਤ ਜਿਸਪਰ ਕਿ ਕੁਝ ਧਨ ਸੀ ਗੰਗੂ ਰੋਸਇਆ* ਆਪਣੇਪਿੰਡ ਖੇੜੀ ਜੋ ਉੱਥੋਂ ਨੇੜੇ ਹੀ ਸੀ ਲੈਗਿਆ ਤੇ ਆਪਣੀ ਨਿਮਕ ਹਰਾਮੀ ਦੇ ਕਾਰਣ ਮਾਤਾ ਜੀ ਤੇ ਦੋਨੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਤੇ ਫਤੇ ਸਿੰਘ ਜੀ ਨੂੰ ਜਿਨਾਂ ਦੀ ਉਮਰ ੯ ਤੇ ੭ ਬਰਸ ਦੀ ਸੀ, ਨੁਵਾਬ ਜਾਨੀਖਾਂ ਦੀ ਮਾਰਫਤ ਸੂਬੇ ਸਰਹੰਦ ਪਾਸ ਫੜਾ ਦਿਤਾ। ਨੁਵਾਬ ਬਜੀਦ ਖਾਂ ਨੇ ਇਨਾਂ ਤਿੰਨਾਂ ਨੂੰ ਇਕ ਬੁਰਜ ਵਿਖੇ ਕੈਦ ਕਰਨ ਦਾ ਹੁਕਮ ਦਿਤਾ ਜੋ ਹੁਣ "ਮਾਈ ਦਾ ਬੁਰਜ" ਦੇ ਨਾਉਂ ਨਾਲ ਪ੍ਰਸਿੱਧ ਹੈ । ਅਗਲੇ ਦਿਨ ਦੋਨਾਂ ਬੱਚਿਆਂ ਨੂੰ ਆਪਣੇ ਸਾਹਮਣੇ ਕਚੈਹਰੀ ਵਿਖੇ ਬੁਲਾਇਆ ਤੇ ਆਖਿਆ ਕਿ ਲੜਕੋ ! ਕਿਆ ਤੁਹਾਨੂੰ ਪਤਾ ਨਹੀਂ ਹੈ ਕਿ ਤੁਹਾਡੇ ਬਾਪ ਨੇ ਕਿਸ ਕਦਰ ਦੇਸ ਵਿਖੇ ਗਦਰ ਮਚਾ ਰੱਖਿਆ ਹੈ ਅਤੇ ਕਿਸੀ ਬਾਦਸ਼ਾਹ ਅਰ ਹਾਕਮ ਨੂੰ ਨਹੀਂ ਜਾਣਦਾ ਤੇ ਬਾਦਸ਼ਾਹੀ ਲਸ਼ਕਰਾਂ ਦੇ ਟਾਕਰੇ

---

* ਬਧੀਕ ਰੁੱਸੇ ਰੈਹਣ ਕਾਰਨ ਇਸਨੂੰ ਰੋਸਇਆ ਆਖਦੇ ਸਨ, ਗੱਲ ਕੀ ਹਰ ਸਮੇਂ ਸੜਿਆ ਹੀ ਰਹਿੰਦਾ ਸੀ ।

ਕਰਦਾ ਹੈ, ਚਾਹੇ ਉਸਦਾ ਪਿਤਾ ਭੀ ਕਤਲ ਕੱਤਾ ਗਿਆ ਸੀ, ਪਰ ਉਸ ਪਰ ਕੁਝ ਅਸਰ ਨਾ ਹੋਇਆ, ਹੁਣ ਮੈਂ ਤੁਹਾਨੂੰ ਕਤਲ ਕਰਨਾ ਚਾਹੁੰਦਾ ਹਾਂ ਤਾਂਕਿ ਤੁਹਾਡੇ ਬਾਪ ਨੂੰ ਇਬਰਤ ( ਭੈ ) ਹੋਵੇ, ਪਰ ਮੈਨੂੰ ਤੁਹਾਡੀ ਛੋਟੀ ਛੋਟੀ ਉਮਰ ਪਰ ਰਹਿਮ ਆਉਂਦਾ ਹੈ ਇਸ ਲਈ ਮੈਂ ਆਖਦਾ ਹਾਂ ਕਿ ਤੁਸੀ ਮੁਸਲਮਾਨ ਬਣ ਜਾਵੋ ਸੁਖ ਪਾਵੋਗੇ, ਕਿਸੀ ਸ਼ਾਹੀ ਘਰਾਣੇ ਵਿਖੇ ਤੁਮਾਰੀ ਸ਼ਾਦੀ ਹੋ ਜਾਵੇ ਗੀ, ਤੁਸੀ ਅਜੇ ਆਪਣੀ ਉਮਰ ਦਾ ਆਨੰਦ ਨਹੀਂ ਭੋਗਿਆ ਹੈ, ਨਹੀਂ ਤਾਂ ਕਤਲ ਕੀਤੇ ਜਾਵੋਗੇ॥

ਇਸਦਾ ਸਾਹਿਬਜ਼ਾਦਿਆਂ ਨੇ ਏਹ ਉੱਤਰ ਦਿੱਤਾ ਕਿ ਸਾਡੇ ਪਿਤਾ ਆਪਣੇ ਕੰਮ ਦੇ ਆਪ ਜਿੰਮੇਵਾਰ ਹਨ, ਤੁਸੀ ਉਨਾਂ ਨਾਲ ਯੁਧ ਕਰ ਸਕਦੇ ਹੋ, ਜਦੋਂ ਕਿ ਤੁਹਾਡਾ ਉਹਨਾਂ ਪਰ ਕੋਈ ਜ਼ੋਰ ਨਹੀਂ ਚਲਦਾ ਹੁਣ ਸਾਡੀ ਜਾਨ ਲੈਕੇ ਆਪਣਾ ਕ੍ਰੋਧ ਸ਼ਾਂਤ ਕਰਨਾ ਚਾਹੁੰਦੇ ਹੋ। ਅਸੀ ਗੁਰੂ ਗੋਬਿੰਦ ਸਿੰਘ ਜੀ ਦੇ ਪੁਤ੍ਰ ਅਰ ਗੁਰੂ ਤੇਗਬਹਾਦੁਰ ਜੀ ਦੇ ਪੋਤ੍ਰੇ ਹਾਂ ਤੇ ਸਾਡੇ ਵਿਖੇ ਖਾਲਸਈ ਰੁਧਰ ਹੈ, ਧਨ ਦੌਲਤ ਤੇ ਸੰਸਾਰ ਦੇ ਨਾਸੀ ਸੁਖਾਂ ਪਿਛੇ ਅਸੀ ਆਪਣੇ ਖਾਲਸਾ ਧਰਮ ਨੂੰ ਵੱਟਾ ਲਾਉਣਾ ਨਹੀਂ ਚਾਹੁੰਦੇ, ਜੇ ਜਾਨ ਜਾਂਦੀ ਹੈ ਤਾਂ ਜਾਵੇ ਕੋਈ ਪ੍ਰਵਾਹ ਨਹੀਂ ਪਰ ਅਸੀ ਅਕਾਲ ਪੁਰਖ ਦੀ ਆਗਜ਼ਾ ਭੰਗ ਨਹੀਂ ਕਰ ਸਕਦੇ। ਇਸ ਲਈ ਅਸੀ ਸੱਚੇ ਧਰਮ ਨੂੰ ਛਡਕੇ ਤੁਹਾਡਾ ਧਰਮ ਅੰਗੀਕਾਰ ਨਹੀਂ ਕਰ ਸਕਦੇ॥

ਸੂਬਾ ਸਰਹੰਦ ਇਸ ਉੱਤਰ ਤੋਂ ਇਨਸਾਫ ਕਰਨ ਦੀ ਥਾਂ ਬਹੁਤ ਚਿੜਿਆ ਤੇ ਅਤਯੰਤ ਗੁਸੇ ਹੋਕੇ ਉਨਾਂ ਦੇ ਕਤਲ ਦਾ ਹੁਕਮ ਦਿੱਤਾ, ਪਰ ਸਾਰੇ ਪੁਰਸ਼ ਅਨਯਾਈ ਤੇ ਬੇਰਹਿਮ ਨਹੀਂ ਹੁੰਦੇ ਝੱਟ ਨੁਵਾਬ ਸ਼ੇਰ ਮੁਹੰਮਦਖਾਂ ਮਲੇਰ ਕੋਟਲੇ ਵਾਲਾ ਬੋਲ ਉਠਿਆ ਕਿ ਇਨ੍ਹਾਂ ਵਿਚਾਰੇ ਬੱਚਿਆਂ ਦਾ ਕੀ ਦੋਸ ਹੈ, ਕਸੂਰ ਬਾਪ ਦਾ ਤੇ ਜਾਨ ਇਨਾਂ ਦੀ ਲਿੱਤੀ ਜਾਵੇ। ਬਹਾਦਰੀ ਤਾਂ ਇਸ ਵਿਖੇ ਹੈ ਕਿ ਇਨਾਂ ਦੇ ਪਿਤਾ ਨਾਲ ਯੁਧ ਕੀਤਾ ਜਾਵੇ। ਸੰਭਵ ਸੀ ਕਿ ਨੁਵਾਬ ਕੁਝ ਰਹਿਮ ਕਰਦਾ ਪਰ ਪਾਸੋਂ ਦੁਸ਼ਟ ਸੁਚਾ ਨੰਦ ਉਸਦਾ ਦੀਵਾਨ

ਬੋਲ ਉਠਿਆ ਸੱਪਾਂ ਦੇ ਬੱਚੇ ਸੱਪ ਹੁੰਦੇ ਹਨ । ਇਸ ਕਹਿਣੇ ਨੇ ਜ਼ਾਲਮ ਬਜੀਦ ਖਾਂ ਦੇ ਦਿਲ ਪਰ ਬਾਰੂਦ ਦਾ ਅਸਰ ਕੀਤਾ। ਇਸ ਪਿਛੋਂ ਅਨੇਕ ਪ੍ਰਕਾਰ ਦੇ ਸਬਜ਼ ਬਾਗ਼ ਉਨਾਂ ਬੱਚਿਆਂ ਨੂੰ ਦਿਖਾਏ ਤੇ ਕਈ ਪਰਕਾਰ ਦੇ ਕਸ਼ਟ ਦਿਤੇ ਤੇ ਉੱਤਰ ਪ੍ਰਸ਼ਨ ਕੀਤੇ ਜੋ ਇਤਿਹਾਸਾਂ ਵਿਖੇ ਦਰਜ ਹਨ ਇਥੇ ਲਿਖਨ ਦੀ ਲੋੜ ਨਹੀਂ। ਪਰ ਓਹ ਗੁਰਦੁਲਾਰੇ ਆਪਣੇ ਧਰਮ ਪਰ ਦ੍ਰਿੜ ਰਹੇ ਤੇ ਏਹ ਉੱਤ੍ਰ ਦਿਤਾ ਕਿ ਹੇ ਨੁਵਾਬ ! ਸਾਡੇ ਦੋ ਯਾ ਚਾਰ ਦੇ ਮਾਰਨ ਨਾਲ ਸਾਡਾ ਭਾਈ ਖਾਲਸਾ ਨਹੀਂ ਮਰਸਕਦਾਹੈ ਇਕ ਦਿਨ ਆਵੇਗਾ ਕਿ ਸਾਡਾ ਬਦਲਾ ਸਾਡੇ ਭਾਈ ਤੈਥੋਂ ਲੈਣਗੇ ਤੂੰ ਸਾਨੂੰ ਮੌਤ ਤੋਂ ਨਾ ਡਰਾ ਜੋ ਕੁਝ ਤੇਰੇ ਜੀ ਵਿਖੇ ਹੈ ਕਰ ਗੁਜ਼ਰ।

ਅੰਤ ਨੂੰ ਜ਼ਾਲਿਮ ਦੁਸ਼ਟ ਬੇ ਰਹਿਮ ਸੂਬੇ ਨੇ ਓਹਨਾਂ ਬੱਚਿਆਂ ਨੂੰ ਕੰਧ ਵਿਖੇ ਚਿਨਣ ਦਾ ਹੁਕਮ ਦਿਤਾ ਤੇ ਦੋਨੋਂ ਬੇਦੋਸ਼ ਮਾਸੂਮ ਭਾਈ ਕੰਧਾਂ ਦੀਆਂ ਨੀਉਆਂ ਵਿਖੇ ਸਦਾ ਲਈ ਚਿਣੇ ਗਏ ਤੇ ਖਾਲਸਾ ਕੌਮ ਦੀ ਨੀਉਂ ਦਾ ਬੁਨਿਆਦੀ ਪਥਰ ਹੋਗਏ। ਜਦੋਂ ਇਨ੍ਹਾਂ ਦੀ ਦਾਦੀ ਜੀ ਨੇ ਏਹ ਸ਼ੋਕਮਈ ਸਮਾਚਾਰ ਸੁਣਿਆਂ ਤਾਂ ਉਨਾਂ ਨੇ ਭੀ ਆਪਣੇ ਪ੍ਰਾਣ ਤਿਆਗ ਦਿਤੇ ।

ਹੁਣ ਦੂਜੇ ਪਾਸੇ ਦਾ ਹਾਲ ਸੁਣੋਂ ਕਿ ਗੁਰੂ ਸਾਹਿਬ ਦੋਨੋਂ ਵੱਡੇ ਸ਼ਾਹਿਬਜ਼ਾਦੇ ਤੇ ਭਾਈ ਦਯਾ ਸਿੰਘ ਆਦਿਕ ਕੋਈ ਸੌ ਸਵਾ ਸੌ ਸਿੰਘਾਂ ਦੇ ਨਾਲ ਵੈਰੀ ਦੀ ਸੈਨਾਂ ਨਾਲ ਲੜਦੇ ਹੋਏ ਨਦੀ ਤੋਂ ਪਾਰ ਹੋਏ। ਜਦ ਰੋਪੜ ਵਲ ਆਏ ਤਾਂ ਏਥੇ ਦੇ ਪਠਾਣਾਂ ਨੇ ਉਨਾਂ ਨੂੰ ਫੜਨਾ ਚਾਹਿਆ ਤੇ ਪਿਛੋਂ ਬਾਦਸ਼ਾਹੀ ਫੌਜ ਭੀ ਨਦੀ ਪਾਰ ਕਰ ਆ ਪੌਹਚੀ, ਭਾਈ ਉਦੇ ਸਿੰਘ ਨੇ ਕੁਝ ਸਿੰਘਾਂ ਨਾਲ ਰਸਤਾ ਰੋਕਿਆ ਤੇ ਇਕ ਪਹਰ ਤਕ ਘਮਸਾਣ ਦੀ ਲੜਾਈ ਕੀਤੀ ਤੇ ਅੰਤ ਨੂੰ ਉਦੇਸਿੰਘ ਸਿੰਘਾਂ ਸਮੇਤ ਸ਼ਹੀਦ ਹੋਗਿਆ। ਤੇ ਗੁਰੂਜੀ ੪੦ ਸਿੰਘਾਂ ਤੇ ਦੋਨੋਂ ਬੜੇ ਸਾਹਿਬ ਜਾਦਿਆਂ ਨਾਲ ਚਮਕੌਰ ਦੇ ਕੱਚੇ ਕਿਲੇ ਵਿਖੇ ਦਾਖਲ ਹੋ ਗਏ ਇਤਨੇ ਨੂੰ ਪਿਛੋਂ ਸ਼ਾਹੀ ਫੌਜ ਭੀ ਪਹੁੰਚ ਗਈ ਤੇ ਸਿੰਘਾਂ ਪਰ ਤੀਰ ਤੇ ਗੋਲੀਆਂ ਬਰਸਾਉਣੀਆਂ

ਸ਼ੁਰੂ ਕਰ ਦਿਤੀਆਂ ॥

ਠੌਰ ਠੌਰ ਧਰ ਮੋਰਚੇ ਉਪਰ ਤੋਪ ਚੜ੍ਹਾਇ।
ਰਚਿਓ ਜੁੱਧ ਤਾਹੀ ਸਮੇਂ ਦਈ ਪਲੀਤੀ ਲਾਇ॥
ਚਹੂੰ ਓਰ ਸਬ ਦਲ ਖਰੇ ਬੀਚ ਸਿੰਘ ਗੋਬਿੰਦ।
ਤਾਹਿੰ ਸਮੇ ਛਬ ਯੌ ਕਹਜੋ ਜਿਉਂ ਤਾਰਨ ਮੇਂ ਚੰਦ ॥
ਗਿਰਦ ਆਨ ਸਭ ਦਲ ਖਰੇ ਖੇਤ ਬਾਰ ਜਿਓਂ ਹੋਇ।
ਤਿਹ ਸਮਾਨ ਘੇਰਾ ਪਰੇ ਚਹੁ ਦਿਸ ਰਾਹ ਨ ਕੋਇ॥

(ਗੁਰ ਸੋਭਾ ਗ੍ਰੰਥ)

ਪਰ ਜਦ ਗੁਰੂ ਜੀ ਨੇ ਭਲੀ ਭਾਂਤ ਵੇਖ ਲਿਆ ਕਿ ਬਾਦਸ਼ਾਹੀ ਅਫਸਰਾਂ ਤੇ ਸਰਦਾਰਾਂ ਨੇ ਆਪਣਾ ਐਹਦ ਤੋੜ ਦਿਤਾ ਹੈ ਤਾਂ ਇਨਾਂ ਨੇ ਭੀ ਖਾਲਸੇ ਨੂੰ ਤੀਰਾਂ ਤੇ ਬੰਦੂਕਾਂ ਦੇ ਚਲਾਉਣ ਦੀ ਆਗਜਾ ਦੇ ਦਿਤੀ, ਸਾਰੀ ਰਾਤ ਦੋਨਾਂ ਪਾਸਿਓਂ ਗੋਲੀਆਂ ਤੇ ਤੀਰ ਬਰਸਦੇ ਰਹੇ ਪਰ ਕਿਸੇ ਦਾ ਇਹ ਹੌਸਲਾ ਨਾ ਪਿਆ ਕਿ ਕਿਲੇ ਦੇ ਅੰਦਰ ਵੜਕੇ ਗੁਰੂ ਜੀ ਨੂੰ ਫੜਦਾ, ਦਿਨ ਚੜ੍ਹਿਆ ਫੇਰ ਯੁੱਧ ਸ਼ੁਰੂ ਹੋਗਿਆ ਤੀਰ ਤੇ ਗੋਲੀਆਂ ਮੁਕਣ ਤੋਂ ਏਹ ਤਜਵੀਜ਼ ਹੋਈ ਕਿ ਇਕ ੨ ਸਿੰਘ ਨੂੰ ਮੈਦਾਨ ਵਿਖੇ ਲੜਨ ਲਈ ਭੇਜਿਆ ਜਾਵੇ। ਇਸ ਪ੍ਰਕਾਰ ਇਕ ੨ ਸਿੰਘ ਲੜਨ ਲਈ ਬਾਹਰ ਜਾਂਦਾ ਤੇ ਕਈਆਂ ਦਾ ਕੰਮ ਕਰਕੇ ਅੰਤ ਨੂੰ ਸ਼ਹੀਦ ਹੋ ਜਾਂਦਾ। ਇਸ ਯੁੱਧ ਦੇ ਸੰਪੂਰਨ ਹਾਲ ਲਿਖਣੇ ਦੀ ਕੋਈ ਲੋੜ ਨਹੀਂ, ਕਿਉਂ ਜੋ ਇਸ ਦਾ ਬਰਨਣ ਗੁਰੂ ਜੀ ਨੇ ਖੁਦ ਜ਼ਫਰ ਨਾਮੇਂ ਵਿਖੇ ਲਿਖਿਆ ਹੈ ਜਿਸ ਨੂੰ ਪੜ੍ਹਨ ਵਾਲੇ ਪ੍ਰੇਮੀ ਖੁਦ ਹੀ ਦੇਖ ਲੈਣਗੇ. ਅੰਤ ਨੂੰ ਦੋਨੋਂ ਬਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ, ਜੁਝਾਰ ਸਿਘ ਜੀ ਭੀ ਸ਼ਹੀਦ ਹੋ ਗਏ, ਤੇ ਉਧਰੋਂ ਨਾਹਰ ਖਾਂ ਮਲੇਰੀ, ਮੁਹੰਮਦ ਖਾਂ ਭਗਵਾੜੀ, ਦਿਲਾਵਰ ਖਾਂ ਕਸੂਰੀ, ਸਮੰਦ ਖਾਂ ਲਹੌਰੀ ਮਾਰੇ ਗਏ, ਤੇ ਜਦ ਗੁਰੂ ਜੀ ਨਾਲ ਕੇਵਲ ਅੱਠ ਦਸ ਸਿੰਘ ਹੀ ਰਹਿ ਗਏ ਤਾਂ ਸਿੰਘਾਂ ਨੇ ਗੁਰੂ ਜੀ ਨੂੰ ਇਥੋਂ ਚਲੇ ਜਾਣ ਦੀ ਪ੍ਰਾਰਥਨਾ ਕੀਤੀ

ਤੇ ਆਖਿਆ ਕਿ ਆਪ ਨੇ ਅਜੇ ਬਹੁਤ ਕੰਮ ਕਰਨੇ ਹਨ ਅਤੇ ਦੂਜੇ ਜੇ ਆਪ ਇਥੇ ਸ਼ਹੀਦ ਹੋ ਗਏ ਤਾਂ ਤੁਰਕ ਫੁੱਲੇ ਨਹੀਂ ਸਮਾਉਣਗੇ॥

ਗੁਰੂ ਜੀ ਨੇ ਉਨਾਂ ਦੀ ਪ੍ਰਾਰਥਨਾ ਮੰਨ 'ਖਾਲਸਾ ਬੀਰ ਭਾਈ ਸੰਤ ਸਿੰਘ ਨੂੰ ਆਪਣੀ ਸਾਰੀ ਪੁਸ਼ਾਕ ਪਹਿਨਾ, ਚਾਰ ਸਿੰਘਾਂ ਨਾਲ ਕਿਲੇ ਵਿਖੇ ਛਡਿਆ ਕਿ ਨਗਾਰਾ ਬਜਾਉਂਦੇ ਹੋਏ ਤੀਰ ਬੰਦੂਕਾਂ ਚਲਾਉਂਦੇ ਰਹਿਣ ਤੇ ਆਪ ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਨੂੰ ਸਾਥ ਲੈ ਬਾਦਸ਼ਾਹੀ ਲਸ਼ਕਰ ਵਿਚੋਂ ਦੀ ਏਹ ਜੋਰ ਦੀ ਕਹਿੰਦੇ ਹੋਏ ਕਿ "ਸਿੱਖਾਂ ਦਾ ਗੁਰੂ ਜਾ ਰਿਹਾ ਹੈ, ਸਿੱਖਾਂ ਦਾ ਗੁਰੂ ਜਾ ਰਿਹਾ ਹੈ" ਪਧਾਰ ਗਏ ॥

ਰਾਤ ਬਹੁਤ ਅੰਧੇਰੀ ਤੇ ਸਰਦ ਸੀ ਤੇ ਕਿਲੇ ਵਾਲੇ ਸਿੰਘ ਬਰਾਬਰ ਨਗਾਰਾ ਬਜਾਉਂਦੇ ਤੇ ਗੋਲੀਆਂ ਅਤੇ ਤੀਰ ਬਰਸਾਉਂਦੇ ਰਹੇ। ਇਸ ਸਮੇਂ ਦੁਸ਼ਮਨ ਇਕ ਘਬਰਾਹਟ ਵਿਚ ਪੈਗਿਆ ਜੋ ਪਿੱਛੇ ਦੌੜੇ ਓਹ ਅੰਧੇਰੇ ਦੇ ਕਾਰਨ ਆਪਸ ਵਿਖੇ ਕਟ ਮਰੇ. ਵਾਹਿਗੁਰੂ ਦੀ ਸਹਾਇਤਾ ਨਾਲ ਗੁਰੂ ਜੀ ਦੂਰ ਨਿਕਲ ਗਏ ਤੇ ਉਨਾਂ ਪਿਛੇ ਕੋਈ ਨਾ ਪਹੁੰਚ ਸਕਿਆ, ਗੁਰੂ ਜੀ ਸਾਰੀ ਰਾਤ ਪੈਦਲ ਚਲਦੇ ਰਹੇ, ਸਵੇਰ ਨੂੰ ਖੇੜੀ ਪਹੁਚੇ ਤੇ ਅਗਲਾ ਸਾਰਾ ਦਿਨ ਜੰਗਲ ਵਿਖੇ ਬਤੀਤ ਕੀਤਾ ਤੇ ਰਾਤ ਨੂੰ ਫੇਰ ਤੁਰ ਪਏ ਤੇ ਮਾਛੀ ਵਾੜੇ ਪਹੁੰਚਕੇ ਅਰਾਮ ਕਰਨ ਲਈ ਇਕ ਬਾਗ ਵਿਖੇ ਲੇਟ ਗਏ, ਸਵੇਰ ਨੂੰ ਜਦ ਉਸ ਬਾਗ ਦੇ ਮਾਲਿਕ ਗਨੀ ਖਾਂ ਤੇ ਨਬੀ ਖਾਂ ਜਿਨਾਂ ਤੋਂ ਕਿ ਗੁਰੂ ਜੀ ਘੋੜੇ ਖਰੀਦਿਆ ਕਰਦੇ ਸਨ, ਸੈਰ ਕਰਨ ਆਏ ਤਾਂ ਓਹ ਗੁਰੂ ਜੀ ਨੂੰ ਓਥੇ ਇਸ ਦਸ਼ਾ ਵਿਖੇ ਦੇਖਕੇ ਬੜੇ ਹੈਰਾਨ ਹੋਏ ਤੇ ਸਾਰਾ ਸਮਾਚਾਰ ਪੁਛਣ ਪਿਛੋਂ ਕਿਹਾ ਕਿ ਅਸੀਂ ਆਪਦੀ ਸੇਵਾ ਕਰਨ ਨੂੰ ਸਭ ਪ੍ਰਕਾਰ ਹਾਜ਼ਰ ਹਾਂ ਤੇ ਇਥੇ ਭਾਈ ਦਯਾ ਸਿੰਘ ਧਰਮ ਸਿੰਘ ਤੇ ਮਾਨ ਸਿੰਘ ਭੀ ਪੌਂਹਚ ਗਏ ਅਤੇ ਰਾਤ ਨੂੰ ਮਾਛੀ ਵਾੜੇ ਹੀ ਅਰਾਮ ਕੀਤਾ। ਅਗਲੇ ਭਲਕ ਗੁਰੂ ਜੀ ਨੇ ਇਹ ਹਿਕਮਤ ਕੀਤੀ ਕਿ ਹਾਜੀ ਪੀਰਾਂ ਦਾ ਭੇਸ ਧਾਰ ਕੇ ਆਪਣੇ ਸਾਥੀ ਸਿੰਘਾਂ ਨੂੰ ਭੀ ਮੁਸਲਮਾਨੀ ਭੇਸ ਧਾਰਨ ਕਰਾ

ਦਿਤਾ। ਗਨੀ ਖਾਂ, ਨਬੀ ਖਾਂ, ਮਾਨਸਿੰਘ ਤੇ ਧਰਮ ਸਿੰਘ ਨੇ ਚਾਰ ਪਾਈ ਚੁਕੀ ਤੇ ਦਯਾਸਿੰਘ ਚੌਰ ਕਰਣ ਲਗਾ ਤੇ ਮਾਲਵੇ ਦੇਸ ਵਲ ਚਲ ਪਏ, (ਕਿਉਂ ਜੋ ਉਸ ਸਮੇਂ ਮੁਸਲਮਾਨ ਪੀਰ ਇਸੀ ਪਰਕਾਰ ਦੇਸ਼ ਵਿਖੇ ਫਿਰਿਆ ਕਰਦੇ ਸਨ) ਜੋ ਕੋਈ ਪੁਛਦਾ ਤਾਂ ਨਬੀ ਖਾਂ ਆਖਦਾ ਏਹ ਉੱਚ ਦੇ ਪੀਰ ਹਨ. ਪਰ ਜਦ ਮਾਲਵੇ ਵਿਖੇ ਪੌਂਹਚ ਗਏ ਅਰ ਫੇਰ ਪਹਿਲੇ ਦੀ ਭਾਂਤ ਸਿਖ ਸੇਵਕ ਕੱਠੇ ਹੋ ਗਏ ਤਾਂ ਗਨੀ ਖਾਂ ਅਰ ਨਬੀ ਖਾਂ ਨੂੰ ਉਨਾਂ ਦੀ ਸੇਵਾ ਕਰਨ ਬਦਲੇ ਇਕ ਹੁਕਮ ਨਾਮਾ ਲਿਖਕੇ ਦਿਤਾ (ਜੋ ਹੁਣ ਤਕ ਉਨਾਂ ਦੀ ਉਲਾਦ ਦੇ ਪਾਸ ਹੈ) ਤੇ ਉਨਾਂ ਨੂੰ ਬਹੁਤ ਸਾਰਾ ਇਨਾਮ ਦੇਕੇ ਮੋੜਿਆ ਅਰ ਆਪ ਚਲਦੇ ੨ ਦੀਨੇਂ ਪਿੰਡ ਆਏ ਰਸਤੇ ਵਿਖੇ ਦੋਨੋਂ ਛੋਟੇ ਸਾਹਿਬ ਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮਿਲੀ, ਗੁਰੂ ਜੀ ਨੇ ਆਖਿਆ ਜੋ ਵਾਹਿਗੁਰੂ ਦੀ ਆਗਜਾ ਹੈ ਓਹ ਪੂਰੀ ਹੋਂਦੀ ਹੈ,ਪਰ ਇਕ ਦਿਨ ਆਵੇਗਾ ਕਿ ਖਾਲਸਾ ਸੁਰਹੰਦ ਦੀ ਇਟ ਨਾਲ ਇਟ ਬਜਾਵੇਗਾ।

ਗੁਰੂ ਜੀ ਦੀਨੇਂ ੯ ਮਹੀਨੇ ਠਹਿਰੇ ਤਾਂ ਫਾਰਸੀ ਕਵਿਤਾ ਵਿਖੇ ਔਰੰਗਜ਼ੇਬ ਵੱਲ ਏਹ ਚਿਠੀ ਲਿਖੀ ਜੋ **ਜ਼ਫ਼ਰ ਨਾਮਹ** ਕਹਾਉਂਦੀ ਹੈ, ਤੇ ਜਿਸਦਾ ਟੀਕਾ ਪੰਜਾਬੀ ਵਿਖੇ ਆਪਦੇ ਪੇਸ਼ ਕੀਤਾ ਜਾਂਦਾ ਹੈ। ਇਹ ਚਿੱਠੀ ਭਾਈ ਦਯਾ ਸਿੰਘ ਪਿਆਰੇ ਨੂੰ ਦੇਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਆਲਮਗੀਰ ਬਾਦਸ਼ਾਹ ਦਿੱਲੀ ਵਲ ਜੋ ਉਸ ਵੇਲੇ ਮਰਹਟਿਆਂ ਨਾਲ ਦਖਣ ਵਿਖੇ ਲੜ ਰਹਿਆ ਸੀ ਭੇਜਿਆ ਜਿਸ ਦਾ ਬਰਨਣ ਅੱਗੇ ਜਾਕੇ ਕੀਤਾ ਜਾਵੇਗਾ। ਇਸ ਜਗਾ ਮੈਂ ਏਹ ਦਸਣਾ ਭੀ ਚਾਹੁੰਦਾ ਹਾਂ ਕਿ ਅਜ ਕਲ ਜ਼ਫਰ ਨਾਮੇ ਨਾਲ ੧੧ ਹਕਾਇਤਾਂ (ਕਹਾਣੀਆਂ) ਫਾਰਸੀ ਵਿਖੇ ਹੋਰ ਲਿਖੀਆਂ ਹੋਈਆਂ ਹਨ ਤੇ ਕਈ ਗਜਾਨੀਆਂ ਦਾ ਖਿਆਲ ਹੈ ਕਿ ਏਹ ਸਾਰੀਆਂ ਹਕਾਇਤਾਂ ਬਾਦਸ਼ਾਹ ਪਾਸ ਭੇਜੀਆਂ ਗਈਆਂ ਹਨ, ਪਰ ਅਸਲ ਵਿਖੇ ਇਨਾਂ ਕਹਾਣੀਆਂ ਦ

ਜ਼ਫਰ ਨਾਮੇ ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾਹੀਂ ਕੋਈ ਪਰਸੰਗ ਮਿਲਦਾ ਹੈ ਕੇਵਲ ਪ੍ਰੇਮੀ ਸਿੰਘ ਨੇ ਫ਼ਾਰਸੀ ਦੀ ਕਵਤਾ ਨੂੰ ਇਕ ਜਗਾ ਕੱਠਾ ਕਰਕੇ ਲਿਖ ਦਿੱਤਾ ਹੈ, ਅਜਿਹਾ ਹੋ ਨਹੀਂ ਸਕਦਾ ਕਿ ਗੁਰੂ ਜੀ ਜੇਹੇ ਵਿਦ੍ਵਾਨ ਮਹਾਤਮਾ ਪੁਰਸ਼ ਔਰੰਗਜ਼ੇਬ ਜੇਹੇ ਸ਼ਹਨਸ਼ਾਹ ਵੱਲ ਅਪ੍ਰਸੰਗਕ ਕਹਾਣੀਆਂ ਲਿਖਕੇ ਭੇਜਣ ਜਿਸਤੋਂ ਸਾਫ ਸਿਧ ਹੈ ਕਿ ਬਾਕੀ ੧੧ ਹਕਾਯਤਾਂ ਬਾਦਸ਼ਾਹ ਪਾਸ ਨਹੀਂ ਭੇਜੀਆਂ ਗਈਆਂ ਹਨ, ਇਸੀ ਲਈ ਮੈਨੇ ਭੀ ਉਨਾਂ ਨੂੰ ਜ਼ਫਰ ਨਾਮੇ ਦਾ ਅੰਗ (ਹਿਸਾ) ਨਾ ਮੰਨਕੇ ਉਨਾਂ ਦੇ ਟੀਕਾ ਕਰਣ ਦਾ ਯਤਨ ਨਹੀਂ ਕੀਤਾ ਹੈ ॥

ਭਾਈ ਦਯਾ ਸਿੰਘ ਜੀ ਐਹਦੀਏ ਦਾ ਭੇਸ ਧਾਰਨ ਕਰਕੇ ਤੇ ਜ਼ਫਰ ਨਾਮੇ ਨੂੰ ਸਿਰ ਪਰ ਧਰ ਕੇ ਬਾਦਸ਼ਾਹ ਵੱਲ ਤੁਰ ਪਏ ਤੇ ਰਸਤੇ ਵਿਖੇ ਪਿੰਡ ੨ ਤੋਂ ਬਗਾਰੀ ਲੈਂਦੇ ਗਏ, ਪਹਿਲਾਂ ਦਿੱਲੀ ਪੌਂਹਚੇ ਤੇ ਉਥੋਂ ਦੇ ਸਿੰਘਾਂ ਨੂੰ ਗੁਰੂ ਜੀ ਦਾ ਹੁਕਮ ਦਸਯਾ ਤੇ ਕੁਝ ਖਰਚ ਅਤੇ ਸਿੱਖ ਜੋ ਭੇਤੀ ਸੇ ਆਪਣੇ ਨਾਲ ਲੀਤੇ ਤੇ ਆਗਰੇ ਹੋਕੇ ਦਰਯਾ ਚੰਬਲ ਨੂੰ ਲੰਘ ਗਵਾਲੀਅਰ ਪੌਂਹਚੇ, ਨਰਵਰ ਤੇ ਕਾਲੇਬਾਗ਼ ਹੁੰਦੇ ਹੋਏ ਉਜੈਨ ਆਏ, ਦਰਯਾ ਨਰਬਦਾ ਨੂੰ ਲੰਘ ਕੇ ਸ਼ੇਰ ਗੜ੍ਹ ਵਿਚ ਦੀ ਬੁਰਹਾਨ ਪੁਰ ਪੁੱਜੇ, ਇਥੋਂ ਪਤਾ ਲਗਾ ਕਿ ਬਾਦਸ਼ਾਹ ਔਰੰਗਾਬਾਦ ਹੈ, ਜਦ ਔਰੰਗਾਬਾਦ ਗਏ ਤਾਂ ਬਾਦਸ਼ਾਹ ਅਹਿਮਦਾਬਾਦਨੂੰ ਰਵਾਨਾਂ ਹੋਗਿਆ ਸੀ. ਇਸਲਈ ਭਾਈ ਦਯਾ ਸਿੰਘ ਜੀ ਅਹਿਮਦਾ ਬਾਦ ਪੌਂਹਚੇ। ਇਥੇ ਜਾਕੇ ਪਤਾ ਲਿਆ ਕਿ ਕਿਆ ਕੋਈ ਸਿੰਘ ਬਾਦਸ਼ਾਹੀ ਲਸ਼ਕਰ ਯਾ ਸ਼ਹਰ ਵਿਖੇ ਹੈ ? ਤਾਂ ਲੋਗਾਂ ਨੇ ਜੇਠਾ ਸਿੰਘ ਦਸਿਆ ਜਿਸ ਨੂੰ ਆਦਮੀ ਭੇਜਕੇ ਭਾਈ ਦਯਾ ਸਿੰਘ ਜੀ ਨੇ ਆਪਣੇ ਪਾਸ ਬੁਲਾਇਆ ਓਹ ਭਾਈ ਸਾਹਿਬ ਨੂੰ ਮਿਲਕੇ ਬੜਾ ਆਨੰਦ ਹੋਇਆ ਤੇ ਗੁਰੂ ਜੀ ਦਾ ਸਭ ਸਮਾਚਾਰ ਪੁਛਿਆ ਤੇ ਆਪਣੇ ਪਾਸ ਡੇਰਾ ਕਰਾਇਆ ਤੇ ਸਰਬੱਤ ਖਾਲਸੇ ਦਾ ਉਥੇ ਧਰਮਸਾਲਾ ਵਿਖੇ ਜੋੜ ਮੇਲ ਹੋਇਆ ਪਰ ਬਾਦਸ਼ਾਹ ਦੇ ਪਾਸ ਪੌਂਹਚਣ ਦੀ ਕੋਈ ਜੁਗਤ ਨਾ ਬਣੀ, ਜਿਸ

ਕਰਕੇ ਭਾਈ ਦਯਾ ਸਿੰਘ ਜੀ ਨੂੰ ਇੱਥੇ ਕਿਤਨੇ ਹੀ ਦਿਨ ਲਗ ਗਏ ਤੇ ਅੰਤ ਨੂੰ ਜਦ ਕੋਈ ਉਪਾਉ ਨਾ ਹੋਇਆ ਤਾਂ ਇਕ ਦਿਨ ਇਕ ਸਿਖ ਨੇ ਕਿਸੀ ਪ੍ਰਕਾਰ ਤਜਵੀਜ਼ ਕਰਕੇ ਇਕ ਪਰਚਾ ਬਾਦਸ਼ਾਹ ਦੇ ਸੌਣ ਦੇ ਪਲੰਘ ਪਰ ਗਿਰਵਾ ਦਿਤਾ ਜਿਸ ਵਿਚ ਲਿਖਿਆ ਹੋਇਆ ਸੀ ਕਿ "ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਦਯਾ ਸਿੰਘ ਆਪ ਪਾਸ ਹੁਕਮ ਨਾਮਾ ਲੈਕੇ ਆਯਾ ਹੈ ਤੇ ਓਹ ਆਪਨੂੰ ਮਿਲਣਾ ਚਾਹੁੰਦਾ ਹੈ, ਸਭ ਹਾਲ ਜ਼ਬਾਨੀ ਦਸੇਗਾ, ਆਪ ਉਸ ਨੂੰ ਆਦਮੀ ਭੇਜ ਕੇ ਬੁਲਾ ਲਓ।"

ਬਾਦਸ਼ਾਹ ਨੇ ਇਹ ਚਿਠੀ ਪੜ੍ਹ ਆਦਮੀ ਭੇਜ ਭਾਈ ਦਯਾ ਸਿੰਘ ਨੂੰ ਆਪਣੇ ਪਾਸ ਬੁਲਾ ਲਿਆ, ਜਦ ਸਿੰਘ ਜੀ ਦਰਬਾਰ ਵਿਖੇ ਆਏ ਤਾਂ ਸਲਾਮ ਯਾ ( ਕੌਰਨਸ ) ਝੁਕਣਦੇ ਥਾਓਂ ਗਜ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ" ਗੁਜਾਈ, ਜਿਸ ਨੂੰ ਸੁਣ ਤੇ ਅਕਾਲੀ ਬਾਣਾ ਦੇਖ ਬਾਦਸ਼ਾਹ ਬਹੁਤ ਅਸਚਰਜ ਹੋਇਆ ਅਤੇ ਪੁਛਿਆ, ਕਿਆ ਖਾਲਸਾ ਪ੍ਰਗਟ ਹੋ ਗਿਆ ਹੈ? ਸਿੰਘ ਜੀ ਨੇ ਆਖਿਆ "ਹਾਂ ਅਤੇ ਆਪ ਨੂੰ ਮੁਬਾਰਿਕ ਹੋਵੇ" ਚਾਹੇ ਬਾਦਸ਼ਾਹ ਬੀਮਾਰ ਤੇ ਬੁਢਾਪੇ ਦਾ ਮਾਰਿਆ ਹੋਇਆ ਸੀ ਪਰ ਫੇਰ ਭੀ ਮਾਮੂਲੀ ਬਾਤ ਚੀਤ ਪਿਛੋਂ ਜ਼ਫਰ ਨਾਮਾ ਸੁਣਨਾ ਸ਼ੁਰੂ ਕੀਤਾ ॥

(ਨੋਟ) ਇਸ ਥਾਉਂ ਏਹ ਅਵਸ਼ਕ ਮਾਲੂਮ ਹੁੰਦਾ ਹੈ ਕਿ ਇਸ ਮੇਰੀ ਲਿਖਤ ਨੂੰ ਪੜ੍ਹਨ ਵਾਲੇ ਜੋ ਇਤਿਹਾਸ ਤੋਂ ਅਨਜਾਣ ਹਨ, ਆਪਣੇ ਦਿਲ ਵਿਖੇ ਖਿਆਲ ਕਰਨਗੇ ਕਿ ਇਹ ਕਦੇ ਨਹੀ ਹੋ ਸਕਦਾ ਕਿ ਇਕ ਅਜੇਹਾ ਸ਼ਖ਼ਸ ਜੋ ਸਾਰੇ ਹਿੰਦੁਸਤਾਨ ਦਾ ਬਾਦਸ਼ਾਹ ਹੋਵੇ ਆਪਣੀ ਲਿਖਤ (ਫਰਮਾਨ) ਤੋਂ ਫਿਰ ਜਾਵੇ ਇਸ ਵਿਖੇ ਜਰੂਰ ਸਿੰਘਾਂ ਵਲੋਂ ਹੀ ਕੋਈ ਗਲਤੀ ਹੋਈ ਹੋਣੀ ਹੈ, ਕਿਉਂ ਜੋ ਕਮਜ਼ੋਰ ਹੀ ਅਜੇਹੇ ਛਲ ਬਲ ਕਰਿਆ ਕਰਦੇ ਹਨ, ਇਸਲਈ ਮੈਂ ਇਕ ਮਸ਼ਹੂਰ ਇਤਿਹਾਸ ਕਰਤਾ 'ਮਿਸਟਰ ਨਿਕੋਲਸ ਮਨੋਚੀ' ਦਾ ਹਵਾਲਾ ਦਿੰਦਾ ਹਾਂ ਜਿਸ ਨੇ ਕਿ ਆਪਣੇ ਅਖੀਂ ਵੇਖਿਆ

ਔਰੰਗ ਜ਼ੇਬ ਦਾ ਹਾਲ ਲਿਖਿਆਹੈ, ਦੇਖੋ ਸੂਰੀਆ ਡੋਮੋਗਰ ਭਾਗ ਤੀਸਰਾ।"ਸ਼ਾਹੀ ਫਰਮਾਨ ਜੋ ਬਾਦਸ਼ਾਹ ਔਰੰਗਜ਼ੇਬ ਵਲੋਂ ਜਾਰੀ ਹੁੰਦਾ ਹੈ ਤੇ ਬਾਦਸ਼ਾਹ ਉਸ ਦੀ ਤਸਦੀਕ ਭੀ ਕਰਦਿੰਦਾ ਹੈ ਪਰ ਕਈ ਬਾਰ ਦੇਖਿਆ ਗਿਆ ਹੈ ਕਿ ਉਸ ਨੂੰ ਆਪਣੇ ਸ਼ਬਦਾਂ ਦੇ ਉਲਟੇ ਅਰਥ ਕਰਨੇ ਤੇ ਆਪਣੇ ਹੀ ਫਰਮਾਨ ਪਰ ਮਖੌਲ ਕਰਨ ਤੋਂ ਜਰਾ ਭਰ ਬੀ ਦੇਰ ਨਹੀਂ ਹੁੰਦੀ,ਉਦਾਹਰਣ ਦੇ ਤੌਰ ਪਰ ਔਰੰ-ਗਜ਼ੇਬ ਨੇ ਅਲੀਮਰਦਾਨ ਦਾ ਕੋਈ ਕਸੂਰ ਨਾ ਦੇਖਕੇ ਨਕੋਦਰ ਗਾਂਉਂ ਉਸ ਤੋਂ ਖੋਹ ਲਿਆ ਇਸੀ ਪ੍ਰਕਾਰ ਉਸਨੇ ਰਾਜਾ ਜੈ ਸਿੰਘ ਨਾਲ ਕੀਤਾ ਤੇ ਇਸੀਤਰਾਂ ਸੇਵਾ ਜੀ ਨਾਲ ਹਿੰਦੂ ਬਾਦਸ਼ਾਹ ਰਾਣਾ ਅਤੇ ਹੋਰ ਕਈ ਜਿਨ੍ਹਾਂ ਦਾ ਮੈਂ ਨਾਉਂ ਨਹੀਂ ਲੈਂਦਾ ਇਸੀ ਭਾਂਤ ਦੀ ਦਗ਼ਾਬਾਜ਼ੀ ਦਾ ਸ਼ਿਕਾਰ ਹੋਏ"।

ਡਾਕਟਰ ਬਰਨਰ ਨੇ ਭੀ ਔਰੰਗਜ਼ੇਬ ਦੇ ਵੇਲੇ ਹਿੰਦੁਸਤਾਂਨ ਦੀ ਸੈਲ ਕੀਤੀ ਹੈ ਓਹ ਆਪਣੀ ਯਾਤ੍ਰਾ ਦੀ ਪ੍ਰਿਥਮ ਪੁਸਤਕ ਦੇ ੧੧ ਸਫੇ ਪਰ ਲਿਖਦਾ ਹੈ– "ਧੂਰਤਾ ਔਰ ਕਪਟਤਾ ਉਸ (ਔਰੰਗ ਜ਼ੇਬ) ਮੇਂ ਕੂਟ ਕੂਟ ਕਰ ਭਰੀ ਥੀ" ਤੇ ਫੇਰ ਲਿਖਦਾ ਹੈ ॥

'ਔਰੰਗਜ਼ੇਬ ਕਾ ਸਮਸਤ ਜੀਵਨ ਧੂਰਤਾ ਔਰ ਕਪਟਾ-ਚਰਣ ਮੇਂ ਹੀ ਬੀਤਾ'। ਆਗੇ ਜਾਕੇ ਉਸੀ ਪੁਸਤਕ ਦੇ ੯੬ ਵੇਂ ਸਫੇ ਪਰ ਲਿਖਦਾ ਹੈ:–

"ਔਰੰਗਜ਼ੇਬ ਅਪਨਾ ਮਤਲਬ ਨਿਕਾਲਨੇ ਕੇ ਲੀਏ ਨੀਚ ਸੇ ਨੀਚ ਕਾਮ ਕਰ ਡਾਲਨੇ ਕੋ ਸਦਾ ਤਿਆਰ ਰਹਤਾ ਥਾ।"

ਖ਼ੁਦ ਔਰੰਗਜ਼ੇਬ ਦਾ ਬਾਪ ਸ਼ਾਹਿਜਹਾਂ ਜਿਸਨੂੰ ਕਿ ਔਰੰਗ ਜ਼ੇਬ ਕੈਦ ਕਰਕੇ ਤਖਤ ਪਰ ਬੈਠ ਗਿਆ ਸੀ ਆਖਿਆ ਕਰਦਾ ਸੀ 'ਕਿ ਓਹ ਪੁਰਸ਼ ਜਿਸਨੇ ਆਪਣੇ ਬਾਪ ਨੂੰ ਕੈਦ ਕੀਤਾ ਤੇ ਭਾਈਆਂ ਨਾਲ ਬੁਰਾ ਬਰਤਾਓ ਕੀਤਾ ਅਤੇ ਦੁਧ ਪੀਂਦੇਹੋਏ ਅਪਣੇ ਪੁੱਤਾਂ ਤਕ ਨੂੰ ਨਹੀਂ ਛਡਿਆ ਕਦੇ ਸੰਸਾਰ ਵਿਚ ਦੂਸਰਿਆਂ ਦਾ ਭਲਾ ਕਰ ਸਕਦਾ ਹੈ ?

(ਸੂਰੀਆ ਡੋਮੋਗਰ ਭਾਗ ੨ ਸਫ਼ਾ ੨੧ ਉਰਦੂ)

ਇਹ ਇਕ ਬਾਧੂ ਬਾਤ ਸੀ ਜੋ ਇਕ ਪ੍ਰਸ਼ਨ ਦੇ ਉੱਤ੍ਰ ਵਿਖੇ ਲਿਖਦੇ ਹੋਏ ਮੈਨੇ ਆਪਦਾ ਬਹੁਤ ਸਾਰਾ ਸਮਾਂ ਲੈ ਲਿਆ, ਇਸ ਲਈ ਮੈਂ ਹੁਣ ਜ਼ਫਰਨਾਮੇਂ ਦਾ ਟੀਕਾ ਆਪਦੇ ਪੇਸ਼ ਕਰਦਾ ਹਾਂ ਆਸ਼ਾ ਹੈ ਕਿ ਜੋ ਆਪ ਇਸ ਵਿਖੇ ਕੋਈ ਅਸ਼ੁੱਧੀ ਦੇਖੋਂ, ਕ੍ਰਿਪਾ ਦ੍ਵਾਰਾ ਉਸਦੀ ਇਤਲਾਹ ਟੀਕਾਕਾਰ ਨੂੰ ਬਖਸ਼ਕੇ ਨਿਹਾਲ ਕਰਨਾ।

ਲੇ॰ ਖਾ॰ ਕਿੰ॰

**ਤੇਜਾ ਸਿੰਘ ਰੀਟਾਯਰਡ ਐਸ. ਡੀ. ਓ.**

ਸੇਵਕ
ਪੰਚ ਖਾਲਸਾ ਦੀਵਾਨ
ਅਰਥਾਤ
ਖ਼ਾਲਸਾ ਪਾਰਲੀਮੈਂਟ
ਮੁਕਾਮ ਪੰਚ ਖੰਡ
ਡਾਕਘਰ ਧੂਰੀ
ਗਵਰਮੈਂਟ ਪਟਿਆਲਾ

ਤਾਰੀਖ
੧ ਅੱਸੂ ਸੰ: ੪੫੩ ਖਾ:
ਮੁਤਾਬਕ
੧ ਅੱਸੂ ਸੰ: ੧੯੭੮ ਬਿ:

੧ ੳ ਵਾਹਿਗੁਰੂ ਜੀ ਕੀ ਫ਼ਤਹ

واہگورو جی کی فتح

# ਜ਼ਫ਼ਰ ਨਾਮਹ

ਪਾਤਿਸ਼ਾਹੀ ੧੦

## ظفرنامہ پادشاہی دہم

**(੧) ਕਮਾਲੇ ਕਰਾਮਾਤ ਕਾਯਮ ਕਰੀਮ ।**
**ਰਜ਼ਾ ਬਖ਼ਸ਼ ਰਾਜ਼ਕ ਰਹਾਕੁਨ ਰਹੀਮ ॥**

(۱) کمالِ کرامات قائم کریم + رضا بخش و رازق رہا کن رحیم

ਕਮਾਲੇ = ਅਸ਼ਚਰਜ, ਸੰਪੂਰਣ
ਕਰਾਮਾਤ ਸ਼ਕਤੀ
ਕਾਯਮ = । ਥਿਰ, ਅਡੋਲ
ਕਰੀਮ = ਕ੍ਰਿਪਾ ਦੇ ਕਰਣ-
ਵਾਲਾ, ਕ੍ਰਿਪਾਲੂ,

ਰਜ਼ਾ = ਖੁਸ਼ੀ } ਖੁਸ਼ੀ ਦੇ
ਬਖਸ਼ = ਦੇਣਵਾਲਾ } ਦੇਣਵਾਲਾ,
ਰਾਜ਼ਕ = ਰਿਜ਼ਕ ਦੇ ਦੇਣ ਵਾਲਾ,
ਭੋਜਨ ਦੇ ਦੇਣ ਵਾਲਾ
ਅੰਨਦਾਤਾ
ਰਹਾਕੁਨ = ਛੁਟਕਾਰਾ ਦੇਣਵਾਲਾ,
ਆਜ਼ਾਦ ਕਰਣ ਵਾਲਾ
ਰਹੀਮ = ਦਯਾ ਦੇ ਕਰਨ ਵਾਲਾ,
ਦਿਆਲੂ,

## ਅਰਥ

(ਵਾਹਿਗੁਰੂ ਦੀ) ਸੰਪੂਰਨ ਸ਼ਕਤੀ ਹੈ ਓਹ ਅਡੋਲ ਅਤੇ ਕ੍ਰਿਪਾ ਦੇ ਕਰਣ ਵਾਲਾ ਹੈ, ਖ਼ੁਸ਼ੀ ਦੇ ਦੇਣ ਵਾਲਾ, ਅੰਨ ਦਾਤਾ, ਛੁਟਕਾਰਾ ਦੇਣ ਵਾਲਾ ਅਤੇ ਦਯਾ ਦੇ ਕਰਣ ਵਾਲਾ ਹੈ ॥

## ਭਾਵ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਪਤ੍ਰ ਜ਼ਫਰ-ਨਾਮੇ ਵਿਖੇ ਆਪਣੇ ਸਮਾਚਾਰ ਔਰੰਗਜ਼ੇਬ ਪ੍ਰਤਿ ਪ੍ਰਗਟਾਉਣ ਤੋਂ ਪਹਿਲਾਂ ਵਾਹਿਗੁਰੂ ਦੀ ਉਸਤਤਿ ਕਰਦੇ ਹੋਏ ਔਰੰਗਜ਼ੇਬ ਪ੍ਰਤਿ ਅਕਾਲ ਪੁਰਖ ਦੀ ਸਰਬ ਸ਼ਕਤੀ ਮਾਨਤਾ ਤੇ ਉਸਦੇ ਗੁਣ ਪ੍ਰਗਟ ਕਰਦੇ ਹਨ ਅਤੇ ਉਸਨੂੰ ਦਸਦੇ ਹਨ ਕਿ ਹੇ ਔਰੰਗਜ਼ੇਬ ਉਸ ਅਕਾਲ ਪੁਰਖ ਦੀ ਅਸਚਰਜ ਰੂਪ ਸ਼ਕਤੀ ਹੈ, ਜੋ ਕਦੇ ਨਾਸ਼ ਨਹੀਂ ਹੁੰਦਾ ਤੇ ਸਭ ਪਰ ਦਯਾ ਕਰਦਾ ਹੈ, ਖ਼ੁਸ਼ੀ ਤੇ ਰੋਟੀ ਦੇ ਦੇਣ ਵਾਲਾ ਹੈ ਸੁਤੰਤ੍ਰ ਅਰਥਾਤ ਆਜ਼ਾਦ ਕਰਨ ਵਾਲਾ ਹੈ ਤੇ ਸਭ ਪਰ ਕ੍ਰਿਪਾ ਕਰਦਾ ਹੈ ॥

## (੨) ਅਮਾਬਖ਼ਸ਼ ਬਖਸ਼ਿੰਦਹ ਓ ਦਸਤਗੀਰ ।
## ਖ਼ਤਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ ॥

(۲) اماں بخش بخشندہ و دستگیر + خطا بخش و روزی دہ و دلپذیر

ਅਮਾਬਖਸ਼=ਰਖਿਆ ਦੇ ਦੇਣ ਵਾਲਾ
ਅਰਥਾਤ ਰਖਿਆ ਕਰਣ
ਵਾਲਾ
ਬਖ਼ਸ਼ਿੰਦਹ=ਖਿਮਾ ਦੇ ਕਰਣ ਵਾਲਾ
ਓ=ਓਹ
ਦਸਤਗੀਰ=ਦਸਤ–ਗੀਰ,
ਹਥ ਫੜਨ ਵਾਲਾ

ਖ਼ਤਾ ਬਖ਼ਸ਼=ਕਸੂਰ ਬਖਸ਼ਨ
ਵਾਲਾ, ਅਪ੍ਰਾਧ ਦੇ
ਮਾਫ ਕਰਨ ਵਾਲਾ
ਰੋਜ਼ੀਦਿਹੋ=ਭੋਜਨ ਦੇਣ ਵਾਲਾ
ਓ=ਵ=ਅਤੇ, ਹੋਰ
ਦਿਲ ਪਜ਼ੀਰ=ਦਿਲ-ਪਜ਼ੀਰ,
ਮਨ–ਭਾਵਨ
ਮਨ ਨੂੰ ਅੱਛਾ ਲਗਣ ਵਾਲਾ

### ਅਰਥ

ਓਹ ਰਖਿਆ ਦੇ ਕਰਣ ਵਾਲਾ, ਛਿਮਾ ਦੇ ਕਰਣ ਵਾਲਾ, ਬਾਂਹ ਫੜਨ ਵਾਲਾ, ਅਪ੍ਰਾਧ ਦੇ ਮਾਫ ਕਰਨ ਵਾਲਾ, ਅੰਨ ਦਾਤਾ ਤੇ ਮਨ ਭਾਵਨ ਹੈ ।

### ਭਾਵ

ਹੇ ਔਰੰਗਜ਼ੇਬ ਅਕਾਲ ਪੁਰਖ ਤੇਰੇ ਜੇਹੇ ਜ਼ਾਲਮਾਂ ਤੋ ਰਖਿਆ ਕਰਦਾ ਹੈ ਤੇ ਲੋਗਾਂ ਦੇ ਗੁਨਾਹਾਂ ਨੂੰ ਮਾਫ ਕਰਣ ਵਾਲਾ ਹੈ ਅਰਥਾਤ ਜੋ ਉਸ ਤੋਂ ਆਪਣੇ ਗੁਨਾਹਾਂ ਦੀ ਬਾਬਤ ਛਿਮਾਂ ਮੰਗਦੇ ਹਨ ਓਹ ਉਨ੍ਹਾਂ ਨੂੰ ਮਾਫ ਕਰਦਾ ਹੈ ਤੇ ਓਹ ਅਕਾਲ ਪੁਰਖ ਨਿਰਬਲਾਂ ਦੀ ਬਾਂਹ ਫੜਦਾ ਹੈ ਤੇ ਭੋਜਨ ਦਿੰਦਾ ਹੈ, ਇਸੀ ਲਈ ਅਜੇਹਾ ਜੋ ਅਕਾਲ ਪੁਰਖ ਹੈ ਸਭ ਨੂੰ ਪਿਆਰਾ ਲਗਦਾ ਹੈ–ਇਸ ਲਈ ਤੈਨੂੰ ਭੀ ਚਾਹੀਦਾ ਹੈ ਕਿ ਤੂੰ ਇਨ੍ਹਾਂ ਗੁਣਾ ਨੂੰ ਧਾਰਨ ਕਰੇਂ, ਏਹ ਨਹੀਂ ਕਿ ਲੋਗਾਂ ਨੂੰ ਦੁਖ ਦੇਵੇਂ ।

## (੩) ਸ਼ਹਨ ਸ਼ਾਹ ਖ਼ੂਬੀ ਦਿਹੋ ਰਹਿਨਮੂੰ।
## ਕਿ ਬੇਗੂਨ ਬੇਚੂੰਨ ਚੂੰ ਬੇਨਮੂੰ॥

(۳) شہنشاہ خوبی دہ و رہنموں + کہ بیگون بیچون چون بے نموں

| | |
|---|---|
| ਸ਼ਹਨਸਾਹ= ਬਾਦਸ਼ਾਹਾਂ ਦਾ ਬਾਦਸ਼ਾਹ | ਕਿ = ਜੋ, ਅਤੇ |
| ਖ਼ੂਬੀ ਦਿਹੋ= ਖ਼ੂਬੀ–ਦਿਹ–ਵ ਨੇਕੀ ਦੇ–ਦੇਣ ਵਾਲਾ ਅਤੇ | ਬੇਗੂਨ = ਬੇ-ਗੂਨ = ਬੇ–ਰੰਗ, ਰੰਗ ਰਹਤ |
| | ਬੇਚੂੰਨ = ਬੇ–ਚੂੰਨ = ਬੇ ਮਾਨਿੰਦ, ਅਦੁਤਜ |
| ਰਹਨਮੂੰ = ਰਹ–ਨਮੂੰ ਰਸਤਾ–ਦਿਖਾਉਣ–ਵਾਲਾ | ਚੂੰ = ਇਸ ਲਈ |
| | ਬੇਨਮੂੰ=ਬੇ -ਨਮੂੰ= ਬਿਨਾਂ–ਨਮੂਨੇ ਤੋਂ ਦ੍ਰਿਸ਼੍ਟਾਂਤ ਰਹਿਤ |

### ਅਰਥ

ਓਹ ਬਾਦਸ਼ਾਹਾਂ ਦਾ ਬਾਦਸ਼ਾਹ, ਨੇਕੀ ਦੇਣ ਵਾਲਾ, ਰਸਤਾ ਦਿਖਾਉਣ ਵਾਲਾ, ਬੇਰੰਗ, ਅਦੁਤਜ ਹੈ, ਇਸੀ ਲਈ ਨਮੂਨੇ ਤੋਂ ਰਹਿਤ ਹੈ।

### ਭਾਵ

ਹੇ ਔਰੰਗਜ਼ੇਬ, ਅਕਾਲ ਪੁਰਖ ਤੇਰੇ ਵਰਗੇ ਬਾਦਸ਼ਾਹਾਂ ਦਾ ਭੀ ਬਾਦਸ਼ਾਹ ਹੈ ਜੋ ਸਭ ਨੂੰ ਨੇਕੀ ਦਿੰਦਾ ਹੈ ਤੇ ਸਲਾਮਤੀ ਦਾ ਰਸਤਾ ਦਿਖਾਉਂਦਾ ਹੈ, ਰੰਗ ਰੇਖ ਤੋਂ ਰਹਿਤ ਹੈ ਇਸੀ ਲਈ ਅਦੁਤਜ (ਲਾਸਾਨੀ) ਹੈ ਅਰਥਾਤ ਉਸਦੇ ਨਾਲ ਦਾ ਕੋਈ ਨਹੀਂ, ਤੈਨੂੰ ਭੀ ਚਾਹੀਦਾ ਹੈ ਕਿ ਤੂੰ ਉਸ ਸਚੇ ਸ਼ਹਨਸ਼ਾਹ ਤੋ ਡਰਦਾ ਰਹੇਂ।

## (੪) ਨ ਸਾਜ਼ੋ ਨ ਬਾਜ਼ੋ ਨ ਫੌਜੋ ਨ ਫਰਸ਼।
## ਖ਼ੁਦਾਵੰਦ ਬਖਸ਼ਿੰਦਹ ਓ ਐਸ਼ ਅਰਸ਼॥

(۴) نہ سازو نہ بازو نہ فوج و نہ فرش + خداوند بخشندۂ عیش عرش

ਨ = ਨਹੀ
ਸਾਜ਼ੋ = ਸਾਜ਼ – ਵ
ਸਮਾਨ, ਅਤੇ ਨ = ਨਹੀ
ਬਾਜ਼ੋ = ਬਾਜ਼ – ਵ
ਬਾਜ ਇਕ ਪ੍ਰਕਾਰ ਦਾ
ਸ਼ਕਾਰੀ ਪੰਛੀ ਜਿਸਨੂੰ
ਅਮੀਰ ਲੋਗ ਰਖਦੇ ਹਨ,
(ਬਾਜ) ਖਰਾਜ, ਹਾਲਾ, ਕਰ
ਨ = ਨਹੀ
ਫੌਜੋ = ਫੌਜ, ਵ = ਸੈਨਾ। ਅਤੇ
ਨ= ਨਹੀ ਫਰਸ਼= ਘੋੜਾ
ਫਰਸ਼ = ਬਛਾਈ ਦੇ ਕਪੜੇ

ਖ਼ੁਦਾਵੰਦ = ਮਾਲਿਕ, ਵਾਹਿਗੁਰੂ
ਬਖ਼ਸ਼ਿੰਦਹ = ਕ੍ਰਿਪਾ ਦੇ ਕਰਣ
ਵਾਲਾ, ਦੇਣ ਵਾਲਾ
ਓ = ਉਸਨੂੰ
ਐਸ਼ = ਆਨੰਦ, ਸੁਖ
ਅਰਸ਼ = ਸ੍ਵਰਗ, ਬਹਿਸ਼ਤ.

### ਅਰਥ

ਜਿਸਦੇ ਪਾਸ ਨਾ ਸਮਾਨ, ਨਾਂ ਬਾਜ਼ ਨਾ ਸੈਨਾ ਤੇ ਘੋੜਾ ਹੋਵੇ ਵਾਹਿਗੁਰੂ ਉਸਨੂੰ ਸ੍ਵਰਗ ਦੇ ਅਨੰਦ ਪ੍ਰਦਾਨ ਕਰ ਦਿੰਦਾ ਹੈ।

**ਭਾਵ**–ਹੇ ਔਰੰਗਜ਼ੇਬ ! ਦੇਖ ਕਿ ਓਹ ਅਕਾਲ ਪੁਰਖ ਕੈਸੀ ਸਮਰਥਾ ਵਾਲਾ ਹੈ ਕਿ ਜਿਸਦੇ ਪਾਸ ਕੋਈ ਭੀ ਰਾਜਸੀ ਸਾਮਾਨ ਨਾ ਹੋਵੇ ਉਸਨੂੰ ਭੀ ਸਭ ਪ੍ਰਕਾਰ ਦੇ ਆਨੰਦ ਤੇ ਸੁਖ ਦੇ ਸਕਦਾ ਹੈ ਅਤੇ ਤੇਰੇ ਦਿਲ ਵਿਖੇ ਜੋ ਏਹ ਖਿਆਲ ਹੈ ਕਿ ਖਾਲਸੇ ਪਾਸ ਕੁਝ ਜੰਗੀ ਸਾਮਾਨ ਨਹੀ ਉਸ ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਰਾਜਸੀ ਸਾਮਾਨ ਦਿੰਦੇ ਕੁਝ ਦੇਰ ਨਹੀਂ ਲਗਦੀ।

## (੫) ਜਹਾਂ ਪਾਕ ਜ਼ਬਰ ਅਸਤ ਜ਼ਾਹਰ ਜ਼ਹੂਰ,
## ਅਤਾ ਮੇ ਕੁਨਦ ਹਮਚੁ ਹਾਜ਼ਰ ਹਜ਼ੂਰ ॥

(۵) جہاں پاک زبر است ظاہر ظہور + عطا مے کند ہمچو حاضر حضور

| | |
|---|---|
| ਜਹਾਂ = ਸੰਸਾਰ | ਅਤਾ = ਦਾਤ, ਬਖਸ਼ਸ਼ |
| ਪਾਕ = ਪਵਿਤ੍ਰ | ਮੇ ਕੁਨਦ = ਕਰਦਾ ਹੈ |
| ਜ਼ਬਰ=ਸਮਰਥਾ ਵਾਲਾ, ਜੋਰਾਵਰ | ਹਮਚੁ = ਭਾਂਤ,ਮਾਨਿੰਦ, ਜਿਉਂ |
| ਅਸਤ = ਹੈ | ਹਾਜ਼ਰ = ਸਾਮਣੇ |
| ਜ਼ਾਹਰ = ਪ੍ਰਗਟ | ਹਜ਼ੂਰ = ਪ੍ਰਤੱਖ |
| ਜ਼ਹੂਰ = ਜ਼ਹੂਰਾ, ਪ੍ਰਤਾਪ | |

### ਅਰਥ

ਸੰਸਾਰ ਤੋਂ ਪਵਿਤ੍ਰ, ਸਮਰਥ ਵਾਲਾ ਜਿਸਦਾ ਪ੍ਰਤਾਪ ਪ੍ਰਗਟ ਹੈ ਜੋ ਸਾਮਣੇ ਪ੍ਰਤਖਜ ਦੀ ਭਾਂਤ ਦਾਤ ਕਰਦਾ ਹੈ।

### ਭਾਵ

ਹੇ ਔਰੰਗਜ਼ੇਬ ਅਕਾਲ ਪੁਰਖ ਪਵਿੱਤ੍ਰ ਹੈ ਅਤੇ ਐਸਾ ਬਲ ਵਾਲਾ ਹੈ ਕਿ ਉਸਦੇ ਸਾਮ੍ਹਣੇ ਕੋਈ ਨਹੀਂ ਅੜ ਸਕਦਾ ਅਤੇ ਸਭ ਨੂੰ ਆਪਣੀਆਂ ਦਾਤਾਂ ਦੇ ਨਾਲ ਇਸ ਪ੍ਰਕਾਰ ਨਿਹਾਲ ਕਰਦਾ ਹੈ ਮਾਨੋ ਸਾਮਣੇ ਖੜਾ ਬਖਸ਼ਸ਼ਾਂ ਕਰ ਰਿਹਾ ਹੈ।

## (੬) ਅਤਾ ਬਖਸ਼ਦੋ ਪਾਕ ਪਰਵਰਦਗਾਰ।
## ਰਹੀਮ ਅਸਤ ਰੋਜ਼ੀ ਦਿਹੋ ਹਰਦਿਯਾਰ॥

(۶) عطا بخشندہ پاک پروردگار + رحیم است روزی دہ ہر دیار

| | |
|---|---|
| ਅਤਾ ਬਖ਼ਸ਼ਦੋ = ਅਤਾ—ਬਖਸ਼ਦ—ੳ ਦਾਤ ਦੇ—ਦੇਣ ਵਾਲਾ—ਓਹ ਦਾਤ ਦੇ ਦੇਣ ਵਾਲਾ ਹੈ, ਅਤੇ | ਰਹੀਮ = ਕ੍ਰਿਪਾ ਦੇ ਕਰਣ ਵਾਲਾ, ਕ੍ਰਿਪਾਲੂ |
| ਪਾਕ= ਪਵਿੱਤ੍ਰ | ਅਸਤ = ਹੈ |
| ਪਰਵਰਦਗਾਰ = ਪਾਲਨੇ ਵਾਲਾ, ਪ੍ਰਿਤਪਾਲਕ | ਰੋਜ਼ੀ ਦਿਹੋ=ਰੋਜ਼ੀ ਦਿਹ—ੳ ਰਿਜ਼ਕ ਦੇ ਦੇਣ ਵਾਲਾ-ਓਹ ਓਹ ਭੋਜਨ ਦੇ ਦੇਣਵਾਲਾਹੈ |
| | ਹਰ = ਹਰ ਇਕ |
| | ਦਿਯਾਰ=ਮੁਲਕ,ਦੇਸ, ਖੰਡ |

### ਅਰਥ

ਓਹ ਦਾਤ ਦੇ ਦੇਣ ਵਾਲਾ, ਪਵਿਤ੍ਰ,ਪਾਲਨਾ ਕਰਨੇ ਵਾਲਾ, ਕ੍ਰਿਪਾਲੂ ਹੈ, ਅਤੇ ਹਰ ਇਕ ਦੇਸ ਨੂੰ ਰੋਜ਼ੀ ਦੇਣ ਵਾਲਾ ਹੈ।

### ਭਾਵ

ਹੇ ਔਰੰਗਜ਼ੇਬ ਓਹ ਅਕਾਲਪੁਰਖ ਬਿਨਾ ਕਿਸੀ ਪਖਯਪਾਤ ਦੇ ਹਿੰਦੂ ਮੁਸਲਮਾਨ ਆਦਿਕ ਨੂੰ ਕੀ ਬਲਕਿ ਸੱਤ ਵਲਾਇਤਾਂ ਦੇ ਰੇਹਿਣ ਵਾਲਿਆਂ ਨੂੰ ਰੋਜ਼ੀ ਦਿੰਦਾ ਹੈ।

## (੭) ਕਿ ਸਾਹਿਬ ਦਯਾਰ ਅਸਤ ਆਜ਼ਮ ਅਜ਼ੀਮ ।
## ਕਿ ਹੁਸਨਲ ਜਮਾਲ ਅਸਤ ਰਾਜ਼ਕ ਰਹੀਮ ॥

(۷) کہ صاحب دیار است اعظم عظیم + کہ حسن الجمال است رازق رحیم

ਕਿ = ਜੋ, ਕਿ
ਸਾਹਿਬ = ਮਾਲਿਕ, ਸੁਾਮੀ
ਦਯਾਰ = ਦੇਸ਼, ਮੁਲਕ
ਅਸਤ = ਹੈ
ਆਜ਼ਮ ਅਜ਼ੀਮ = ਬੜੇ ਤੋਂ ਭੀ ਬੜਾ

ਕਿ = ਜੋ
ਹੁਸਨਲ ਜਮਾਲ = ਹੁਸਨ–ਅਲ–ਜਮਾਲ, ਸਰੂਪ–ਦਾ–ਸੁੰਦ੍ਰ
ਅਸਤ = ਹੈ
ਰਾਜ਼ਕ = ਰਿਜ਼ਕ ਦੇ ਦੇਣ ਵਾਲਾ ਬਿਸੰਭਰ
ਰਹੀਮ = ਦਿਆਲੂ, ਕ੍ਰਿਪਾਲੂ

### ਅਰਥ

ਜੋ ਮੁਲਕ ਦਾ ਮਾਲਿਕ ਹੈ ਤੇ ਬੜੇ ਤੋਂ ਬੜਾ ਹੈ ।
ਜੋ ਰੂਪ ਦਾ ਸੁੰਦ੍ਰ, ਬਿਸੰਭਰ ਤੇ ਦਿਆਲੂ ਹੈ ॥

### ਭਾਵ

ਹੇ ਔਰੰਗਜ਼ੇਬ ਓਹ ਅਕਾਲ ਪੁਰਖ ਰੋਜ਼ੀ ਹੀ ਨਹੀ ਦਿੰਦਾ ਬਲਕਿ ਉਨ੍ਹਾਂ ਸਾਰੇ ਦੇਸ਼ਾਂ ਦਾ ਸੁਾਮੀ ਭੀ ਹੈ ਅਤੇ ਸੰਸਾਰ ਵਿਖੇ ਜੋ ਬੜੇ ਬੜੇ ਸ਼ਹਨਸ਼ਾਹ ਕਹਾਉਂਦੇ ਹਨ ਓਹ ਉਨ੍ਹਾਂ ਤੋਂ ਭੀ ਬੜਾ ਹੈ ਅਤੇ ਜੋ ਆਪਣੇ ਆਪ ਨੂੰ ਸੁੰਦ੍ਰ ਮੰਨਦੇ ਹਨ ਓਹ ਉਨ੍ਹਾਂ ਤੋਂ ਭੀ ਸੁੰਦ੍ਰ ਹੈ । ਦਿਆਲੂ ਕੈਸਾ ਹੈ ਕਿ ਹਰਇਕ ਪ੍ਰਾਣਧਾਰੀ ਨੂੰ ਉਸਦੀ ਰੋਜ਼ੀ ਦਿੰਦਾ ਹੈ ।

# (੯) ਕਿ ਸਾਹਿਬ ਸ਼ਊਰ ਅਸਤ ਆਜਜ਼ ਨਿਵਾਜ਼।
# ਗ਼ਰੀਬੁਲ ਪਰਸਤੋ ਗ਼ਨੀਮੁਲ ਗੁਦਾਜ਼ ॥

(۹) کہ صاحب شعور است عاجز نواز + غریب الپرست و غنیم الگداز

ਕਿ = ਜੋ
ਸਾਹਿਬ = ਮਾਲਿਕ, ਸੁਆਮੀ
ਸ਼ਊਰ = ਬੁੱਧੀ, ਚਾਤ੍ਰਿਤਾ, ਸਮਝ
ਅਸਤ = ਹੈ
ਆਜਜ਼ ਨਿਵਾਜ਼ = ਦੀਨ ਰਖਜਕ

ਗਰੀਬੁਲਪਰਸਤੋ = ਗਰੀਬ-ਉਲ ਪਰਸਤ-ਵ
ਗਰੀਬਾਂ-ਦੇ-ਮਾਨ ਦੇਣ ਵਾਲਾ ਅਤੇ
ਅਰਥਾਤ ਦੀਨ ਦਿਆਲ ਹੈ
ਗ਼ਨੀਮੁਲ ਗੁਦਾਜ਼ = ਗ਼ਨੀਮ-ਉਲ-ਗੁਦਾਜ਼, ਦੁਸ਼ਮਣਾਂ-ਦੇ-ਗਾਲਣਵਾਲਾ, ਭਾਵ ਵੈਰੀਆਂ ਦੇ ਨਾਸ਼ ਕਰਨ ਵਾਲਾ

## ਅਰਥ

ਜੋ ਬੁੱਧੀ ਦਾ ਮਾਲਿਕ, ਦੀਨ ਰਖਜਕ ਗ਼ਰੀਬਾਂ ਦੇ ਪਾਲਨ ਵਾਲਾ ਤੇ ਦੁਸ਼ਮਣਾਂ ਦੇ ਗਾਲਣ ਵਾਲਾ ਹੈ ॥

## ਭਾਵ

ਹੇ ਔਰੰਗਜ਼ੇਬ ! ਤੂੰ ਉਸ ਅਕਾਲ ਪੁਰਖ ਦੇ ਹੋਰ ਗੁਣ ਸੁਣ ਕਿ ਓਹ ਅਕਲ ਦਾ ਸੁਆਮੀ ਹੈ ਅਰਥਾਤ ਸੰਸਾਰ ਵਿਖੇ ਜਿਤਨੀ ਚਾਤ੍ਰਤਾ ਤੇ ਸਮਝ ਦਾਨਾਈ ਹੈ ਏਹ ਸਭ ਉਸ ਵਾਹਿਗੁਰੂ ਦੀ ਹੀ ਉਤਪੰਨ ਕੀਤੀ ਹੋਈ ਹੈ ਅਤੇ ਓਹ ਜਿਸਨੂੰ ਚਾਹੁੰਦਾ ਹੈ ਉਸਨੂੰ ਦਿੰਦਾ ਹੈ, ਜੋ ਕਮਜ਼ੋਰ ਤੇ ਨਿਰਬਲ ਹਨ ਉਨ੍ਹਾਂ ਦੀ ਪਾਲਨਾ ਤੇ ਰਖਜਾ ਕਰਦਾ ਹੈ ਅਤੇ ਜੋ ਤੇਰੇ ਵਰਗੇ ਜ਼ਾਲਮ ਹੰਕਾਰੀ ਹਨ ਉਨ੍ਹਾਂ ਨੂੰ ਮਾਰਨ ਵਾਲਾ ਹੈ।

# (੯) ਸ਼ਰੀਯਤ ਪਰਸਤੋ ਫ਼ਜ਼ੀਲਤ ਮਆਬ ।
# ਹਕ਼ੀਕ਼ਤ ਸ਼ਨਾਸੋ ਨਬੀਉਲ ਕਿਤਾਬ ॥

(੯) شریعت پرست فضیلت مآب + حقیقت شناس و نبی الکتاب

ਸ਼ਰੀਯਤ ਪਰਸ਼ਤ } ਸ਼ਰੀਯਤ–ਪਰਸਤ ਧਰਮ ਬਿਵਸਥਾ ਦੀ–ਪਾਲਨਾ ਕਰਨ ਵਾਲਾ

ਵ = ਅਤੇ, ਹੋਰ, ਔਰ

ਫਜ਼ੀਲਤ = ਵਡਿਆਈ

ਮਆਬ = ਓਹ ਅਸਥਾਨ ਜਿਥੇ ਕੋਈ ਮੁੜਕੇ ਜਾਵੇ

ਭਾਵ–ਫਜ਼ੀਲਤ ਮਆਬ ਦੋਨਾ ਸ਼ਬਦਾਂ ਦੇ ਰਲਕੇ ਦੇ ਏਹ ਅਰਥ ਹੋਏ, ਵਡਿਆਈ ਮੁੜਕੇ ਜਾਣ ਦਾ ਅਸਥਾਨ ਅਰਥਾਤ ਜਿਥੇ ਸਾਰੀਆਂ ਵਡਿਆਈਆਂ ਪਹੁੰਚਦੀਆਂ ਹਨ ਯਾ ਵਡਿਆਈ ਦਾ ਕੇਂਦ੍ਰ।

ਹਕੀਕਤ = ਅਸਲੀ ਬਾਤ, ਤਤ੍ਵ ਵਸਤੂ, ਤਤ

ਸ਼ਨਾਸੋ = ਸ਼ਨਾਸ–ਵ ਪਛਾਨਣੇ ਯਾ ਜਾਨਣੇ ਵਾਲਾ ਅਤੇ

ਨਬੀਉਲ ਕਿਤਾਬ } ਨਬੀ––ਉਲ––ਕਿਤਾਬ

ਨਬੀ = ਪੈਗੰਬਰ, ਰਸੂਲ, ਓਹ ਪੁਰਸ਼ ਜੋ ਪ੍ਰਮੇਸੁਰ ਵਲੋਂ ਧਰਮ ਅਤੇ ਗ੍ਰੰਥ ਲਿਆਵੇ

ਉਲ = ਦਾ, ਕਾ

ਕਿਤਾਬ = ਗ੍ਰੰਥ

ਅਰਥਾਤ ਧਰਮ ਗ੍ਰੰਥ ਦਾ ਪ੍ਰਕਾਸ਼ਕ ਹੈ, ਗੁਰੂ ਸਾਹਿਬ ਦਾ ਇਸਤੋਂ ਏਹ ਭਾਵ ਹੈ ਕਿ ਅਕਾਲ ਪੁਰਖ ਹੀ ਸਭ ਧਰਮ ਗ੍ਰੰਥਾਂ ਦੇ ਪ੍ਰਗਟ ਕਰਣ ਵਾਲਾ ਹੈ।

## ਅਰਥ

ਧਰਮ ਬਿਵਸਥਾ ਦੀ ਪਾਲਨਾ ਕਰਨ ਵਾਲਾ, ਵਡਿਆਈ ਦਾ ਕੇਂਦ੍ਰ, ਤਤ੍ਵ ਬਾਤ ਦੇ ਜਾਣਨ ਵਾਲਾ ਤੇ ਧਰਮ ਗ੍ਰੰਥਾਂ ਦਾ ਪ੍ਰਕਾਸ਼ਕ ਹੈ।

## ਭਾਵ

ਹੇ ਔਰੰਗਜ਼ੇਬ! ਤੂੰ ਜੋ ਅਪਣੇ ਆਪਨੂੰ ਸ਼ਰੀਯਤ ਦੇ ਮੰਨਣ ਵਾਲਾ ਤੇ ਉਸਨੂੰ ਉੱਨਤੀ ਦੇਨ ਵਾਲਾ ਮੰਨੀ ਬੈਠਾ ਹੈਂ, ਏਹ ਤੇਰਾ ਖਿਆਲ ਗਲਤ ਹੈ ਏਹ ਅਕਾਲ ਪੁਰਖ ਹੀ ਹੈ ਜੋ ਧਰਮ ਬਿਵਸਥਾ ਦੀ ਪਾਲਨਾ ਕਰਦਾ ਹੈ ਤੇ ਧਰਮ ਅਧਰਮ ਨੂੰ ਜਾਣਦਾ ਹੈ ਅਤੇ ਤੇਰਾ ਜੋ ਏਹ ਖਿਆਲ ਹੈ ਕਿ ਕੁਰਾਨ ਹੀ ਖੁਦਾ ਦੀ ਕਿਤਾਬ ਹੈ ਇਹ ਗਲਤ ਹੈ, ਓਹ ਵਾਹਿਗੁਰੂ ਸਾਰੇ ਧਰਮ ਗ੍ਰੰਥਾਂ ਦਾ ਪ੍ਰਕਾਸ਼ਕ ਹੈ, ਫੇਰ ਤੂੰ ਕਿਸ ਲਈ ਹੋਰਨਾਂ ਧਰਮਾਂ ਨਾਲ ਦ੍ਵੈਸ਼ ਕਰਦਾ ਹੈਂ।

## (੧੦) ਕਿ ਦਾਨਸ਼ ਪਜ਼ੋ ਅਸਤ ਸਾਹਿਬ ਸ਼ਊਰ। ਹਕ਼ੀਕ਼ਤ ਸ਼ਨਾਸ਼ਸਤੋ ਜ਼ਾਹਰ ਜ਼ਹੂਰ ॥

(۱۰) کہ دانش پژوہست صاحب شعور + حقیقت شناس است ظاہر ظہور

ਕਿ = ਜੋ

ਦਾਨਸ਼ = ਅਕ਼ਲ, ਬੁੱਧੀ

ਪੁਜ਼ੋ,= ਪਰਪੱਕ, ਪੁਖਤਾ, ਪੱਕੀ ਪੂਰਨ

ਅਸਤ = ਹੈ

ਸਾਹਿਬ = ਮਾਲਿਕ, ਸੁਾਮੀ

ਸ਼ਊਰ = ਸਮਝ, ਬੁੱਧੀ ਚਤ੍ਰਾਈ, ਸੋਝੀ

ਹਕੀਕਤ=ਅਸਲੀ ਬਾਤ, ਸਚ. ਤਤ੍

ਸ਼ਨਾਸ਼ = ਪਛਾਣਨੇ ਵਾਲਾ

ਅਸਤੋ = ਹੈ

ਜ਼ਾਹਰ = ਪ੍ਰਗਟ, ਪ੍ਰਤਖ

ਜ਼ਹੂਰ = ਜ਼ਹੂਰਾ, ਪ੍ਰਤਾਪ, ਕੁਦਰਤ

### ਅਰਥ

ਕਿ ਜਿਸਦੀ ਅਕਲ ਪਰਪੱਕ ਹੈ, ਸਮਝ ਦਾ ਸੁਾਮੀ ਹੈ ਤਤ੍ਰ ਬਾਤ ਦੇ ਪਛਾਨਣੇ ਵਾਲਾ ਹੈ, ਤੇ ਜਿਸਦਾ ਪ੍ਰਤਾਪ ਪ੍ਰਗਟ ਹੈ ॥

### ਭਾਵ

ਹੇ ਔਰੰਗਜ਼ੇਬ ! ਜਿਸ ਅਕਾਲ ਪੁਰਖ ਦੀ ਬਣਾਈ ਹੋਈ ਸਾਬਤ ਸੂਰਤ ਨੂੰ ਤੁਸੀ ਭੰਨਕੇ ਆਪਣੇ ਮਤ ਦਾ ਪ੍ਰਚਾਰ ਕਰਦੇ ਹੋ ਇਸਤੋਂ ਤੁਸੀ ਏਹ ਪ੍ਰਗਟ ਕਰਦੇ ਹੋ ਕਿ ਉਸ ਖ਼ੁਦਾ ਨੂੰ ਇਤਨੀ ਸਮਝ ਨਹੀਂ ਸੀ। ਨਹੀਂ ! ਨਹੀਂ !! ਉਸ ਅਕਾਲ ਪੁਰਖ ਦੀ ਅਕਲ ਪਰਪੱਕ ਹੈ ਓਹ ਦਾਨਾਈ ਦਾ ਮਾਲਿਕ ਹੈ ਤੇ ਠੀਕ ਜੋ ਕੁਝ ਕਰਣ ਜੋਗ ਸੀ ਉਸਨੂੰ ਕਰਦਾ ਹੈ ਅਤੇ ਏਹ ਸਭ ਕੁਝ ਉਸਦਾ ਹੀ ਪ੍ਰਤਾਪ ਹੈ, ਫੇਰ ਤੁਸੀ ਉਸਦੀ ਰਚਿਤ ਸੂਰਤ ਨੂੰ ਕਿਉਂ ਵਿਗਾੜਦੇ ਹੋ ?

## (੧੧) ਸ਼ਨਾਸਿੰਦਹ ਏ ਇਲਮ ਆ਼ਲਮ ਖ਼ੁਦਾਇ।
## ਕੁਸ਼ਾਇੰਦਹ ਏ ਕਾਰ ਆ਼ਲਮ ਕੁਸ਼ਾਇ॥

(۱۱) شناسندۂ علمِ عالم خدائے ـ کشائندۂ کارِ عالم کشائے

| | |
|---|---|
| ਸ਼ਨਾਸਿੰਦਹ = ਪਛਾਣਨੇ ਵਾਲਾ | ਕੁਸ਼ਾਇੰਦਹ = ਖੋਲਣੇ ਵਾਲਾ |
| ਏ = ਦਾ | ਏ = ਦਾ |
| ਇਲਮ = ਵਿਦਜਾ = ਗਜਾਨ | ਕਾਰ = ਕੰਮ ਅਰਥਾਤ ਕੰਮਾਂ ਦੇ |
| ਅਰਥਾਤ ਗਜਾਨਦੇਜਾਨਣ ਵਾਲਾ | ਖੋਲਣ ਵਾਲਾ ਹੈ |
| ਆਲਮ = ਸੰਸਾਰ | ਆਲਮ = ਸੰਸਾਰ |
| ਖ਼ੁਦਾ = ਸ੍ਵਾਮੀ, ਮਾਲਿਕ, ਪ੍ਰਮੇਸ਼੍ਵਰ | ਕੁਸ਼ਾਇ = ਖੋਲਣ ਵਾਲਾ, ਅਜਾਦ ਕਰਨਵਾਲਾ, ਸ੍ਵਤੰਤ੍ਰਤਾ ਦੇਣਵਾਲਾ |

### ਅਰਥ

ਗਜਾਨ ਦੇ ਜਾਨਣ ਵਾਲਾ, ਸੰਸਾਰ ਦਾ ਸ੍ਵਾਮੀ, ਕੰਮਾਂ ਦੇ ਖੋਲਣ ਵਾਲਾ, ਤੇ ਸੰਸਾਰ ਨੂੰ ਸ੍ਵਤੰਤ੍ਰ ਕਰਨ ਵਾਲਾ ਹੈ॥

### ਭਾਵ

ਹੇ ਔਰੰਗਜ਼ੇਬ ਤੂੰ ਜੋ ਲੋਗਾਂ ਨਾਲ ਚਾਲ ਚਲਦਾ ਹੈਂ ਤੇ ਉਨ੍ਹਾਂ ਨੂੰ ਕੰਮੋਂ ਰੋਕਕੇ ਆਪਣੇ ਅਧੀਨ ਕਰਕੇ ਮੁਸਲਮਾਨੀ ਧਰਮ ਵਿਖੇ ਚਲਾਇਆ ਚਾਹੁੰਦਾ ਹੈਂ ਪਰ ਤੂੰ ਨਹੀਂ ਜਾਣਦਾ ਕਿ ਓਹ ਅਕਾਲ ਪੁਰਖ ਸਭ ਦੇ ਇਲਮ ਨੂੰ ਜਾਣਦਾ ਹੈ ਤੇ ਓਹ ਸਾਰੇ ਜਗਤ ਦਾ ਸੱਚਾ ਸ੍ਵਾਮੀ ਹੈ ਤੇ ਓਹ ਸ੍ਵਤੰਤ੍ਰ ਦਾ ਸਹਾਯਕ ਹੈ॥

## (੧੨) ਗੁਜ਼ਾਰਿੰਦਹ ਏ ਕਾਰ ਆਲਮ ਕਬੀਰ,
## ਸ਼ਨਾਸਿੰਦਹ ਏ ਇਲਮ ਆਲਮ ਅਮੀਰ ॥

(۱۲) گذارندۂ کار عالم کبیر — شناسندۂ علم عالم امیر

ਗੁਜ਼ਾਰਿੰਦਹ=ਪੂਰਾਕਰਨਵਾਲਾਹੈ
ਏ = ਇਜ਼ਾਫਤ ਹੈ, ਦਾ = ਕਾ
ਕਾਰ = ਕੰਮ
ਅਰਥਾਤ ਕੰਮਾਂ ਦੇ ਪੂਰਾ ਕਰਨ ਵਾਲਾ ਹੈ
ਆਲਮ = ਸੰਸਾਰ
ਕਬੀਰ = ਬੜਾ

ਸ਼ਨਾਸਿੰਦਹ = ਪਛਾਣਨੇ ਵਾਲਾ, ਜਾਣਨੇ ਵਾਲਾ
ਏ = ਦਾ (ਇਜ਼ਾਫਤ ਹੈ)
ਇਲਮ = ਵਿਦਜਾ, ਗਜਾਨ
ਅਰਥਾਤ ਵਿਦਜਾ ਯਾ ਗਜਾਨ ਦੇ ਜਾਣਨ ਵਾਲਾ ਹੈ
ਆਲਮ = ਸੰਸਾਰ
ਅਮੀਰ=ਧਨਵਾਨ ਸ੍ਰਦਾਰ,ਅਮੀਰ

### ਅਰਥ

ਬੜੇ ਸੰਸਾਰ ਦੇ ਕੰਮਾਂ ਦੇ ਪੂਰੇ ਕਰਨ ਵਾਲਾ ਹੈ।
ਸੰਸਾਰ ਦੇ ਅਮੀਰਾਂ ਦੀ ਵਿਦਜਾ ਨੂੰ ਜਾਨਣਵਾਲਾ ਹੈ॥

### ਭਾਵ

ਹੇ ਔਰੰਗਜ਼ੇਬ! ਓਹ ਅਕਾਲ ਪੁਰਖ ਐਸਾ ਸਮਰਥਾ ਵਾਲਾ ਹੈ ਕਿ ਸੰਸਾਰ ਵਿਖੇ ਜੋ ਕੰਮ ਬੜੇ ਤੋਂ ਬੜੇ ਤੇ ਅਸੰਭਵ ਮੰਨੇ ਜਾਂਦੇ ਹਨ ਓਹ ਉਨ੍ਹਾਂ ਨੂੰ ਭੀ ਸਿਰੇ ਚਾੜ੍ਹਕੇ ਪੂਰੇ ਕਰ ਦਿੰਦਾ ਹੈ ਤੇ ਸੰਸਾਰੀ ਬਾਦਸ਼ਾਹ ਯਾ ਅਮੀਰ ਜੋ ਲੋਕਾਂ ਨਾਲ ਧੋਖੇ ਦੀਆਂ ਚਾਲਾਂ ਚਲਦੇ ਹਨ ਤੇ ਉਸਨੂੰ ਰਾਜਸੀ ਵਿਦਜਾ ਦਸਦੇ ਹਨ ਓਹ ਉਨ੍ਹਾਂ ਸਭਨਾਂ ਨੂੰ ਜਾਣਦਾ ਹੈ ਇਸ ਲਈ ਹੇ ਬਾਦਸ਼ਾਹ ਏਹ ਤੇਰੇ ਧੋਖੇ, ਫਰੇਬ, ਚਾਲ ਬਾਜ਼ੀਆਂ ਤੇ ਦਬਾਉ ਡਰ ਸੰਸਾਰੀ ਲੋਗਾਂ ਨਾਲ ਚਲ ਸਕਦੇ ਹਨ, ਪਰ ਉਸ ਅਕਾਲ ਪੁਰਖ ਅਗੇ ਕੋਈ ਨਹੀਂ ਚਲ ਸਕਦਾ ਇਸ ਕਾਰਣ ਜੇ ਤੂੰ ਆਪਣਾ ਉਧਾਰ ਚਾਹੁੰਦਾ ਹੈ ਤਾਂ ਇਨ੍ਹਾਂ ਬਾਤਾਂ ਦਾ ਤਿਆਗ ਕਰਕੇ ਉਸ ਸਚੇ ਸ੍ਵਾਮੀ ਦੀ ਸ਼ਰਣ ਫੜ ॥

# ਦਾਸਤਾਨ--ਕਹਾਣੀ

## داستان

(੧੩)ਮਰਾ ਐਤਬਾਰੇ ਬਰਈਂ ਕ਼ਸਮ ਨੇਸਤ।
ਕਿ ਏਜ਼ਦ ਗਵਾਹ ਅਸਤ ਯਜ਼ਦਾਂ ਯਕੇਸਤ ॥

(۱۳) مرا اعتبارے بریں قسم نیست - کہ ایزد گواہ است یزداں یکیست

ਮਰਾ = ਮੈਨੂੰ
ਐਤਬਾਰ = ਭਰੋਸਾ, ਵਿਸ਼ਵਾਸ, ਯਕੀਨ
ਬਰ = ਉਪਰ, ਉਤੇ, ਪਰ
ਈਂ = ਇਸ, ਏਹ
ਕਸਮ = ਸੌਂਹ, ਸੁਗੰਦ,
ਨੇਸਤ = ਨਹ–ਅਸਤ=ਨਹੀਂ ਹੈ

ਕਿ = ਕਿ, ਜੋ, ਕਿਉਂ ਜੋ
ਏਜ਼ਦ = ਕਰਤਾਰ, ਵਾਹਿਗੁਰੂ
ਗਵਾਹ = ਗੁਆਹ, ਸਾਖੀ
ਅਸਤ = ਹੈ
ਯਜ਼ਦਾਂ=ਵਾਹਿਗੁਰੂ,ਅਕਾਲਪੁਰਖ
ਯਕੇਸਤ=ਯਕ–ਅਸਤ,ਇੱਕ ਹੈ।

### ਅਰਥ

ਮੈਨੂੰ 'ਇਸ ਸੌਂਹ ਪਰ ਭਰੋਸਾ ਨਹੀਂ ਹੈ।
ਕਿਉਂ ਜੋ ਵਾਹਿਗੁਰੂ ਗੁਆਹ ਹੈ ਤੇ ਵਾਹਿਗੁਰੂ ਇੱਕ ਹੈ।

ਭਾਵ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ ਕਿ ਹੇ ਔਰੰਗਜ਼ੇਬ! ਮੈਂ ਉਸ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਕਹਿੰਦਾ ਹਾਂ ਕਿ ਮੈਨੂੰ ਤੇਰੀ ਇਸ ਸੌਗੰਦ ਦਾ ਭਰੋਸਾ ਨਹੀਂ ਹੈ ਕਿਉਂ ਜੋ ਤੇਰੇ ਸਰਦਾਰਾਂ ਨੇ ਮੇਰੇ ਨਾਲ ਸੁਗੰਦ ਖਾਕੇ ਤੇ ਅਹਦ ਨਾਮਾ ਕਰਕੇ ਮੇਰੇ ਪਰ ਚੜ੍ਹਾਈ ਕੀਤੀ ਜੋ ਕਿ ਸੂਰਬੀਰਾਂ ਦਾ ਕੰਮ ਨਹੀਂ ਹੈ।

## (੧੪) ਨ ਕ਼ਤਰਹ ਮਰਾ ਐਤਬਾਰੇ ਬਰੋਸਤ ।
## ਕਿ ਬਖ਼ਸ਼ੀ ਵ ਦੀਵਾਂ ਹਮਹ ਕਿਜ਼ਬ ਗੋਸਤ ॥

(۱۴) نہ قطرہ مرا اعتبارے براوست — کہ بخشی و دیواں ہمہ کذب گوست

ਨ = ਨਹੀਂ
ਕਤਰਹ = ਜ਼ਰਾ ਭਰ, ਪਾਣੀ ਦੀ ਬੂੰਦ
ਮਰਾ = ਮੈਨੂੰ
ਐਤਬਾਰ = ਭਰੋਸਾ, ਵਿਸ੍ਵਾਸ
ਬਰੋਸਤ = ਬਰ–ੳ–ਅਸਤ= ਉਪਰ–ਉਸਕੇ–ਹੈ

ਕਿ = ਕਿਉਂ ਜੋ
ਬਖ਼ਸ਼ੀ=ਫੌਜ ਦਾ ਵਡਾ ਸਰਦਾਰ ਸੈਨਾਪਤ
ਵ=ਅਤੇ
ਦੀਵਾਂ = ਵਜ਼ੀਰ, ਮਾਲ ਅਫਸਰ
ਹਮਹ = ਸਾਰੇ, ਸਭ
ਕਿਜ਼ਬ = ਝੂਠ
ਬਗੋਸਤ=ਬਗੋ–ਅਸਤ=ਕਹਣੇ–ਵਾਲੇ ਹੈਂ

### ਅਰਥ

ਮੈਨੂੰ ਉਸ ਉੱਤੇ ਜ਼ਰਾ ਭਰ ਭੀ ਭਰੋਸਾ ਨਹੀਂ ਹੈ।
ਕਿਉਂ ਜੋ ਬਖਸ਼ੀ ਅਤੇ ਦੀਵਾਨ ਸਭ ਝੂਠ ਬੋਲਣ ਵਾਲੇ ਹਨ।

### ਭਾਵ

ਹੇ ਔਰੰਗਜ਼ੇਬ ਤੇਰੇ ਸਭ ਅਫਸਰ ਬਖਸ਼ੀ ਤੇ ਦੀਵਾਨ ਆਦਿਕ ਝੂਠ ਬੋਲਣ ਵਾਲੇ ਹਨ ਇਸ ਲਈ ਮੈਂ ਕਿਸੇ ਉਤੇ ਜ਼ਰਾ ਭਰ ਭੀ ਭਰੋਸਾ ਨਹੀਂ ਕਰਦਾ ਹਾਂ–ਕਿਉਂ ਜੋ ਉਨ੍ਹਾਂ ਨੇ ਅਹਦਨਾਮਾ ਕਰਕੇ ਫੇਰ ਆਪਣੇ ਐਹਦ ਨਾਮੇ ਨੂੰ ਤੋੜਿਆ–ਹੇ ਬਾਦਸ਼ਾਹ ਜਦ ਤੇਰੇ ਸਾਰੇ ਸਰਦਾਰ ।ਇਸ ਪ੍ਰਕਾਰ ਦੇ ਝੂਠ ਬੋਲਣ ਵਾਲੇ ਹਨ ਫੇਰ ਤੇਰੀ ਸਲਤਨਤ ਦਾ ਕੋਈ ਠਿਕਾਣਾ ਨਹੀਂ ਹੈ ਤੈਨੂੰ ਚਾਹੀਦਾ ਹੈ ਕਿ ਤੂੰ ਐਸੇ ਝੂਠ ਬੋਲਣ ਵਾਲੇ ਸਰਦਾਰਾਂ ਨੂੰ ਦੰਡ ਦੇਵੇਂ ।

## (੧੫) ਕਸੇ ਕੌਲ ਕੁੱਰਾਂ ਕੁਨਦ ਐਤਬਾਰ ।
## ਹਮਾ ਰੋਜ਼ ਆਖ਼ਰ ਸ਼ਵਦ ਮਰਦ ਖ਼੍ਵਾਰ ॥

(۱۵) کسے قولِ قرآں کند اعتبار — ہماں روز آخر شود مرد خوار

| | |
|---|---|
| ਕਸੇ = ਕੋਈ ਆਦਮੀ, ਜੋ ਕੋਈ ਆਦਮੀ | ਹਮਾ = ਉਸੀ, ਓਹੀ |
| ਕੌਲ = ਇਕਰਾਰ, ਐਹਦ, ਬਾਤਚੀਤ, ਸੁਗੰਦ, ਸਪੱਥ | ਰੋਜ਼ = ਦਿਨ |
| ਕੁੱਰਾਂਨ=ਮੁਸਲਮਾਨਾਂ ਦੀ ਪਵਿੱਤ੍ਰ ਕਿਤਾਬ, ਮੁਸਲਮਾਨਾਂ ਦੀ ਧਰਮ ਪੁਸਤਕ | ਆਖ਼ਰ = ਅੰਤ |
| ਕੁਨਦ = ਕਰੇ | ਸ਼ਵਦ = ਹੁੰਦਾ ਹੈ |
| ਐਤਬਾਰ = ਭਰੋਸਾ, ਵਿਸ਼੍ਵਾਸ | ਮਰਦ = ਆਦਮੀ, ਪੁਰਸ਼ |
| | ਖ਼੍ਵਾਰ = ਖਰਾਬ, ਦੁਰਦਸ਼ਾ |

### ਅਰਥ

ਜੋ ਕੋਈ ਆਦਮੀ ਕੁਰਾਨ ਦੀ ਸੌਂਹ ਉਤੇ ਭਰੋਸਾ ਕਰੇ ਉਸੀ ਦਿਨ ਓਹ ਆਦਮੀ ਅੰਤ ਨੂੰ ਖਰਾਬ ਹੁੰਦਾ ਹੈ ॥

### ਭਾਵ

ਹੇ ਔਰੰਗਜ਼ੇਬ ਇਸ ਤੇਰੇ ਰਾਜ ਵਿਖੇ ਏਹ ਦਸ਼ਾ ਹੋ ਗਈ ਹੈ ਜੋ ਕੋਈ ਆਦਮੀ ਤੇਰੇ ਸਰਦਾਰਾਂ ਦੀ ਕੁਰਾਨ ਦੀ ਸੌਂਹ ਪਰ ਭਰੋਸਾ ਕਰਦਾ ਹੈ ਉਸੀ ਦਿਨ ਉਸਦੀ ਦੁਰਦਸ਼ਾ ਹੁੰਦੀ ਹੈ, ਕਿਆ ਤੂੰ ਇਸ ਬਾਤ ਨੂੰ ਪਸਿੰਦ ਕਰਦਾ ਹੈਂ ਕਿ ਤੁਹਾਡੀ ਧਰਮ ਪੁਸਤਕ ਇਸਪ੍ਰਕਾਰ ਬਦਨਾਮ ਹੋਵੇ ? ਤੇ ਅਗੇ ਨੂੰ ਸਭ ਲੋਕ ਜਾਣ ਗਏ ਹਨ ਤੇ ਕੋਈ ਹੁਣ ਕੁਰਾਨ ਦੀ ਸੌਂਹ ਪਰ ਭਰੋਸਾ ਨਹੀਂ ਕਰਦਾ ਹੈ ॥

(੧੬) ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ ।
ਬਰੋ ਦਸਤ ਦਾਰਦ ਨ ਜ਼ਾਗ ਦਲੇਰ ॥

(۱۶) ہُما را کسے سایہ آید بزیر ـ براو دست دارد نہ زاغ دلیر

ਹੁਮਾ=ਮੁਸਲਮਾਨਾਂ ਦਾ ਖਿਆਲ ਹੈ ਕਿ ਹੁਮਾ ਇਕ ਪ੍ਰਕਾਰ ਦਾ ਪੰਛੀ ਹੈ ਅਤੇ ਜੋ ਕੋਈ ਆਦਮੀ ਉਸਦੇ ਪਰਛਾਵੇਂ ਹੇਠ ਆਜਾਵੇ ਤਾਂ ਓਹ ਬਾਦਸ਼ਾਹ ਬਣ ਜਾਂਦਾ ਹੈ—ਅਤੇ ਹੁਮਾ ਸਾਰੇ ਪੰਛੀਆਂ ਦਾ ਬਾਦਸ਼ਾਹ ਖਿਆਲ ਕੀਤਾ ਜਾਂਦਾ ਹੈ ।

ਰਾ = ਦਾ

ਕਸੇ = ਜੋ ਆਦਮੀ, ਕੋਈ ਆਦਮੀ

ਸਾਯਹ = ਪੜਛਾਵਾਂ

ਆਯਦ = ਆਵੇ, ਆਏ

ਬ = ਸਾਥ

ਜੇਰ = ਹੇਠਾਂ, ਨੀਚੇ

ਬਰੋ = ਬਰ—ਓ = ਉਪਰ, ਉਸਦੇ

ਦਸਤ=ਹਥ

ਦਾਰਦ = ਰਖਦਾ ਹੈ

ਨ = ਨਹੀਂ

ਜ਼ਾਗ = ਕਾਉਂ

ਦਲੇਰ = ਬਹਾਦਰ

## ਅਰਥ

ਜੋ ਕੋਈ ਆਦਮੀ ਹੁਮਾਂ ਦੇ ਪੜਛਾਵੇਂ ਹੇਠਾਂ ਆ ਜਾਵੇ ਤਾਂ ਕਾਉਂ ਉਸ ਪਰ ਅਪਣੇ ਹੱਥ ਰੱਖਣ ਦੀ ਦਲੇਰੀ ਨਹੀਂ ਕਰ ਸਕਦਾ ਹੈ ।

**ਭਾਵ**—ਹੇ ਔਰੰਗਜ਼ੇਬ ਜਿਸ ਪ੍ਰਕਾਰ ਹੁਮਾ ਪੰਛੀ ਦੇ ਪੜਛਾਵੇਂ ਹੇਠਾਂ ਆਉਣ ਤੋਂ ਕਾਉਂ ਅਪਣੀ ਮਨਹੂਸੀ ਦਾ ਅਸਰ ਨਹੀਂ ਕਰ ਸਕਦਾ ਹੈ ਸੋ ਇਸੀ ਪ੍ਰਕਾਰ ਅਸੀਂ ਅਕਾਲ ਪੁਰਖ ਦੇ ਸਾਏ ਵਿਖੇ ਹਾਂ, ਤੂੰ ਜੋ ਕਾਉਂ ਰੂਪ ਹੈਂ ਖਾਲਸੇ ਦਾ ਕੁਝ ਨਹੀਂ ਬਿਗਾੜ ਸਕਦਾ ਹੈਂ,

## (੧੭)ਕਸੇ ਪੁਸ਼ਤ ਉਫ਼ਤਦ ਪਸ਼ੇ ਸ਼ੇਰ ਨਰ ।
## ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ ॥

(۱۷) کسے پُشت اُفتد پس شیر نر - نگیرد بزُو میش و آہو گذر

ਕਸੇ = ਜੋ ਕੋਈ ਆਦਮੀ
ਪੁਸ਼ਤ = ਪਿੱਠ
ਉਫ਼ਤਦ = ਪੜੇ, ਪਵੇ = ਪਿਠ ਪਿੱਛੇ ਪਵੇ ਅਰਥਾਤ ਸ਼ਰਨ ਵਿਖੇ ਜਾਵੇ
ਪਸੇ = ਪਿਛੇ
ਸ਼ੇਰਨਰ = ਨਰਸ਼ੇਰ, ਸਿੰਘ

ਨ = ਨਹੀਂ
ਗੀਰਦ = ਪਕੜਨਾ, ਫੜਨਾ
ਬੁਜ਼ੋ = ਬੁਜ–ਵ =ਬਕਰੀ –ਅਤੇ
ਮੇਸ਼ = ਭੇਡ
ਆਹੂ = ਹਿਰਣ
ਗੁਜ਼ਰ = ਲੰਘਣਾ, ਲਖਣਾ

### ਅਰਥ

ਜੋ ਕੋਈ ਸ਼ੇਰ ਦੀ ਸ਼ਰਨ ਵਿਖੇ ਜਾਵੇ ਉਸ ਨੂੰ ਬਕਰੀ, ਭੇਡ ਅਤੇ ਹਿਰਣ ਫੜਨ ਲਈ ਨਹੀਂ ਲੰਘ ਸਕਦੇ।

### ਭਾਵ

ਜਿਸ ਪ੍ਰਕਾਰ ਸ਼ੇਰ ਦੇ ਪਾਸ ਜਾਣ ਤੋਂ ਬਕਰੀ, ਭੇਡ ਹਿਰਣ ਆਦਿਕ ਉਸ ਨੂੰ ਨਹੀਂ ਫੜ ਸਕਦੇ ਸੋ ਇਸੀ ਪ੍ਰਕਾਰ ਹੇ ਔਰੰਗ-ਜ਼ੇਬ ਅਸੀਂ ਅਕਾਲ ਪੁਰਖ ਦੀ ਸ਼ਰਣ ਵਿਖੇ ਹਾਂ ਤੂੰ ਭੇਡ ਤੇ ਬਕਰੀ ਦੀ ਤਰਾਂ ਸਾਨੂੰ ਨਹੀਂ ਫੜ ਸਕਦਾ ਹੈਂ ॥

## (੧੮) ਕ਼ਸਮ ਮੁਸਹਫੇ ਖ਼ੁਫੀਯਾ ਗਰ ਮਨ ਖ਼ੁਰਮ ।
## ਨ ਫੌਜੇ ਅਜ਼ੀਂ ਜ਼ੇਰ ਸੁਮ ਅਫਗਨਮ ॥

(۱۸) قسم مصحفِ خفیہ گر من خورم — نہ فوج ازیں زیر سُم افگنم

| | |
|---|---|
| ਕ਼ਸਮ = ਸੌਂਹ, ਸੁਗੰਦ, ਸਪਥ | ਨ = ਨਹੀਂ |
| ਮੁਸਹਫੇ = ਕੁਰਾਨ ਦੀ, ਧਰਮ ਪੁਸਤੱਕ ਦੀ | ਫੌਜੇ = ਫੌਜ ਦਾ, ਸੈਨਾਂ ਦਾ |
| ਖ਼ੁਫੀਯਾ= ਲੁਕਕੇ, ਝੂਠੀ | ਅਜ਼ੀਂ = (ਅਜ਼, ਈਂ)ਇਸ ਤੋਂ |
| ਗਰ = ਅਗਰ, ਜੇ | ਜ਼ੇਰ = ਹੇਠਾਂ, ਨੀਚੇ |
| ਮਨ = ਮੈਂ | ਸੁਮ = ਘੋੜੇ ਦਾ ਸੁਮ, ਪੌੜ |
| ਖ਼ੁਰਮ = ਮੈਂ ਖਾਂਦਾ | ਅਫਗਨਮ = ਮੈਂ ਗੇਰਦਾ, ਡਾਲਦਾ |

### ਅਰਥ

ਜੇ ਮੈਂ ਭੀ ਇਸਤ੍ਹਾਂ ਧਰਮ ਪੁਸਤਕ ਦੀ ਝੂਠੀ ਸੌਂਹ ਖਾਂਦਾ ਤਾਂ (ਆਪਣੀ) ਫੌਜ ਦੇ ਘੋੜੇ ਦਾ ਸੁਮ ਹੇਠਾਂ ਨਾ ਗੇਰਦਾ ।

### ਭਾਵ

ਹੇ ਔਰੰਗਜ਼ੇਬ ! ਜਿਸ ਪ੍ਰਕਾਰ ਤੇਰੇ ਅਹਿਲਕਾਰਾਂ ਨੇ ਝੂਠੀ ਸੌਂਹ ਖਾਕੇ ਸਾਡੇ ਨਾਲ ਦਗ਼ਾ ਕੀਤਾ ਹੈ ਜੇ ਅਸੀਂ ਭੀ ਇਸ ਪ੍ਰਕਾਰ ਝੂਠੀ ਸੌਂਹ ਖਾਂਦੇ ਤਾਂ ਕਦੇ ਅਨੰਦਪੁਰ ਦੇ ਪਹਾੜ ਤੋਂ ਹੇਠਾਂ ਆਪਣੀ ਸੈਨਾਂ ਨੂੰ ਨਾ ਉਤਾਰਦੇ, ਇਸਤੋਂ ਸਿੱਧ ਹੈ ਕਿ ਅਸੀ ਆਪਣੇ ਬਚਨ ਪਰ ਪਕੇ ਰਹੇ, ਪਰ ਤੇਰੇ ਅਹਿਲਕਾਰਾਂ ਨੇ ਝੂਠੀ ਸੌਂਹ ਖਾਕੇ ਸਾਡੇ ਨਾਲ ਦਗਾ ਕੀਤਾ ॥

## (੧੯) ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ ।
## ਕਿ ਦਹਲਕ ਬਰਾਯਦ ਬਰੋ ਬੇਖ਼ਬਰ ॥

(۱۹) گرسنہ چہ کارے کُند چہل نر — کہ دہ لک بر آید برو بے خبر

ਗੁਰਸਨਹ = ਭੁੱਖੇ - ਁ
ਚਿ = ਕਿਆ
ਕਾਰ = ਕੰਮ
ਕੁਨਦ = ਕਰੇ
ਚਿਹਲ = ਚਾਲ਼ੀ ੪੦
ਨਰ = ਆਦਮੀ

ਕਿ = ਕਿ
ਦਹ = ਦਸ
ਲਕ = ਲਖ, ਸੌ ਹਜ਼ਾਰ ਦਾ
ਇਕ ਲਖ
ਬਰਾਯਦ = ਆ ਜਾਵੇ
ਬਰੋ = ਬਰ-ਓ = ਉਤੇ, ਉਸਦੇ
ਬੇਖਬਰ = ਬਿਨਾ ਪਤੇ, ਅਨਭੋਲ

### ਅਰਥ

ਭੁੱਖੇ ਚਾਲ਼ੀ ਆਦਮੀ ਕੀ ਕੰਮ ਕਰ ਸਕਦੇ ਹਨ ਕਿ ਉਨ੍ਹਾਂ ਪਰ ਬੇਖਬਰ ਦਸ ਲਖ ਆਦਮੀ ਚੜ੍ਹ ਆਵੇ ।

### ਭਾਵ

ਹੇ ਔਰੰਗਜ਼ੇਬ ਤੂੰਹੀਂ ਸੋਚ ਕਿ ਸਾਡੇ ਚਾਲੀ ਸਿੰਘ ਓਹ ਭੀ ਜੋ ਕਈ ਦਿਨਾਂ ਦੇ ਭੁੱਖੇ ਹੋਣ ਤੈਨੂੰ ਕੀ ਬਹਾਦਰੀ ਦਿਖਾਉਣ ਜਦੋਂ ਕਿ ਬਿਨਾਂ ਖਬਰ ਤੋਂ ਉਨ੍ਹਾਂ ਪਰ ਦਸ ਲੱਖ ਫੌਜ ਟੁੱਟ ਪਏ, ਕਿਆ ਕੋਈ ਇਹ ਯੁਧ ਕਰਨ ਦਾ ਧਰਮ ਹੈ, ਜੇ ਤੇਰੀ ਫੌਜ ਨੇ ਸੂਰਮਿਆਂ ਦੀ ਭਾਂਤ ਜੁੱਧ ਕਰਨਾ ਸੀ ਤਾਂ ਸਾਨੂੰ ਬਾਕਾਇਦਾ ਇਤਲਾਹ ਦਿੰਦਾ, ਫੇਰ ਸਾਡੇ ਸਿੰਘਾਂ ਦੀ ਸੂਰਮਤਾ ਤੇ ਅਮ੍ਰਿਤ ਦੀ ਸ਼ਕਤੀ ਨੂੰ ਤੇਰੀ ਫੌਜ ਵੇਖਦੀ ।

(੨੦) ਕਿ ਪੈਮਾਂ ਸ਼ਿਕਨ ਬੇਦਰੰਗ ਆਮਦੰਦ।
ਮਯਾਂ ਤੇਗ਼ੋ ਤੀਰੋ ਤੁਫ਼ੰਗ ਆਮਦੰਦ ॥

(۲۰) کہ پیماں شکن بیدرنگ آمدند — میاں تیغ و تیر و تفنگ آمدند

ਪੈਮਾਂ = ਅਕਰਾਰ, ਐਹਦ, ਬਚਨ
ਸ਼ਿਕਨ = ਤੋੜਨੇ ਵਾਲੇ, ਭੰਗ ਕਰਨ ਵਾਲੇ
ਬੇਦਰੰਗ = ਝਟ ਪਟ, ਬਿਨਾਂ ਦੇਰ ਤੋਂ
ਆਮਦੰਦ = ਆਏ

ਮਯਾਂ = ਵਿਖੇ, ਵਿੱਚ
ਤੇਗ਼ੋ = ਤੇਗ–ਵ=ਤਲਵਾਰ, ਅਤੇ
ਤੀਰੋ = ਤੀਰ–ਵ = ਤੀਰ, ਅਤੇ
ਤੁਫੰਗ = ਬੰਦੂਕ
ਆਮਦੰਦ = ਆਏ

## ਅਰਥ

ਓਹ ਅਕਰਾਰ ਦੇ ਤੋੜਨ ਵਾਲੇ ਝਟ ਪਟ ਆਏ, ਤਲਵਾਰ, ਤੀਰ ਅਤੇ ਬੰਦੂਕਾਂ ਚਲਾਉਣ ਲਗੇ।

## ਭਾਵ

ਹੇ ਔਰੰਗਜ਼ੇਬ ਤੇਰੀ ਫੌਜ ਦੇ ਲੋਗ ਜਿਨ੍ਹਾਂ ਨੇ ਕਿ ਸਾਡੇ ਨਾਲ ਕੁਰਾਨ ਦੀ ਸੌਂਹ ਖਾਕੇ ਏਹ ਨਿਯਮ ਕੀਤਾ ਸੀ ਕਿ ਤੁਸੀਂ ਅਨੰਦ ਪੁਰ ਨੂੰ ਛੱਡਕੇ ਕਿਸੀ ਅਸਥਾਨ ਵਿਖੇ ਚਲੇ ਜਾਓ ਤੁਹਾਨੂੰ ਕੁਝ ਨਹੀਂ ਕਿਹਾ ਜਾਵੇਗਾ। ਆਪਣੇ ਬਚਨ ਨੂੰ ਭੰਗ ਕਰਕੇ ਝਟ ਪਟ ਸਾਡੇ ਪਰ ਚੜ੍ਹ ਆਏ ਅਤੇ ਸਾਡੇ ਨਾਲ ਜੁੱਧ ਕਰਨਾ ਅਰੰਭ ਕਰ ਦਿਤਾ॥

# (੨੧) ਬ ਲਾਚਾਰਗੀ ਦਰਮਿਯਾਂ ਆਮਦਮ ।
# ਬ ਤਦਬੀਰ ਤੀਰੋ ਤੁਫੰਗ ਆਮਦਮ ॥

(۲۱) بہ لاچارگی درمیاں آمدم — بہ تدبیرِ تیرو تفنگ آمدم

| | |
|---|---|
| ਬ = ਸਾਥ, ਨਾਲ | ਬ = ਸਾਥ |
| ਲਾਚਾਰਗੀ = ਲਾਚਾਰੀ, ਅੰਤ ਨੂੰ ਮਜਬੂਰੀ ਜਿਸਦਾ ਕੋਈ ਉਪਾਉ ਨਾ ਹੋਵੇ | ਤਦਬੀਰ = ਜੁਗਤੀ, ਤਰੀਕਾ |
| ਦਰਮਯਾਂ = ਵਿਚ, ਵਿਖੇ | ਤੀਰੋ = ਤੀਰ–ਵ = ਤੀਰ, ਅਤੇ |
| ਆਮਦਮ = ਆਮਦ–ਅਮ = ਮੈਂ ਆਇਆ | ਤੁਫੰਗ = ਬੰਦੂਕ |
| | ਆਮਦਮ = ਮੈਂ ਆਇਆ |

## ਅਰਥ

ਅੰਤ ਨੂੰ ਮੈਂ ਭੀ (ਜੁੱਧ) ਦੇ ਵਿਖੇ ਆਇਆ ਅਤੇ ਤੀਰ ਅਰ ਬੰਦੂਕ ਦੀ ਜੁਗਤੀ ਕੀਤੀ ।

## ਭਾਵ

ਹੇ ਔਰੰਗਜ਼ੇਬ ਜਦ ਤੇਰੇ ਬਚਨ ਭੰਗ ਕਰਨੇ ਵਾਲੇ ਸਰਦਾਰਾਂ ਨੇ ਮੈਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਮੇਰੇ ਲਈ ਕੋਈ ਉਪਾਉ ਨਹੀਂ ਰਿਹਾ ਤਾਂ ਅੰਤ ਨੂੰ ਮੈਂ ਭੀ ਤੀਰ ਅਤੇ ਗੋਲੀਆਂ ਉਨ੍ਹਾਂ ਉਤੇ ਚਲਾਉਣ ਲੱਗਾ, ਸੰਧੀ (ਸੁਲਾਹ) ਹੋਣ ਪਿਛੋਂ ਮੇਰੇ ਜੁੱਧ ਕਰਨ ਦਾ ਖਿਆਲ ਨਹੀਂ ਸੀ ਪਰ ਤੇਰੇ ਹੀ ਸਰਦਾਰਾਂ ਦੇ ਮਜਬੂਰ ਕਰਨ ਨਾਲ ਮੈਨੂੰ ਭੀ ਯੁੱਧ ਭੂਮੀ ਵਿਖੇ ਲੜਨ ਲਈ ਆਉਣਾ ਪਿਆ ।

## (੨੨) ਚੁਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੇਰ ਦਸਤ॥

(۲۲) چو کار از ہمہ حیلتے در گذشت — حلال است بردن بہ شمشیر دست

| | |
|---|---|
| ਚੁ = ਜਬ, ਜਦੋਂ, ਜਿਸ ਵੇਲੇ | ਹਲਾਲ = ਧਰਮ ਅਨੁਸਾਰ ਠੀਕ ਉਚਿਤ |
| ਕਾਰ =ਕਮ | ਅਸਤ= ਹੈ |
| ਅਜ਼ = ਸੇ, ਤੋਂ | ਬੁਰਦਨ = ਲੈ ਜਾਣਾ |
| ਹਮਹ = ਸਾਰੇ, ਸਾਰਿਆਂ | ਬ = ਪਰ, ਉਤੇ |
| ਹੀਲਤੇ = ਉਪਾਉ, ਬਹਾਨਾ, ਧੋਖਾ | ਸ਼ਮਸ਼ੇਰ = ਤਲਵਾਰ, ਸ੍ਰੀ ਸਾਹਿਬ |
| ਦਰਗੁਜਸ਼ਤ = ਲੰਘ ਜਾਵੇ ਗੁਜ਼ਰ ਜਾਵੇ. | ਦਸਤ = ਹਥ |

### ਅਰਥ

ਜਦੋਂ ਸਭ ਉਪਾਵਾਂ ਤੋਂ ਕੰਮ ਲੰਘ ਜਾਵੇ (ਫੇਰ) ਤਲਵਾਰ ਪਰ ਹਥ ਲੈ ਜਾਣਾ ਧਰਮ ਅਨੁਸਾਰ ਹੁੰਦਾ ਹੈ।

### ਭਾਵ

ਹੇ ਔਰੰਗਜ਼ੇਬ! ਜੇ ਤੂੰ ਏਹ ਆਖੇਂ ਕਿ ਬੇਸ਼ਕ ਮੇਰੇ ਸਰਦਾਰਾਂ ਨੇ ਤਾਂ ਆਪਣੇ ਬਚਨ ਨੂੰ ਤੋੜਿਆ ਪਰ ਤੁਸੀ ਤਾਂ ਆਪਣੇ ਨਿਯਮ ਪਰ ਪੱਕਾ ਰਹਿਣਾ ਸੀ, ਤੁਸੀ ਕਿਉਂ ਤੀਰ ਤੇ ਗੋਲੀਆਂ ਚਲਾਉਣ ਲਗੇ, ਇਸ ਲਈ ਮੈਂ ਤੈਨੂੰ ਦਸਦਾ ਹਾਂ ਕਿ ਜਿਥੇ ਸਭ ਉਪਾਉ ਰਹ ਜਾਣ ਉਥੇ ਤਲਵਾਰ ਫੜਨੀ ਧਰਮ ਅਨੁਸਾਰ ਹੁੰਦੀ ਹੈ ਇਸ ਲਈ ਸਾਨੂੰ ਤਲਵਾਰ ਫੜਨੀ ਪਈ ਤੇ ਅਸੀਂ ਆਪਣੇ ਨਿਯਮ ਪਰ ਪੱਕੇ ਰਹੇ ਏਹ ਸਭ ਤੇਰੇ ਸਰਦਾਰਾਂ ਦਾ ਹੀ ਦੋਸ਼ ਹੈ॥

**(੨੩) ਚਿ ਕਸਮੇ ਕੁਰਾਂ ਮਨ ਕੁਨਮ ਐਤਬਾਰ।**
**ਵਗ ਰਨਹ ਤੁ ਗੋਈ ਮਨ ਈਂ ਰਹਚਿ ਕਾਰ॥**

(۲۳) چہ قسم قرآں من کنم اعتبار — دگرنہ تو گوئے من ایں رہ چہ کار

ਚਿ = ਕਿਯਾ
ਕਸਮੇ ਕੁਰਾਂ = ਕੁਰਾਨ ਦੀ ਸੌਂਹ
ਮਨ = ਮੈਂ
ਕੁਨਮ = ਮੈਂ ਕਰਾਂ
(ਇਹ ਉਤਮ ਪੁਰਖ ਦਾ ਇਕ ਬਚਨ ਹੈ)
ਐਤਬਾਰ = ਭਰੋਸਾ, ਵਿਸਵਾਸ

ਵਗਰਨਹ = ਨਹੀਂ ਤਾਂ
ਤੁ = ਤੂੰ
ਗੋਈ = ਤੂੰ ਕਹੇ (ਏਹ ਮਧਮ ਪੁਰਖ ਦਾ ਇਕ ਬਚਨ ਹੈ)
ਮਨ = ਮੇਰਾ
ਈਂ = ਏਹ, ਇਸ
ਰਹ = ਰਸਤਾ, ਰਾਹੇ
ਚਿ = ਕਿਯਾ
ਕਾਰ = ਕੰਮ

## ਅਰਥ

ਮੈਂ ਕੁਰਾਨ ਦੀ ਸੌਂਹ ਦਾ ਕੀ ਭਰੋਸਾ ਕਰਾਂ, ਨਹੀਂ ਤਾਂ ਤੂੰ ਕਹੁ ਮੇਰਾ ਇਸ ਰਸਤੇ ਨਾਲ ਕੀ ਕੰਮ।

## ਭਾਵ

ਹੇ ਬਾਦਸ਼ਾਹ ਔਰੰਗਜ਼ੇਬ ਮੈਂ ਤੇਰੇ ਕੁਰਾਨ ਦੀ ਸੁਗੰਦ ਦਾ ਹੁਣ ਕੀ ਵਿਸ਼ਵਾਸ ਕਰਾਂ ਦੇਖ ਤੈਨੇ ਵਿਸਾਹ ਦੇਕੇ ਵਿਸਵਾਸ ਘਾਤ ਕੀਤਾ, ਜੇ ਮੈਂ ਤੇਰੀ ਸੁਗੰਦ ਦਾ ਭਰੋਸਾ ਨਾ ਕਰਦਾ ਤਾਂ ਤੂੰਹੀਂ ਦਸ ਮੈਂ ਅਨੰਦ ਪੁਰ ਨੂੰ ਛੱਡਕੇ ਇਸ ਜੰਗਲ ਦੇ ਰਸਤੇ ਕਿਉਂ ਪੈਂਦਾ ਤੇ ਆਪਣੇ ਪਿਆਰੇ ਸਿੰਘਾਂ ਨੂੰ ਮਰਵਾਉਂਦਾ ?

(ਨੋਟ) ਇਸਤੋਂ ਏਹ ਸਿਖਯਾ ਮਿਲਦੀ ਹੈ ਕਿ ਵੈਰੀ ਦੀ ਸੌਂਹ ਦਾ ਭਰੋਸਾ ਨਹੀਂ ਕਰਨਾ ਚਾਹੀਦਾ ਹੈ॥

# (੨੪) ਨ ਦਾਨਮ ਕਿ ਈਂ ਮਰਦ ਰੋਬਾਹ ਪੇਚ ।
# ਵਗਰ ਹਰਗਜ਼ ਈਂ ਰਹ ਨਯਾਰਦ ਬਹੇਚ ॥

(۲۴) ندانم کہ این مرد روباہ پیچ — وگرنہ ہرگز این رہ نیارد بہیچ

ਨ = ਨਹੀਂ
ਦਾਨਮ = ਮੈਂ ਜਾਨਦਾ ਸੀ
ਕਿ = ਕਿ, ਜੋ
ਈ = ਇਹ
ਮਰਦ = ਆਦਮੀ, ਪੁਰਸ਼
ਰੋਬਾਹ = ਲੂੰਬੜੀ
ਪੇਚ = ਫਰੇਬ, ਧੋਖਾ, ਛਲ, ਕਪਟ

ਵਗਰ = ਨਹੀਂ ਤਾਂ
ਹਰਗਜ਼ = ਕਦੇ ਭੀ
ਈਂ = ਇਹ, ਇਸ
ਰਹ = ਰਸਤੇ
ਨਯਾਰਦ = ਨ–ਯਾਰਦ, ਨਹੀਂ ਲਿਆਉਂਦਾ
ਬਹੇਚ = ਬ–ਹੇਚ, ਸਾਡ ਕੋਈ ਚੀਜ਼, ਕੋਈ ਬਾਤ

## ਅਰਥ

ਮੈਂ ਏਹ ਨਹੀਂ ਜਾਣਦਾ ਸੀ ਕਿ ਏਹ ਆਦਮੀ ਲੂੰਬੜੀ ਦੇ ਪੇਚ (ਕਪਟ) ਵਾਲੇ ਹਨ ਨਹੀਂ ਤਾਂ ਕਿਸੀ ਤਰਾਂ ਕੋਈ ਚੀਜ਼ ਭੀ ਮੈਨੂੰ ਇਸ ਰਸਤੇ ਵਿਖੇ ਨਹੀਂ ਲਿਆ ਸਕਦੀ ਸੀ।

## ਭਾਵ

ਹੇ ਔਰੰਗਜ਼ੇਬ ! ਮੈਂ ਇਨ੍ਹਾਂ ਆਦਮੀਆਂ ਨੂੰ ਅਰਥਾਤ ਤੇਰੇ ਸਰਦਾਰਾਂ ਨੂੰ ਨੇਕ ਤੇ ਆਪਣੇ ਬਚਨਾਂ ਦੇ ਪੱਕੇ ਜਾਣਦਾ ਸੀ ਇਸੀ ਕਰਕੇ ਮੈਨੇ ਉਨ੍ਹਾਂ ਦੀ ਸੌਂਹ ਦਾ ਭਰੋਸਾ ਕੀਤਾ, ਜੇ ਮੈਂ ਏਹ ਜਾਣਦਾ ਜੋ ਏਹ ਲੂੰਬੜੀ ਦੀ ਭਾਂਤ ਪੇਚ ਖੇਡਣਗੇ ਤਾਂ ਮੈਨੂੰ ਕੋਈ ਲਾਲਚ ਯਾ ਡਰ ਯਾ ਤੁਹਾਡੀ ਬਹਾਦਰੀ ਅਨੰਦ ਪੁਰ ਤੋਂ ਬਾਹਰ ਨਹੀਂ ਕਢ ਸਕਦੀ ਸੀ ॥

## (੨੫) ਹਰਾਂ ਕਸ ਕਿ ਕੌਲੇ ਕੁਰਾਂ ਆਯਦਸ਼।
## ਨਜ਼ੋ ਬਸਤਨੋ ਕੁਸ਼ਤਨੋ ਬਾਯਦਸ਼ ॥

(۲۵) ہر آنکس کہ قولِ قرآں آیدش — نہ زو بستن و کشتن بایدش

| | |
|---|---|
| ਹਰਾਂ ਕਸ = ਜੋ ਕੋਈ ਆਦਮੀ | ਨਜ਼ੋ = ਨ–ਅਜ਼–ਓ, ਨਹੀਂ, ਤੋ ਉਸ–ਉਸਨੂੰ ਨਹੀਂ |
| ਕਿ=ਕੀ | ਬਸਤਨੋ = ਬਸਤਨ,ਵ–ਬੰਨਣਾ, ਅਤੇ,ਕੈਦ ਕਰਨਾ |
| ਕੌਲੇ = ਕਸਮ, ਬਚਨ,ਸੌਂਹ ਸੁਗੰਦ | ਕੁਸ਼ਤਨੋ= ਕੁਸ਼ਤਨ–ਓ, ਮਾਰਨਾ ਉਸਨੂੰ |
| ਕੁਰਾਂ = ਮੁਸਲਮਾਨਾਂ ਦੀ ਧਰਮ ਪੁਸਤਕ | ਬਾਯਦਸ਼ = ਚਾਹੀਦਾ ਹੈ |
| ਆਯਦਸ਼ = ਆਵੇ | |

### ਅਰਥ

ਜੋ ਕੋਈ ਆਦਮੀ ਕੁਰਾਨ ਦੀ ਸੁਗੰਦ ਨਾਲ ਆਵੇ ਉਸਨੂੰ ਕੈਦ ਕਰਨਾ ਤੇ ਮਾਰਨਾ ਨਹੀਂ ਚਾਹੀਦਾ ਹੈ ।

### ਭਾਵ

ਹੇ ਔਰੰਗਜ਼ੇਬ ! ਜੇ ਕੋਈ ਆਦਮੀ ਕਿਸੀ ਦੀ ਧਰਮ ਪੁਸਤਕ ਦੀ ਸੌਂਹ ਪਰ ਭਰੋਸਾ ਕਰਕੇ ਆ ਜਾਵੇ ਤਾਂ ਉਸਨੂੰ ਕੈਦ ਕਰਨਾ ਤੇ ਮਾਰਨਾ ਨਹੀਂ ਚਾਹੀਦਾ ਹੈ ਪਰ ਤੇਰੇ ਜਰਦਾਰਾਂ ਨੇ ਇਸ ਤੋਂ ਉਲਟ ਕੀਤਾ ਕਿ ਉਨ੍ਹਾਂ ਨੇ ਕੁਰਾਨ ਦੀ ਸੌਂਹ ਖਾਕੇ ਸਾਨੂੰ ਵਿਸਵਾਸ ਦਿਤਾ ਤੇ ਫੇਰ ਸਾਨੂੰ ਕੈਦ ਕਰਨ ਲਈ ਤੇ ਮਾਰਨ ਲਈ ਯਤਨ ਕਰਨ ਲਗੇ, ਜੋ ਕਿ ਧਰਮ ਤੋਂ ਸਰਾਸਰ ਉਲਟ ਤੇ ਵਿਰੁੱਧ ਹੈ। ਕਜਾ ਇਸ ਪ੍ਰਕਾਰ ਕਰਨ ਨਾਲ ਤੁਹਾਡੀ ਧਰਮ ਪੁਸਤਕ ਕੁਰਾਨ ਦੀ ਨਿਰਾਦਰੀ ਨਹੀਂ ਹੁੰਦੀ ਹੈ ! ਕਜਾ ਤੂੰ ਇਸ ਬਾਤ ਨੂੰ ਪਸਿੰਦ ਕਰਦਾ ਹੈਂ ਕਿ ਕੁਰਾਨ ਦੀਆਂ ਇਸ ਤਰਾਂ ਝੂਠੀਆਂ ਸੌਂਹਾਂ ਖਾਧੀਆਂ ਜਾਣ ?

(੨੬) ਬਰੰਗੇ ਮਗਸ ਸਯਾਹ ਪੋਸ਼ ਆਮਦੰਦ ।
ਬ ਯਕਬਾਰਗੀ ਦਰ ਖ਼ਰੋਸ਼ ਆਮਦੰਦ ॥

(۲۶) به رنگِ مگس سیاه پوش آمدند - بیکبارگی در خروش آمدند

ਬਰੰਗ= ਰੰਗ, ਭਾਂਤ, ਤਰ੍ਹਾਂ, ਵਾਂਗੂ
ਏ = ਦੀ
ਮਗਸ = ਮਖੀ
ਸਯਾਹ = ਕਾਲ਼ੀ
ਪੋਸ਼ = ਲਿਬਾਸ, ਪੁਸ਼ਾਕ, ਵਰਦੀ
ਆਮਦੰਦ = ਆਏ

ਬ = ਸਾਥ
ਯਕਬਾਰਗੀ = ਇਕੋ ਬਾਰੀ
ਦਰ = ਵਿਖੇ, ਵਿੱਚ
ਖਰੋਸ਼ = ਡੰਡ, ਰੌਲਾ
ਆਮਦੰਦ = ਆਏ

## ਅਰਥ

ਕਾਲ਼ੀਆਂ ਵਰਦੀਆਂ ਵਾਲੇ ਮੱਖੀਆਂ ਦੀ ਭਾਂਤ ਆਏ ਤੇ ਇੱਕੋ ਬਾਰੀ ਰੌਲ਼ਾ ਪਾਉਣ ਲਗ ਪਏ ।

## ਭਾਵ

ਹੇ ਔਰੰਗਜ਼ੇਬ ! ਤੇਰੀ ਫੌਜ ਦੇ ਸਿਪਾਹੀ ਜਿਨ੍ਹਾਂ ਦੇ ਕਾਲ਼ੀਆਂ ਵਰਦੀਆਂ ਪਹਰੀਆਂ ਹੋਈਆਂ ਸਨ ਭੁਮਣੇ ਦੀ ਮੱਖੀਆਂ ਦੀ ਭਾਂਤ ਸਾਡੇ ਪਰ ਆਏ ਤੇ ਇਕੋ ਬਾਰੀ ਫੜ ਲਓ, ਮਾਰ ਲਓ, ਜਾਣਾ ਨਾਂ ਪਾਵੇ ਦਾ ਰੌਲ਼ਾ ਪਾਉਣ ਲਗੇ। ਕਿਆ ਤੂੰ ਇਸ ਬਾਤ ਨੂੰ ਧਰਮ ਅਨੁਸਾਰ ਸਮਝਦਾ ਹੈਂ ਕਿ ੪੦ ਭੁਖੇ ਆਦਮੀਆਂ ਪਰ ਮੱਖੀਆਂ ਦੀ ਤਰਾਂ ਲਸ਼ਕਰ ਟੁੱਟ ਪਏ, ਪਰ ਵਾਹਿਗੁਰੂ ਦੀ ਸ਼ਕਤੀ ਦੇਖੋ ਕਿ ਜਦ ਸਾਨੂੰ ਤੇਰੇ ਸਿਪਾਹੀ ਫੜ ਯਾ ਮਾਰ ਨਾ ਸਕੇ ਤਾਂ ਅੰਤ ਨੂੰ ਕਮੀਨਗਾਹਾਂ ਅਰਥਾਤ ਖੰਦਕਾਂ ਬਣਾਕੇ ਤੇ ਬਾਗ ਦੀ ਕੰਧ ਦੀ ਓਟ ਲੈਕੇ ਚਮਕੌਰ ਦੀ ਗੜ੍ਹੀ ਨੂੰ ਚਾਰੇ ਪਾਸਿਓਂ ਘੇਰ ਲਿਆ ॥

## (੨੭) ਹਰਾਂ ਕਸ ਜ਼ਿ ਦੀਵਾਰ ਆਮਦ ਬਰੂੰ।
## ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕ਼ ਖ਼ੂੰ॥

(۲۷) ہر آنکس زِ دیوار آمد بروں — بخوردن یکے تیر شد غرق خوں

ਹਰਾਂ = ਜੋ ਕੋਈ
ਕਸ = ਆਦਮੀ
ਜ਼ਿ = ਸੇ, ਤੋਂ
ਦੀਵਾਰ = ਕੰਧ, ਆੜ
ਆਮਦ = ਆਇਆ
ਬਰੂੰ = ਬਾਹਰ

ਬਖੁਰਦਨ= ਬ-ਖੁਰਦਨ,ਨਾਲ, ਖਾਣ ਦੇ
ਯਕੇ = ਇਕ
ਤੀਰ = ਤੀਰ
ਸ਼ੁਦ = ਹੋਇਆ
ਗ਼ਰਕ਼ = ਡੁਬਣਾ
ਖ਼ੂੰ = ਲਹੂ, ਖ਼ੂਨ

## ਅਰਥ

ਜੋ ਕੋਈ ਆਦਮੀ ਆੜ ਤੋਂ ਬਾਹਰ ਆਇਆ ਇੱਕੋ ਹੀ ਤੀਰ ਖਾਕੇ ਲਹੂ ਵਿੱਚ ਡੁਬ ਗਿਆ ॥

## ਭਾਵ

ਪਰ ਹੇ ਔਰੰਗਜ਼ੇਬ ! ਫੇਰ ਭੀ ਸਾਡੀ ਬਹਾਦਰੀ ਦੇਖ ਕਿ ਤੇਰੀ ਸੈਨਾਂ ਦਾ ਜੋ ਕੋਈ ਜੁਆਨ ਆਪਣੀ ਖੰਦਕ ਦੀ ਆੜ ਨੂੰ ਛੱਡਕੇ ਸਾਨੂੰ ਫੜਨ ਲਈ ਬਾਹਰ ਨਿਕਲਿਆ, ਓਹੀ ਸਾਥੋਂ ਇਕ ਤੀਰ ਖਾਕੇ ਲਹੂ ਵਿਚ ਡੂਬ ਗਿਆ ਅਰਥਾਤ ਸਾਡਾ ਇੱਕ ਭੀ ਤੀਰ ਨਿਸਫਲ ਨਹੀਂ ਗਿਆ, ਜਿਸਨੇ ਕਿ ਤੇਰੇ ਜੁਆਨ ਦਾ ਕੰਮ ਨਾ ਕੀਤਾ ਹੋਵੇ ॥

(੨੯) ਕਿ ਬੈਰੂੰ ਨ ਆਮਦ ਕਸੇ ਜ਼ਾਂ ਦੀਵਾਰ।
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ॥

(۲۸) کہ بیروں نیامد کسے زاں دیوار - نخوردند تیر و نگشتند خوار

ਕਿ = ਜੋ ਕਿ
ਬੇਰੂੰ = ਬਾਹਰ
ਨ = ਨਹੀਂ
ਆਮਦ = ਆਇਆ
ਕਸੇ = ਕੋਈ ਆਦਮੀ
ਜ਼ਾਂ = ਉਸ
ਦੀਵਾਰ = ਕੰਧ, ਆੜ

ਨ = ਨਹੀਂ
ਖ਼ੁਰਦੰਦ = ਉਸਨੇ ਖਾਇਆ
ਤੀਰੋ = ਤੀਰ-ਓ, ਤੀਰ-ਉਸਨੇ
ਨਗਸ਼ਤੰਦ = ਨ–ਗਸ਼ਤੰਦ. ਨਾ, ਹੋਇਆ
ਖ਼੍ਵਾਰ = ਖਰਾਬ

## ਅਰਥ

ਉਸ ਆੜ ਤੋਂ ਫੇਰ ਕੋਈ ਆਦਮੀ ਬਾਹਰ ਨਾਂ ਆਇਆ ਨਾਂ ਉਸਨੇ ਤੀਰ ਖਾਧਾ ਤੇ ਨਾਂ ਓਹ ਖਰਾਬ ਹੋਇਆ।

## ਭਾਵ

ਹੇ ਔਰੰਗਜ਼ੇਬ! ਜਦ ਸਾਡਾ ਕੋਈ ਭੀ ਤੀਰ ਖਾਲੀ ਨਾਂ ਗਿਆ, ਤਾਂ ਤੇਰੀ ਸੈਨਾਂ ਦੇ ਦਿਲ ਪਰ ਸਾਡਾ ਅਜੇਹਾ ਭੈ ਛਾ ਗਿਆ ਕਿ ਉਸ ਆੜ ਤੋਂ ਕੋਈ ਭੀ ਆਦਮੀ ਬਾਹਰ ਨਾਂ ਨਿਕਲਿਆ।
ਇਸੀ ਕਰਕੇ ਓਹ ਸਾਡੇ ਤੀਰਾਂ ਤੋਂ ਬਚੇ ਰਹੇ, ਅਤੇ ਨਾਂ ਮਰੇ।

## (੨੯) ਚੁ ਦੀਦਮ ਕਿ ਨਾਹਰ ਬਯਾਮਦ ਬਜੰਗ ।
## ਚਸ਼ੀਦਹ ਯਕੇ ਤੀਰ ਤਨ ਬੇਦਰੰਗ ॥

(۲۹) چو دیدم کہ ناہر بیاید بجنگ – چشید یکے تیر تن بیدرنگ

| | |
|---|---|
| ਚੁ = ਜਦ—ਜਬ | ਚਸ਼ੀਦਹ = ਚਖਿਆ, ਖਾਧਾ |
| ਦੀਦਮ = ਮੈਨੇ ਦੇਖਿਆ | ਯਕੇ = ਇਕ |
| ਕਿ = ਕਿ, ਜੋ | ਤੀਰ = ਤੀਰ |
| ਨਾਹਰ = ਨਾਹਰ ਖਾਂ, ਏਹ ਇਕ ਪਠਾਨ ਸੀ ਜੋ ਬਾਦਸ਼ਾਹੀ ਸੈਨਾਂ ਵਿਖੇ ਜਰਨੈਲ ਸੀ | ਤਨ = ਸ਼ਰੀਰ, ਬਦਨ |
| ਬਯਾਮਦ = ਓਹ ਆਇਆ | ਬੇਦਰੰਗ = ਬਿਨਾਂ ਦੇਰ ਅਰਥਾਤ ਝਟ ਪਟ |
| ਬਜੰਗ = ਬ—ਜੰਗ, ਵਿਖੇ-ਜੰਗ | |

### ਅਰਥ

ਜਦੋਂ ਮੈਨੇ ਦੇਖਿਆ ਕਿ ਨਾਹਰ (ਖਾਂ) ਜੁੱਧ ਵਿਖੇ ਆਇਆ ਤਾਂ ਉਸਨੇ ਭੀ ਝਟ ਪਟ ਆਪਣੇ ਸ਼ਰੀਰ ਵਿਖੇ ਇਕ ਤੀਰ ਖਾਧਾ ।

### ਭਾਵ

ਹੇ ਔਰੰਗਜ਼ੇਬ ! ਜਦੋਂ ਤੇਰੀ ਸੈਨਾਂ ਦੇ ਸਾਰੇ ਸਿਪਾਹੀ ਮੈਦਾਨ ਵਿਖੇ ਆਉਣ ਤੋਂ ਡਰਗਏ ਤਾਂ ਅੰਤ ਨੂੰ ਨਾਹਰ ਖਾਂ ਆਪਣੀ ਬਹਾਦਰੀ ਦਿਖਾਉਣ ਲਈ ਮੈਦਾਨ ਵਿਖੇ ਨਿਕਲਿਆ ਪਰ ਉਸਨੇ ਭੀ ਆੜ ਤੋਂ ਬਾਹਰ ਨਿਕਲਦੇ ਹੀ ਸਾਡਾ ਤੀਰ ਖਾਧਾ ਤੇ ਮਰ ਗਿਆ ॥

## (੩੦) ਹਮ ਆਖ਼ਰ ਗੁਰੇਜ਼ੰਦ ਬਜਾਏ ਮੁਸਾਫ਼ ।
## ਬਸੇ ਖ਼ਾਨ ਖ਼ੁਰਦੰਦ ਬੇਰੂੰ ਗਜ਼ਾਫ਼ ॥

(۳۰) ہم آخر گریزند بجائے مصاف — بسے خان خوردند بیروں گزاف

ਹਮ = ਸਭ, ਸਾਰੇ ।
ਆਖ਼ਰ = ਅੰਤ ਨੂੰ ।
ਗੁਰੇਜ਼ੰਦ = ਭਜੇ, ਦੌੜੇ ।
ਬਜਾਏ = ਜਗਾ ਤੋਂ, ਥਾਂਉ ਤੋਂ,
ਮੁਸਾਫ਼ = ਯੁੱਧ, ਲੜਾਈ ।

ਬਸੇ = ਬਹੁਤ ।
ਖ਼ਾਨ = ਸ੍ਰਦਾਰ, ਅਮੀਰ, ਮੁਸਲਮਾਨਾਂ ਦਾ ਇਕ ਖਿਤਾਬ
ਖ਼ੁਰਦੰਦ=ਖਾਣਵਾਲੇ, ਮਾਰਨਵਾਲੇ
ਬੇਰੂੰ = ਬਾਹਰ
ਗਜ਼ਾਫ਼=ਸ਼ੇਖੀ, ਗੱਪ, ਮਾਨਕਰਨਾ

### ਅਰਥ

ਅੰਤ ਨੂੰ ਸਾਰੇ ਲੜਾਈ ਵਿਚੋਂ ਭਜ ਨਿਕਲੇ ਜੋ ਬਹੁਤੇ ਖਾਨ (ਸ੍ਰਦਾਰ) ਸ਼ੇਖੀਆਂ ਮਾਰਨ ਵਾਲੇ ਸਨ ।

### ਭਾਵ

ਹੇ ਔਰੰਗਜ਼ੇਬ ! ਜਦ ਨਾਹਰਖਾਂ ਦੇ ਸਾਡਾ ਤੀਰ ਲਗਿਆ ਤਾਂ ਉਸਦੇ ਨਾਲ ਦੀ ਸਾਰੀ ਸੈਨਾਂ ਦੇ ਜੁਆਨ ਤੇ ਬੜੇ ੨ ਖਾਨ ਜੋ ਕਈ ਪ੍ਰਕਾਰ ਸ਼ੇਖੀਆਂ ਮਾਰਦੇ ਹੁੰਦੇ ਸਨ ਕਿ ਅਸੀਂ ਹੁਣ ਗੁਰੂ ਗੋਬਿੰਦ ਸਿੰਘ ਨੂੰ ਫੜ ਲਵਾਂਗੇ ਯਾ ਮਾਰ ਦੇਵਾਂਗੇ ਮੈਦਾਨ ਵਿੱਚੋਂ ਆਪਣੇ ਸਰਦਾਰ ਨਾਹਰ ਖਾਂ ਦੇ ਗਿਰਦੇ ਹੀ ਭੱਜ ਨਿਕਲੇ ਤੇ ਕੋਈ ਸਾਡੇ ਸਾਮਣੇ ਨਾ ਹੋਇਆ ॥

## (੩੧) ਕਿ ਅਫ਼ਗਾਨ ਦੀਗਰ ਬਯਾਮਦ ਬਜੰਗ ।
## ਚੁ ਸੈਲੇ ਰਵਾਂ ਹਮਚੂ ਤੀਰੋ ਤੁਫ਼ੰਗ ।

(۳۱) کہ افغان دیگر بیامد بہ جنگ ۔ چو سیلِ رواں ہمچو تیر و تفنگ

ਕਿ = ਜੋ ਕਿ, ਫੇਰ
ਅਫ਼ਗਾਨ=ਅਫ਼ਗਾਨਿਸਤਾਨ
ਦੇਸ਼ ਦੇ ਰਹਿਣ ਵਾਲਾ.
ਪਠਾਣ
ਦੀਗਰ=ਹੋਰ, ਦੂਜਾ
ਬਯਾਮਦ=ਆਯਾ
ਬ = ਲਈ, ਵਾਸਤੇ, ਵਿਖੇ
ਜੰਗ=ਯੁੱਧ, ਲੜਾਈ

ਚੁ = ਭਾਂਤ, ਤਰ੍ਹਾਂ
ਸੈਲੇ ਰਵਾਂ, (ਸੈਲੇ–ਰਵਾਂ)
ਰੌ–ਦੌੜਨਵਾਲਾ=ਪਾਣੀ ਦਾ
ਹੜ
ਹਮਚੂ=ਭਾਂਤ, ਤਰ੍ਹਾਂ
ਤੀਰੋ=ਤੀਰ–ਵ, ਤੀਰ ਅਤੇ
ਤੁਫ਼ੰਗ=ਬੰਦੂਕ,ਭਾਵ ਗੋਲੀ

### ਅਰਥ

ਫੇਰ ਇੱਕ ਹੋਰ ਪਠਾਣ ਜੁੱਧ ਦੇ ਲਈ ਆਇਆ ਚਲਦੇ ਹੜਦੀ ਤਰ੍ਹਾਂ, ਤੀਰ ਤੇ ਗੋਲੀ ਦੀ ਭਾਂਤਿ (ਸੀ) .

### ਭਾਵ

ਹੇ ਔਰੰਗਜ਼ੇਬ ! ਜਦ ਨਾਹਰਖਾਂ ਦੀ ਸੈਨਾਂ ਇਸ ਭਾਂਤ ਡਰਦੀ ਮਾਰੀ ਭੱਜ ਨਿਕਲੀ ਤਾਂ ਇਕ ਹੋਰ ਪਠਾਣ ਗੁਸੇ ਨਾਲ ਤੇਜ਼ ਪਾਣੀ ਦੇ ਹੜ ਦੀ ਤਰਾਂ ਅਰਥਾਤ ਜਿਸ ਪ੍ਰਕਾਰ ਪਹਾੜ ਤੋਂ ਪਾਣੀ ਗਿਰਦਾ ਹੈ ਯਾ ਕਮਾਣ ਵਿਚੋਂ ਤੀਰ ਯਾ ਬੰਦੂਕ ਵਿਚੋਂ ਗੋਲੀ ਨਿਕਲਦੀ ਹੈ ਸਾਡੀ ਵੱਲ ਆਇਆ ।

(ਨੋਟ) ਤਵਾਰੀਖ ਖਾਲਸਾ ਵਿਖੇ ਲਿਖਿਆ ਹੈ ਕਿ ਏਹ ਪਠਾਣ ਨਜ਼ੀਬ ਖਾਂ ਸੂਬੇਦਾਰ ਜਲੰਧਰ ਸੀ ।

# (੩੨) ਬਸੇ ਹਮਲਹ ਕਰਦੰਦ ਬਮਰਦਾਨਗੀ ।
# ਹਮ ਅਜ਼ ਹੋਸ਼ਗੀ ਹਮਜ਼ਿ ਦੀਵਾਨਗੀ ।

(۳۲) بسے حملہ کردند بمردانگی – ہم از ہوشگی ہم ز دیوانگی

| | |
|---|---|
| ਬਸੇ = ਬਹੁਤ ਸਾਰੇ | ਹਮ=ਭੀ |
| ਹਮਲਹ = ਹੱਲੇ, ਚੜ੍ਹਾਈਆਂ, ਹਮਲੇ. | ਅਜ਼=ਸੇ, ਨਾਲ |
| ਕਰਦੰਦ = ਉਸਨੇ ਕੀਤੇ. | ਹੋਸ਼ਗੀ = ਸਮਝ, ਅਕਲਮੰਦੀ |
| ਬਮਰਦਾਨਗੀ=ਬ– ਮਰਦਾਨਗੀ ਨਾਲ–ਬਹਾਦਰੀ ਦੇ | ਹਮ = ਭੀ |
| | ਜ਼ਿ = ਸੇ, ਨਾਲ |
| | ਦੀਵਾਨਗੀ = ਸੁਦਾਈ ਪਣ, ਪਾਗਲ ਪਣ, ਮਸਤੀ, ਮੂਰਖਪਣ. |

## ਅਰਥ

ਉਸਨੇ ਬਹੁਤ ਸਾਰੇ ਹੱਲੇ ਬਹਾਦਰੀ ਨਾਲ ਕੀਤੇ, ਸਮਝ ਨਾਲ ਭੀ ਤੇ ਮੂਰਖਪਣੇ ਨਾਲ ਭੀ।

## ਭਾਵ

ਉਸ ਹੱਲਾ ਕਰਨੇ ਵਾਲੇ ਪਠਾਣ ਨੇ ਕਈ ਹਮਲੇ ਅਕਲਮੰਦੀ ਨਾਲ ਕੀਤੇ ਅਰਥਾਤ ਇਸ ਪ੍ਰਕਾਰ ਕੀਤੇ ਜਿਸਤੋਂ ਉਸਦੀ ਸੈਨਾਂ ਦਾ ਬਹੁਤ ਘੱਟ ਨੁਕਸਾਨ ਹੋਇਆ, ਤੇ ਕਈ ਵਾਰੀ ਮੂਰਖਾਂ ਵਾਂਗੂ ਅਗੇ ਆ ਜਾਂਦਾ ਸੀ ਜਿਸਤੋਂ ਉਸਨੂੰ ਬਹੁਤ ਨੁਕਸਾਨ ਉਠਾਉਣਾ ਪੈਂਦਾ ਸੀ।

## (੩੩) ਬਸੇ ਹਮਲਹ ਕਰਦਹ ਬਸੇ ਜ਼ਖਮ ਖ਼ੁਰਦ। ਦੋ ਕਸ ਰਾਂ ਬਜਾਂ ਕੁਸ਼ਤ ਵ ਹਮ ਜਾਂ ਸਪੁਰਦ।

(۳۳) بسے حملہ کردہ بسے زخم خورد — دو کس را بجاں کشت ہم جاں سپرد

| | |
|---|---|
| ਬਸੇ=ਬਹੁਤ ਸਾਰੇ | ਦੋ = ਦੋ |
| ਹਮਲੇ=ਹੱਲੇ, ਚੜ੍ਹਾਈਆਂ, ਧਾਵੇ | ਕਸ = ਆਦਮੀ |
| ਕਰਦਹ=ਉਸਨੇ ਕੀਤੇ | ਰਾ = ਨੂੰ |
| ਬਸੇ=ਬਹੁਤ ਸਾਰੇ | ਬਜਾਂ = ਬ–ਜਾਂ = ਜਾਨ ਤੋਂ (ਬ= ਤੋਂ, ਜਾਂ = ਜਾਨ) |
| ਜ਼ਖਮ=ਫੱਟ, ਘਾਉ, ਤਲਵਾਰ ਯਾ ਗੋਲੀ ਦੇ ਜ਼ਖਮ | ਕੁਸ਼ਤ = ਉਸਨੇ ਜਾਂਨ ਤੋਂ ਮਾਰਿਆ ਕਤਲ ਕੀਤਾ |
| ਖ਼ੁਰਦ=ਉਸਨੇ ਖਾਇਆ | ਜਾਂ = ਜਾਨ, ਜੀਵਨ |
| | ਹਮ = ਭੀ |
| | ਸਪੁਰਦ=ਉਸਨੇ ਸੌਂਪੀ, ਉਸਨੇ ਦਿਤੀ |

### ਅਰਥ

ਉਸਨੇ ਬਹੁਤ ਸਾਰੇ ਹੱਲੇ ਕੀਤੇ ਤੇ ਬਹੁਤ ਸਾਰੇ ਜ਼ਖਮ ਖਾਧੇ, ਦੋ ਆਦਮੀਆਂ ਨੂੰ ਜਾਂਨ ਤੋਂ ਮਾਰਿਆ ਤੇ ਆਪਣੀ ਭੀ ਜਾਂਨ ਦੇ ਦਿੱਤੀ.

### ਭਾਵ

ਹੇ ਔਰੰਗਜ਼ੇਬ! ਉਸ ਪਠਾਣ ਨੇ ਬਹੁਤ ਸਾਰੇ ਹੱਲੇ ਕੀਤੇ ਤੇ ਜ਼ਖਮ ਭੀ ਬਹੁਤ ਖਾਧੇ, ਸਾਡੇ ਦੋਨੋਂ ਸਾਹਿਬ ਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ ਨੂੰ ਸ਼ਹੀਦ ਕਰਕੇ ਅੰਤ ਨੂੰ ਓਹ ਭੀ ਆਪਣੀ ਜਾਨ ਦੇਗਿਆ।

## (੩੪) ਕਿ ਆਂ ਖ਼੍ਵਾਜਹ ਮਰਦੂਦ ਸਾਯਹ ਦੀਵਾਰ । ਨ ਆਮਦ ਬਮੈਂਦਾਨ ਮਰਦਾਨਹ ਵਾਰ ।

(۳۴) کہ آں خواجہ مردود سایۂ دیوار — نیامد بمیدان مردانہ وار

ਕਿ=ਜੋ ਆਂ=ਉਹ

ਖ਼੍ਵਾਜਹ=ਫੌਜ ਦਾ ਸਰਦਾਰ (ਏਹ ਜ਼ਫਰ ਬੇਗ ਦਿੱਲੀ ਦਾ ਸੂਬਾ ਸੀ ਜਿਸਨੂੰ ਔਰੰਗਜ਼ੇਬ ਨੇ ਸਾਰੀਆਂ ਫੌਜਾਂ ਦਾ ਬਖਸ਼ੀ ਅਰਥਾਤ ਕਮਾਂਡਰ-ਇਨ ਚੀਫ ਬਣਾਕੇ ਭੇਜਿਆ ਸੀ ਤੇ ਸੂਬੇਦਾਰ ਸਰਹੰਦ ਸੂਬੇਦਾਰ ਕਸ਼ਮੀਰ ਤੇ ਸੂਬੇਦਾਰ ਲਾਹੌਰ, ਨਵਾਬ ਮਹੰਮਦ ਖਾਂ ਮਲੇਰ ਕੋਟਲਾ ਅਸਮਾਨ ਖਾਂ ਕਸੂਰੀ, ਸ਼ਮਸ ਖਾਂ ਬਜਵਾੜੀ ਤੇ ਨਜੀਬ ਖਾਂ ਸੂਬੇਦਾਰ ਜਲੰਧਰ ਨੂੰ ਆਪਣੀਆਂ ੨ ਫੌਜਾਂ ਦੇ ਸਹਿਤ ਇਸਦੀ ਆਗਿਆ ਵਿਖੇ ਰੈਹਣ ਦਾ ਹੁਕਮ ਸੀ.)

ਮਰਦੂਦ=ਖੁਦਾ ਦੀ ਦਰਗਾਹ ਤੋਂ ਧੱਕਿਆ ਹੋਇਆ, ਡਰਪੋਕ, ਕਾਇਰ।

ਸਾਯਹ=ਪਰਛਾਵਾਂ, ਓਟ

ਦੀਵਾਰ=ਕੰਧ

ਨਆਮਦ = ਨ -ਆਮਦ = ਨਹੀਂ ਆਇਆ

ਬ=ਵਿਖੇ, ਵਿੱਚ

ਮੈਦਾਨ = ਮੈਦਾਨ, ਜੁੱਧ ਭੂਮੀ

ਮਰਦਾਨਹ ਵਾਰ = ਬਹਾਦਰਾਂ ਦੀ ਭਾਂਤਿ.

## ਅਰਥ

ਕਿ ਓਹ ਫੌਜ ਦਾ ਡਰਪੋਕ ਸਰਦਾਰ ਕੰਧ ਦੀ ਓਟ ਤੋਂ ਬਹਾਦਰਾਂ ਦੀ ਤਰਾਂ ਮੈਦਾਨ ਵਿਖੇ ਨਾ ਆਇਆ।

## ਭਾਵ

ਹੇ ਔਰੰਗਜ਼ੇਬ! ਤੇਰਾ ਡਰਪੋਕ ਸਰਦਾਰ ਜ਼ਫਰ ਬੇਗ ਖਾਂ ਜਿਸਨੂੰ ਤੈਨੇ ਬਖਸ਼ੀ ਬਣਾਕੇ ਭੇਜਿਆ ਸੀ, ਸੂਰਮਿਆਂ ਦੀ ਤਰਾਂ ਮੈਦਾਨ ਵਿਖ਼ੇ ਨਾਂ ਨਿਕਲਿਆ, ਕਿਆ ਤੇਰੀ ਚੋਣ ਇਸੀ ਪ੍ਰਕਾਰ ਦੀ ਹੈ ਕਿ ਤੂੰ ਅਜੇਹੇ ਡਰਪੋਕਾਂ ਨੂੰ ਆਪਣੀ ਸੈਨਾਂ ਦਾ ਸਰਦਾਰ ਬਣਾਉਂਦਾ ਹੈਂ ਜੋ ਯੁੱਧ ਭੂਮੀ ਵਿਖੇ ਕੰਧੇ ਪਿਛੇ ਲੁਕੇ.

## (੩੫) ਦਰੇਗ਼ਾ ਅਗਰ ਰੂਯ ਓ ਦੀਦਮੇ। ਬਯਕ ਤੀਰ ਲ਼ਾਚਾਰ ਬਖ਼ਸ਼ੀਦਮੇ॥

(۳۵) دریغا اگر روئے او دیدمے — بیک تیر لاچار بخشیدمے

ਦਰੇਗ਼ਾ = ਅਫਸੋਸ,ਸ਼ੋਕ
ਅਗਰ = ਜੇ
ਰੂਯ = ਮੂੰਹ ,ਸੂਰਤ,ਸ਼ਕਲ
ਓ = ਉਸਦਾ
ਦੀਦਮੇ = ਮੈਂ ਦੇਖਦਾ

ਬਯਕ = ਬ-ਯਕ,
ਬ=ਸਾਥ, ਯਕ=ਇੱਕ
ਲਾਚਾਰ=ਜ਼ਰੂਰ, ਬੇਸ਼ਕ,ਅਵਸ਼ ਜਿਸਦਾ ਕੋਈ ਚਾਰਾ ਨਾਂ ਹੋਸਕੇ।
ਬਖਸ਼ੀਦਮੇ = ਮੈਂ ਬਖਸ਼ਦਾ ਅਰਥਾਤ ਦਿੰਦਾ, ਯਾਨੇ ਮਾਰਦਾ।

### ਅਰਥ

ਸ਼ੋਕ! ਜੇ ਮੈਂ ਉਸਦੇ ਮੂੰਹ ਨੂੰ ਦੇਖਦਾ ਤਾਂ ਇਕ ਤੀਰ ਜ਼ਰੂਰ ਉਸਦੇ ਮਾਰਦਾ।

### ਭਾਵ

ਹੇ ਔਰੰਗਜ਼ੇਬ! ਓਹ ਤੇਰਾ ਸਰਦਾਰ ਬਹਾਦਰਾਂ ਦੀ ਭਾਂਤਿ ਬਾਹਰ ਰਣ ਭੂਮੀ ਵਿਖੇ ਨਾਂ ਆਇਆ, ਜੇ ਓਹ ਜ਼ਰਾ ਭੀ ਆਪਣਾ ਮੂੰਹ ਮੈਨੂੰ ਵਿਖਾਉਂਦਾ ਤਾਂ ਮੈਂ ਤੈਨੂੰ ਸਚ ਕਹਿੰਦਾ ਹਾਂ ਕਿ ਮੈਂ ਜ਼ਰੂਰ ਉਸਨੂੰ ਤੀਰ ਦਾ ਨਸ਼ਾਨਾ ਬਣਾਉਂਦਾ। ਇਸ ਬਾਤ ਦਾ ਮੇਰੇ ਦਿਲ ਵਿਖੇ ਬਹੁਤ ਅਫਸੋਸ ਹੈ ਕਿ ਓਹ ਕਿਉਂ ਯੁੱਧ ਲਈ ਬਾਹਰ ਨਾ ਆਇਆ ਫੇਰ ਉਸਨੂੰ ਮੇਰੀ ਬਹਾਦਰੀ ਦਾ ਪਤਾ ਲਗਦਾ.

## (੩੬) ਹਮ ਆਖ਼ਰ ਬਸੇ ਜ਼ਖਮਿ ਤੀਰੋ ਤੁਫੰਗ।
## ਦੁ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ।

(۳۶) ہم آخر بسے زخم تیر و تفنگ — دو سوئے بسے کشتہ شد بیدرنگ

ਹਮ = ਭੀ
ਆਖਰ=ਅੰਤ
ਬਸੇ=ਬਹੁਤ ਸਾਰੇ
ਜ਼ਖਮਿ = ਫੱਟ, ਘਾਉ, ਜ਼ਖਮ ਤਲਵਾਰ ਬੰਦੂਕ ਆਦਿਕ ਦੇ
ਤੀਰੋ = ਤੀਰ– ਵ=ਤੀਰ– ਅਤੇ
ਤੁਫੰਗ = ਬੰਦੂਕ

ਦੁ = ਦੋ, ਦੋਨਾਂ
ਸੁਏ = ਤਰਫ, ਪਾਸੇ, ਵਲ
ਬਸੇ = ਬਹੁਤ ਸਾਰੇ
ਕੁਸ਼ਤਹ ਸ਼ੁਦ = ਮਾਰੇ ਗਏ
ਬੇਦਰੰਗ = ਬੇ–ਦਰੰਗ = ਬਿਨਾ –ਦੇਰ, ਝਟ ਪਟ

### ਅਰਥ

ਅੰਤ ਨੂੰ ਤੀਰਾਂ ਤੇ ਬੰਦੂਕਾਂ ਦੇ ਜ਼ਖਮ ਨਾਲ ਦੋਨੋਂ ਤਰਫੋਂ ਬਹੁਤ ਸਾਰੇ ਆਦਮੀ ਝਟ ਪਟ ਮਾਰੇ ਗਏ।

### ਭਾਵ

ਹੇ ਔਰੰਗਜ਼ੇਬ! ਚਾਹੇ ਤੇਰਾ ਜੰਗੀ ਜਰਨੈਲ ਸਾਮ੍ਹਣੇ ਨਹੀਂ ਆਇਆ ਪਰ ਫੇਰ ਭੀ ਅਜੇਹੀ ਘਮਸਾਣ ਦੀ ਲੜਾਈ ਹੋਈ ਕਿ ਦੋਨਾਂ ਪਾਸਿਆਂ ਵਲੋਂ ਬਹੁਤ ਸਾਰੇ ਆਦਮੀ ਰਣ ਭੂਮੀ ਵਿਖੇ ਸ਼ਹੀਦ ਹੋ ਗਏ। ਜਿਸ ਕਰਕੇ ਨਾਹੱਕ ਲੋਕਾਂ ਦੀ ਮੌਤ ਦਾ ਦੋਸ਼ ਤੈਨੂੰ ਚੁੱਕਣਾ ਪਊ।

(੩੭) ਬਸੇ ਬਾਰ ਬਾਰੀਦ ਤੀਰੋ ਤੁਫੰਗ ।
ਜ਼ਮੀ ਗਸ਼ਤ ਹਮਚੁ ਗੁਲੇ ਲਾਲਹ ਰੰਗ ।

(۳۷) بسے بار بارید تیر و تفنگ — زمین گشت ہمچوں گل لالہ رنگ

ਬਸੇ = ਬਹੁਤ ਸਾਰੇ
ਬਾਰ = ਬੋਝ ਵਾ ਵੇਰ
ਬਾਰੀਦ = ਬਰਸੇ, ਬਰਖਾ ਹੋਈ
ਤੀਰੋ = ਤੀਰ–ਵ=ਤੀਰ–ਅਤੇ
ਤੁਫੰਗ = ਬੰਦੂਕ, ਗੋਲੀ

ਜ਼ਮੀ = ਜਮੀਨ, ਪ੍ਰਿਥਵੀ, ਧਰਤੀ
ਗਸ਼ਤ = ਹੋਗਈ
ਹਮਚੁ = ਭਾਂਤਿ
ਗੁਲੇ ਲਾਲਹ= ਲਾਲੇ ਦਾ ਫੁਲ
ਕੁਸੰਭੇ ਯਾ ਪੋਸਤਦਾ ਫੁੱਲ
ਰੰਗ = ਰੰਗ

## ਅਰਥ

ਬਹੁਤ ਸਾਰੀ ਤੀਰਾਂ ਤੇ ਬੰਦੂਕਾਂ(ਦੀਆਂ ਗੋਲੀਆਂ)ਦੀ ਬਰਖਾ ਹੋਈ ਪ੍ਰਿਥਵੀ ਲਾਲੇ ਦੇ ਫੁਲ ਦੇ ਰੰਗ ਦੀ ਹੋ ਗਈ।

## ਭਾਵ

ਹੇ ਔਰੰਗਜ਼ੇਬ ! ਤੀਰ ਤੇ ਗੋਲੀਆਂ ਦੇ ਚਲਣ ਨਾਲ ਜਦ ਬਹੁਤ ਸਾਰੇ ਆਦਮੀ ਮਰ ਗਏ ਤੇ ਜ਼ਖਮੀ ਹੋਏ ਤਾਂ ਉਨਾਂ ਦੇ ਲਹੂ ਦੇ ਪ੍ਰਿਥਵੀ ਪਰ ਗਿਰਨ ਨਾਲ ਪ੍ਰਥਵੀ ਕਸੁੰਭੇ ਤੇ ਪੋਸਤ ਦੇ ਫੁੱਲਾਂ ਦੀ ਭਾਂਤਿ ਲਾਲ ਰੰਗ ਦੀ ਹੋ ਗਈ ਅਰਥਾਤ ਜਿੱਧਰ ਨਜ਼ਰ ਮਾਰੋ ਉਧਰ ਲਹੂ ਹੀ ਲਹੂ ਦਿਖਾਈ ਦਿੰਦਾ ਸੀ।

## (੩੮) ਸਰੋ ਪਾਯ ਅੰਬੋਹ ਚੰਦਾਂ ਸ਼ੁਦਹ।
## ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ।

(۳۸) سر و پائے انبوہ چنداں شدہ — کہ میداں پر از گوئے چوگاں شدہ

ਸਰੋ = ਸਰ–ਵ=ਸਿਰ ਅਤੇ
ਪਾਯ = ਪੈਰ
ਅੰਬੋਹ = ਢੇਰ
ਚੰਦਾਂ = ਇਤਨਾ, ਇਤਨਾਂ ਬਹੁਤ, ਇਸ ਕਦਰ
ਸ਼ੁਦਹ = ਹੋ ਗਿਆ

ਕਿ = ਕਿ, ਜੋ
ਮੈਦਾਂ = ਮੈਦਾਨ, ਜੰਗ ਭੂਮੀ
ਪੁਰ = ਭਰਨਾਂ
ਅਜ਼ = ਸੇ, ਨਾਲ
ਗੋਇ = ਫਿੰਡ, ਗੇਂਦ. ਖਿੰਨੂ
ਚੌਗਾਂ = ਫਿੰਡ ਖੇਡਣ ਦਾ ਡੰਡਾ ਜੋ ਸਿਰੇ ਪਰ ਤੋਂ ਮੁੜਿਆ ਹੋਇਆ ਹੁੰਦਾ ਹੈ. ਸਟਿਕ. ਪੋਲੋ ਖੇਡਣ ਦੀ ਖੂੰਡੀ.

### ਅਰਥ

ਸਿਰ ਅਤੇ ਪੈਰਾਂ ਦਾ ਇਤਨਾਂ ਢੇਰ ਹੋਗਿਆ ਮਾਨੋ ਮੈਦਾਨ (ਜੰਗਭੂਮੀ) ਫਿੰਡਾਂ ਅਤੇ ਖੂੰਡੀਆਂ ਨਾਲ ਭਰ ਗਿਆ।

### ਭਾਵ

ਹੇ ਔਰੰਗਜ਼ੇਬ! ਉਸ ਚਮਕੌਰ ਦੀ ਰਣ ਭੂਮੀ ਵਿਖੇ ਆਦਮੀਆਂ ਦੇ ਸਿਰ ਅਤੇ ਟੰਗਾਂ ਕਟੀਆਂ ਜਾਣ ਕਰਕੇ ਇਤਨੇ ਢੇਰ ਲਗ ਗਏ ਜਾਣੋ ਕਿ ਮੈਦਾਨ ਫਿੰਡਾਂ ਤੇ ਖੂੰਡੀਆਂ ਨਾਲ ਭਰ ਗਿਆ।

(ਨੋਟ) ਇਸ ਬੈਂਤ ਵਿਖੇ ਸਿਰ ਨੂੰ ਫਿੰਡ ਨਾਲ ਤੇ ਟੰਗਾਂ ਨੂੰ ਖੂੰਡੀਆਂ ਨਾਲ ਉਪਮਾਂ ਦੇਕੇ ਇਕ ਖੇਡ ਦਾ ਅਲੰਕਾਰ ਬੰਨ੍ਹਿਆ ਹੈ।

**(੩੯) ਤਰੰਕਾਰ ਤੀਰੋ ਤਫੰਗੋ ਕਮਾਂ ।**
**ਬਰਾਮਦ ਯਕੇ ਹਾਇਹੂ ਅਜ਼ ਜਹਾਂ ।**

(۳۹) ترنکارِ تیر و تفنگ و کماں — بر آمد یکے ہائے ہو از جہاں

ਤਰੰਕਾਰ = ਸੜਾਕੇ ਅਰਥਾਤ ਤੀਰਾਂ ਦੇ ਸ਼ਬਦ
ਤੀਰੋ = ਤੀਰਾਂ ਦੇ
ਤਫੰਗੋ = ਬੰਦੂਕ ਦੇ
ਕਮਾਂ = ਕਮਾਣ, ਧਨਸ਼

ਬਰਾਮਦ = ਨਿਕਲਿਆ, ਪ੍ਰਗਟ ਹੋਇਆ ।
ਯਕੇ = ਇਕ
ਹਾਇਹੂ=ਡੰਡ,ਰੌਲਾ,ਹਾਇ ਹਾਇ
ਅਜ਼ = ਸੇ, ਤੋਂ
ਜਹਾਂ = ਸੰਸਾਰ, ਜਹਾਨ

## ਅਰਥ

ਤੀਰਾਂ ਬੰਦੂਕਾਂ ਅਤੇ ਕਮਾਣਾਂ ਦੇ ਕੜਾਕਿਆਂ ਨਾਲ ਸੰਸਾਰ ਵਿਖੇ ਇਕ ਹਾਇ ਹਾਇ (ਦਾ ਸ਼ਬਦ) ਪ੍ਰਗਟ ਹੋਗਿਆ ।

## ਭਾਵ

ਹੇ ਔਰੰਗਜੇਬ ! ਤੀਰਾਂ ਦੇ ਸੜਾ ਸੜ ਚੱਲਨ ਨਾਲ ਅਤੇ ਕਮਾਣਾਂ ਦੇ ਖਿੱਚਣ ਦੇ ਕੜਾਕਿਆਂ ਨਾਲ ਇਤਨੀਆਂ ਧੁਨੀਆਂ ਹੁੰਦੀਆਂ ਸੀਆਂ ਕਿ ਜਿਧਰੋਂ ਸੁਣੋ ਡੰਡ ਰੌਲੇ ਦੀ ਹੀ ਧੁਨੀ ਸੁਣਾਈ ਦਿੰਦੀ ਸੀ ਅਰਥਾਤ ਤੀਰਾਂ ਤੇ ਕਮਾਣਾ ਦੀ ਧੁਨੀ ਤੋਂ ਬਿਨਾਂ ਹੋਰ ਕੁਝ ਕੰਨ ਪਿਆ ਉਸ ਸਮੇ ਸੁਣਾਈ ਨਹੀਂ ਦਿੰਦਾ ਸੀ ॥

(੪੦) ਦਿਗਰ ਸ਼ੋਰਸ਼ੇ ਕੈਬਰੇ ਕੀਨਹ ਕੋਸ਼।
ਜ਼ਿ ਮਰਦਾਨ ਮਰਦਾਂ ਬਰੂੰ ਰਫਤ ਹੋਸ਼॥

(۴۰) دگر شورشِ کیبرِ کینہ کوش — زِ مردانِ مرداں برون رفت ہوش

| | |
|---|---|
| ਦਿਗਰ=ਦੂਜੇ, ਦੂਸਰੇ | ਜ਼ਿ = ਅਜ਼, ਸੇ |
| ਸ਼ੋਰਸ਼ੇ=ਸ਼ੋਰ, ਡੰਡ, ਰੌਲਾ | ਮਰਦਾਨ=ਮਰਦਾਂ, ਮਰਦ ਦਾ ਬਹੁਬਚਨ, ਬਹਾਦਰ |
| ਕੈਬਰੇ=ਤੀਰਾਂ ਦੀ | ਬਰੂੰ ਰਫਤ=ਬਰੂੰ ਰਫਤ= ਬਾਹਰ ਗਿਆ |
| ਕੀਨਹ ਕੋਸ਼ = ਓਹ ਪੁਰਸ਼ ਜੋ ਵੈਰ ਰੱਖੇ, ਧ੍ਰੋਹੀ | ਹੋਸ਼=ਸਮਝ, ਦਾਨਾਈ, ਚਾਤ੍ਰਤਾ |

## ਅਰਥ

ਦੂਜੇ ਵੈਰ ਰੱਖਨ ਵਾਲੇ ਤੀਰਾਂ ਨੇ ਸ਼ੋਰ ਕੀਤਾ ਕਿ ਬਹਾਦਰਾਂ ਤੋਂ ਬਹਾਦਰਾਂ ਦੇ ਭੀ ਹੋਸ਼ ਉਡ਼ ਗਏ।

## ਭਾਵ

ਹੇ ਔਰੰਗਜ਼ੇਬ! ਤੀਰ ਜੋ ਇਕ ਦੂਸਰੇ ਦੇ ਜਾਕੇ ਲਗਦੇ ਸੇ ਜਾਣੋ ਓਹ ਆਪਣੇ ਮਨ ਵਿਖੇ ਵੈਰ ਭਾਵ ਰਖਦੇ ਸਨ ਤੇ ਇਸ ਮੈਦਾਨ ਵਿਖੇ ਅਜੇਹੀ ਘਮਸਾਨ ਦੀ ਲੜਾਈ ਹੋਈ ਕਿ ਜੋ ਪੁਰਸ਼ ਬਹਾਦਰਾਂ ਤੋਂ ਬਹਾਦਰ ਭੀ ਸਨ ਉਨ੍ਹਾਂ ਦੇ ਭੀ ਹੋਸ਼ ਉਡ਼ ਗਏ।

## (੪੧) ਹਮ ਆਖਰ ਚਿ ਮਰਦੀ ਕੁਨਦ ਵਕ਼ਤ ਕਾਰ।
## ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ ॥

(۴۱) ہم آخر چہ مردی کند وقت کار — کہ بر چہل تن آیدش بے شمار

ਹਮ=ਭੀ
ਆਖਰ=ਅੰਤ ਨੂੰ
ਚਿ=ਕਿਆ, ਕੀ
ਮਰਦੀ=ਬਹਾਦਰੀ
ਕੁਨਦ=ਕਰੇ
ਵਕਤ=ਸਮਾ, ਵੇਲਾ
ਕਾਰ=ਕਾਰਜ਼ਾਰ=ਯੁੱਧ, ਜੰਗ

ਕਿ=ਕਿ, ਜੋ
ਬਰ=ਉੱਤੇ, ਉਪਰ
ਚਿਹਲ=ਚਾਲੀ, ੪੦
ਤਨ=ਸਰੀਰ, ਆਦਮੀ
ਆਯਦਸ਼=ਆਵੇ
ਬੇਸ਼ੁਮਾਰ=ਬੇ–ਸ਼ੁਮਾਰ=ਅਣ–ਗਿਣਤ

### ਅਰਥ

ਅੰਤ ਨੂੰ ਯੁੱਧ ਦੇ ਸਮੇਂ ਬਹਾਦੁਰੀ ਕੀ ਕਰ ਸਕਦੀ ਹੈ, ਕਿ ਚਾਲੀ ਆਦਮੀਆਂ ਪਰ ਅਣਗਿਣਤ (ਫੌਜ) ਆ ਜਾਵੇ।

### ਭਾਵ

ਹੇ ਔਰੰਗਜ਼ੇਬ! ਤੂੰ ਹੀ ਸੋਚ ਕਿ ਸਾਡੇ ਸਿੰਘ ਭੀ ਅੰਤ ਨੂੰ ਰਣ ਭੂਮੀ ਵਿਖੇ ਕਿੱਥੇ ਤਕ ਲੜਕੇ ਬਹਾਦਰੀ ਕਰ ਸਕਦੇ ਸਨ ਜਦੋਂ ਕਿ ਉਨਾਂ ਚਾਲੀ ਸਿੰਘਾਂ ਪਰ ਬੇਅੰਤ ਬਾਦਸ਼ਾਹੀ ਫੌਜ ਚੜ੍ਹਕੇ ਆ ਜਾਵੇ, ਕਿਆ ਕਦੇ ਤੈਨੇ ਇਹ ਸੁਣਿਆਂ ਹੈ ਕਿ ਚਾਲੀ ਪੁਰਸ਼ਾਂ ਨੇ ਇਸ ਪ੍ਰਕਾਰ ਦਸ ਲੱਖ ਫੌਜ ਦਾ ਟਾਕਰਾ ਕੀਤਾ ਹੋਵੇ।

## (੪੨) ਚਿਰਾਗ਼ੇ ਜਹਾਂ ਚੂੰ ਸ਼ੁਦਹ ਬੁਰਕਾ ਪੋਸ਼ ।
## ਸ਼ਬੇਸ਼ਹ ਬਰਾਮਦ ਬਹਮ ਜਲਵਹ ਜੋਸ਼ ॥

(۴۲) چراغ جہان چون شدہ برقع پوش — شب شہ برآمد بہم جلوہ جوش

| | |
|---|---|
| ਚਿਰਾਗ਼ੇ ਜਹਾਂ=ਚਿਰਾਗ—ਜਹਾਨ ਦੀਵਾ—ਸੰਸਾਰ ਦਾ=ਸੂਰਜ | ਸ਼ਬੇਸ਼ਹ = ਸ਼ਬ—ਰਾਤ ਸ਼ਹ--ਬਾਦਸ਼ਾਹ= ਰਾਤ ਦਾ ਬਾਦਸ਼ਾਹ ਅਰਥਾਤ, ਚੰਦ੍ਰਮਾ, ਚੰਦ |
| ਚੂੰ=ਜਦੋਂ, ਜਿਸ ਵੇਲੇ | ਬਰਾਮਦ=ਨਿਕਲਿਆ, ਚੜ੍ਹਿਆ |
| ਸ਼ੁਦਹ=ਹੋਗਿਆ | ਬਹਮ=ਸਾਥ, ਨਾਲ |
| ਬੁਰਕਾ ਪੋਸ਼ = ਬੁਰਕਾ = ਇਕ ਪ੍ਰਕਾਰ ਦਾ ਕਪੜਾ ਜਿਸ ਨਾਲ ਇਸਤ੍ਰੀਆਂ ਆਪਨਾ ਮੂੰਹ ਢਕਦੀਆਂ ਹਨ (ਘੁੰਡ) | ਜਲਵਹ=ਪ੍ਰਕਾਸ਼ |
| ਪੋਸ਼=ਢੱਕਣਾ, ਓਹਲਾ | ਜੋਸ਼=ਤੇਜ਼ੀ |

### ਅਰਥ

ਸੰਸਾਰ ਦੇ ਦੀਵੇ (ਸੂਰਜ) ਨੇ ਜਦ ਆਪਣਾ ਮੂੰਹ ਢੱਕਲਿਆ ਤੇ ਰਾਤ ਦਾ ਬਾਦਸ਼ਾਹ ( ਚੰਦ੍ਰਮਾਂ ) ਬੜੇ ਤੇਜ਼ ਪ੍ਰਕਾਸ਼ ਦੇ ਨਾਲ ਨਿਕਲਿਆ।

### ਭਾਵ

ਹੇ ਔਰੰਗਜ਼ੇਬ ! ਜਦ ਇਸ ਪ੍ਰਕਾਰ ਸਾਰੇ ਦਿਨ ਯੁੱਧ ਹੁੰਦਾ ਰਿਹਾ ਤਾਂ ਅੰਤ ਨੂੰ ਸੂਰਜ ਛੁਪ ਗਿਆ ਅਤੇ ਆਸਮਾਨ ਵਿਖੇ ਚੰਦ੍ਰਮਾਂ ਨਿਕਲ ਆਇਆ ਅਰਥਾਤ ਰਾਤ ਪੈ ਗਈ।

## (੪੩) ਹਰਾਂ ਕਸ ਬ ਕੌਲੇ ਕੁਰਾਂ ਆਯਦਸ਼ ।
## ਕਿ ਯਜ਼ਦਾਂ ਬਰੋ ਰਹੱ ਨੁਮਾ ਆਯਦਸ਼ ॥

(۴۳) ہر آنکس بقول قرآں آیدش — کہ یزداں برو رہنما آیدش

ਹਰਾਂ = ਜੋ ਕੋਈ
ਕਸ = ਸ਼ਖਸ
ਬ = ਸਾਥ, ਨਾਲ
ਕੌਲੇ ਕੁਰਾਂ = ਬਚਨ ਕੁਰਾਨ ਦਾ, ਕੁਰਾਨ ਦੀ ਸੌਂਹ
ਆਯਦਸ਼ = ਆਵੇ

ਕਿ = ਕਿ
ਯਜ਼ਦਾਂ = ਵਾਹਿਗੁਰੂ
ਬਰੋ = ਉਸ ਪਰ
ਰਹ = ਰਸਤਾ, ਰਾਹ
ਨੁਮਾ = ਦਿਖਾਉਣ ਵਾਲਾ, ਦੱਸਣ ਵਾਲਾ
ਆਯਦਸ਼ = ਆਉਂਦਾ ਹੈ, ਭਾਵ, ਹੁੰਦਾ ਹੈ

### ਅਰਥ

ਜੋ ਕੋਈ ਕੁਰਾਨ ਦੀ ਸੌਂਹ ਨਾਲ ਆਉਂਦਾ ਹੈ ਵਾਹਿਗੁਰੂ ਉਸਨੂੰ ਰਾਹ ਦੱਸਣ ਵਾਲਾ ਹੁੰਦਾ ਹੈ।

### ਭਾਵ

ਹੇ ਔਰੰਗਜ਼ੇਬ ! ਦੇਖ ਜੋ ਕੋਈ ਕਿਸੇ ਦੀ ਧਰਮ ਪੁਸਤਕ ਦੀ ਸੌਂਹ ਪਰ ਭਰੋਸਾ ਕਰ ਦਾ ਹੈ ਜੇ ਓਹ ਸੌਂਹ ਖਾਣ ਵਾਲਾ ਫੇਰ ਉਸ ਪੁਰਸ਼ ਨਾਲ ਦਗ਼ਾ ਕਰੇ ਤਾਂ ਵਾਹਿਗੁਰੂ ਉਸਨੂੰ ਬਚਣ ਦਾ ਆਪ ਰਸਤਾ ਦਸਦਾ ਹੈ, ਜਿਸ ਪ੍ਰਕਾਰ ਕਿ ਵਾਹਿਗੁਰੂ ਨੇ ਸਾਨੂੰ ਬਚਣ ਦਾ ਰਸਤਾ ਦੱਸਿਆ।

## (੪੪) ਨ ਪੇਚੀਦ ਮੂਏ ਨ ਰੰਜੀਦ ਤਨ ।
## ਕਿ ਬੇਰੂੰ ਖ਼ੁਦਾਵ੍ਰਦ ਦੁਸ਼ਮਨ ਸ਼ਿਕਨ ॥

(۴۴) نہ پیچید موئے نہ رنجید تن — کہ بیروں خود آورد دشمن شکن

ਨ = ਨਹੀਂ
ਪੇਚੀਦ=ਮੁੜਿਆ, ਬਿੰਗਾ ਹੋਇਆ
ਮੂਏ = ਇਕ ਬਾਲ
ਨ = ਨਹੀਂ
ਰੰਜੀਦ = ਰੰਜ ਹੋਯਾ, ਕਸ਼ਟ ਹੋਯਾ
ਤਨ = ਸ਼ਰੀਰ

ਕਿ = ਕਿ
ਬੇਰੂੰ = ਬਾਹਰ
ਖ਼ੁਦ = ਆਪ, ਆਪਣੇ ਆਪ
ਆਵਰਦ = ਲਿਆਇਆ
ਦੁਸ਼ਮਨ ਸ਼ਿਕਨ = ਮਾਰਨੇ ਵਾਲਾ ਵੈਰੀ

### ਅਰਥ

ਇੱਕ ਵਾਲ ਵਿੰਗਾ ਨਾ ਹੋਇਆ, ਨਾਂ ਸ਼ਰੀਰ ਨੂੰ ਕਸ਼ਟ ਹੋਇਆ, ( ਵਾਹਿਗੁਰੂ ) ਸਾਨੂੰ ਮਾਰਨ ਵਾਲੇ ਵੈਰੀਆਂ ਵਿਚੋਂ ਆਪ ਬਾਹਰ ਕੱਢ ਲਿਆਇਆ ।

### ਭਾਵ

ਹੇ ਔਰੰਗਜ਼ੇਬ ! ਉਸ ਵਾਹਿਗੁਰੂ ਦੀ ਸ਼ਕਤੀ ਦੇਖ ਕਿ ਸਾਡਾ ਵਾਲ ਭੀ ਵਿੰਗਾ ਨਾ ਹੋਇਆ ਅਤੇ ਨਾਂ ਸਾਡੇ ਸ਼ਰੀਰ ਤੇ ਕੋਈ ਜ਼ਖਮ ਹੀ ਆਇਆ ਅਤੇ ਵਾਹਿਗੁਰੂ ਨੇ ਤੇਰੀ ਸਾਰੀ ਸੈਨਾ ਵਿਚੋਂ ਜੋ ਸਾਡੇ ਮਾਰਨੇ ਦੇ ਫਿਕਰ ਵਿਚ ਸੀ ਸਾਨੂੰ ਬਾਹਰ ਕੱਢ ਲਿਆ ਤੇਰੀ ਸਾਰੀ ਸੈਨਾਂ ਵੇਖਦੀ ਦੀ ਵੇਖਦੀ ਹੀ ਰਹਿ ਗਈ ਸਗੋਂ ਤੇਰੀ ਫੌਜ ਨੇ ਬੌਲਪਨੇ ਨਾਲ ਪਰਸਪਰ ਲੜਕੇ ਨੁਕਸਾਨ ਉਠਾਇਆ ।

## (੪੫) ਨ ਦਾਨਮ ਕਿ ਈਂ ਮਰਦ ਪੈਮਾਂ ਸ਼ਿਕਨ।
## ਕਿ ਦੌਲਤ ਪਰਸਤ ਅਸਤੋ ਈਮਾਂ ਫ਼ਿਗਨ॥

(۴۵) ندانم کہ ایں مرد پیماں شکن — کہ دولت پرست است ایماں فگن

ਨ = ਨਹੀਂ
ਦਾਨਮ = ਮੈਂ ਜਾਣਦਾ
ਕਿ=ਕਿ, ਜੋ
ਈਂ = ਏਹ
ਮਰਦ = ਆਦਮੀ
ਪੈਮਾਂ ਸ਼ਿਕਨ= ਪੈਮਾਨ–ਸ਼ਿਕਨ ਬਚਨ–ਤੋੜਨ ਵਾਲਾ

ਕਿ = ਜੋ
ਦੌਲਤ ਪਰਸਤ=ਦੌਲਤ--ਪ੍ਰਸਤ= ਧਨ–ਪੂਜਕ = ਧਨ ਦੀ ਪੂਜਾ ਕਰਨ ਵਾਲੇ ਅਰਥਾਤ ਟਕੇ ਦੇ ਮੁਰੀਦ
ਅਸਤ = ਹੈ
ਈਮਾਂ ਫਿਗਨ=ਈਮਾਨ--ਫਿਗਨ ਧਰਮ ਦੇ ਗੇਰਨ ਵਾਲਾ ਅਰਥਾਤ ਧਰਮ ਦੇ ਛੱਡਣ ਵਾਲਾ

### ਅਰਥ

ਮੈਂ ਨਹੀਂ ਜਾਣਦਾ ਕਿ ਇਹ ਆਦਮੀ ਬਚਨ ਦੇ ਤੋੜਨ ਵਾਲਾ ਟਕੇ ਦਾ ਮੁਰੀਦ ਅਤੇ ਧਰਮ ਦੇ ਸੁੱਟਨ ਵਾਲਾ ਹੈ।

### ਭਾਵ

ਇਸ ਬੈਂਤ ਵਿਖੇ ਈਂ ਮਰਦ ਔਰੰਗਜ਼ੇਬ ਵੱਲ ਇਸ਼ਾਰਾ ਹੈ ਅਰਥਾਤ ਗੁਰੂ ਜੀ ਫੁਰਮਾਉਂਦੇ ਹਨ ਕਿ ਮੈਨੂੰ ਇਹ ਪਤਾ ਨਹੀਂ ਸੀ ਕਿ ਹੇ ਬਾਦਸ਼ਾਹ! ਤੂੰ ਬਚਨ ਦੇ ਤੋੜਨ ਵਾਲਾ ਤੇ ਧਰਮ ਤੋਂ ਲਾ ਪ੍ਰਵਾਹ ਅਤੇ ਟਕੇ ਦਾ ਮੁਰੀਦ ਹੈਂ! ਇਸੀ ਲਈ ਤੇਰੇ ਲਸ਼ਕਰ ਨੇ ਧਨ ਲੁੱਟਣ ਲਈ ਸਾਡੇ ਪਰ ਹੱਲਾ ਕੀਤਾ, ਜੇ ਤੂੰ ਆਪਣੇ ਨਿਯਮ ( ਧਰਮ ) ਪਰ ਪੱਕਾ ਹੈਂ ਤਾਂ ਇਨ੍ਹਾਂ ਧਰਮ ਤੋੜਨ ਵਾਲਿਆਂ ਨੂੰ ਡੰਡ ਦੇਹ।

## (੪੬) ਨ ਈਮਾਂ ਪਰਸਤੀ ਨ ਔਜ਼ਾਇ ਦੀਨ ।
## ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਨ ॥

(۴۶) نہ ایماں پرستی نہ اوضاع دین - نہ صاحب شناسی نہ محمدؐ یقین

ਨ = ਨਹੀਂ
ਈਮਾਂ ਪਰਸਤੀ=ਧਰਮ ਦੇ ਪੂਜਣ ਵਾਲਾ ਅਰਥਾਤ ਧਰਮ ਰੱਛਕ
ਨ = ਨਹੀਂ
ਔਜ਼ਾਇ ਦੀਨ=ਧਰਮ ਦੇ ਪ੍ਰਗਟ ਕਰਨ ਵਾਲਾ ਦੀਨਦਾਰ, ਧਾਰਮਿਕ.

ਨ = ਨਹੀਂ
ਸਾਹਿਬ=ਮਾਲਿਕ
ਸ਼ਨਾਸੀ=ਪਛਾਨਣ ਵਾਲਾ
ਨ = ਨਹੀਂ
ਮਹੰਮਦ = ਮੁਸਲਮਾਨਾਂ ਦੇ ਪਿਗ਼ੰਬਰ ਦਾ ਨਾਉਂ ਜਿਸ, ਪਰ ਉਨ੍ਹਾਂ ਦਾ ਵਿਸ਼੍ਵਾਸ ਹੈ
ਯਕੀਨ=ਭਰੋਸਾ

### ਅਰਥ

ਨਾਂ ਤੂੰ ਧਰਮ ਦੀ ਪਾਲਨਾਂ ਕਰਣ ਵਾਲਾ ਹੈਂ ਨਾਂ ਦੀਨ ਦਾਰ ਹੈਂ ਨਾਂ ਤੂੰ ਮਾਲਿਕ ਨੂੰ ਪਛਾਣਦਾ ਹੈਂ ਤੇ ਨਾਂ ਹੀ ਮਹੰਮਦ ( ਸਾਹਿਬ ) ਉੱਤੇ ਤੇਰਾ ਭਰੋਸਾ ਹੈ ।

### ਭਾਵ

ਹੇ ਔਰੰਗਜ਼ੇਬ ! ਨਾਂ ਤੂੰ ਇਨਸਾਫ ਕਰਣ ਵਾਲਾ ਹੈਂ ਨਾਂ ਤੂੰ ਦੀਨਦਾਰ ਹੀ ਹੈਂ, ਨਾਂ ਤੂੰ ਖ਼ੁਦਾ ਨੂੰ ਜਾਣਦਾ ਹੈਂ, ਨਾਂ ਤੇਰਾ ਮਹੰਮਦ ਸਾਹਿਬ ਉੱਤੇ ਹੀ ਯਕੀਨ ਹੈ, ਕਿਉਂਕਿ ਜੇ ਇਹ ਤੇਰੇ ਵਿਖੇ ਸਾਰੇ ਗੁਣ ਹੁੰਦੇ ਤਾਂ ਤੂੰ ਕਦੇ ਭੀ ਇਸ ਪ੍ਰਕਾਰ ਸਾਡੇ ਨਾਲ ਕੁਰਾਨ ਦੀ ਸੌਂਹ ਖਾਕੇ ਧੋਖਾ ਨਾ ਕਰਦਾ ।

(੪੭) ਹਰਾਂ ਕਸ ਕਿ ਈਮਾਂ ਪਰਸਤੀ ਕੁਨਦ ।
ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨਦ ॥

(۴۷) هر آنکس که ایمان پرستی کند — نه پیمان خودش پیش و پستی کند

ਹਰਾਂਕਸ = ਜੋ ਕੋਈ ਆਦਮੀ
ਈਮਾਂ = ਧਰਮ
ਪਰਸਤੀਕੁਨਦ = ਪੂਜਣਾ ਕਰਦਾ ਹੈ, ਪਾਲਨਾਂ ਕਰਦਾ ਹੈ.

ਨ = ਨਹੀਂ
ਪੈਮਾਂ = ਬਚਨ, ਅਕਰਾਰ
ਖ਼ੁਦਸ਼ = ਆਪਣੇ
ਪੇਸ਼ੋ ਪਸਤੀ = ਅੱਗੇ ਪਿੱਛੇ, ਟਾਲ ਵਾਲ.
ਕੁਨਦ = ਕਰਦਾ ਹੈ

## ਅਰਥ

ਜੋ ਕੋਈ ਪੁਰਸ਼ ਧਰਮ ਦੀ ਪਾਲਨਾਂ ਕਰਦਾ ਹੈ, ਓਹ ਆਪਣੇ ਬਚਣ ਤੋਂ ਟਾਲ ਵਾਲ ਨਹੀਂ ਕਰਦਾ ਹੈ ।

## ਭਾਵ

ਹੇ ਔਰੰਗਜ਼ੇਬ ! ਜੇਹਾ ਕਿ ਮੈਂ ਪਹਿਲਾਂ ਕਹਿ ਚੁੱਕਾ ਹਾਂ, ਜੇ ਤੂੰ ਧਰਮ ਦੀ ਪਾਲਨਾਂ ਕਰਨ ਵਾਲਾ ਹੁੰਦਾ ਤਾਂ ਕਿਆ ਤੂੰ ਆਪਣੇ ਹੀ ਬਚਨ ਨੂੰ ਤੋੜਦਾ, ਹੁਣ ਕਿਉਂ ਜੋ ਤੈਨੇ ਆਪਣੇ ਬਚਨ ਨੂੰ ਤੋੜ ਦਿੱਤਾ ਹੈ, ਇਸ ਤੋਂ ਸਾਫ ਸਿੱਧ ਹੈ ਕਿ ਤੂੰ ਧਰਮ ਦੀ ਪਾਲਨਾਂ ਕਰਨ ਵਾਲਾ ਨਹੀਂ ਹੈਂ । ਜੇ ਤੂੰ ਧਰਮ ਪਰ ਪੱਕਾ ਹੈਂ ਤਾਂ ਆਪਣੇ ਉਨ੍ਹਾਂ ਸਰਦਾਰਾਂ ਨੂੰ ਸਜ਼ਾ ਦੇਹ ਜਿਨ੍ਹਾਂ ਨੇ ਕਿ ਤੇਰੀ ਕਸਮ ਨੂੰ ਭੰਨਿਆ ਹੈ ।

## (੪੮) ਕਿ ਈਂ ਮਰਦ ਰਾ ਜ਼ੱਰਹ ਏਤਬਾਰ ਨੇਸਤ ।
## ਚਿ ਕਸਮੇ ਕੁਰਾਨ ਅਸਤ ਯਜ਼ਦਾਂ ਯਕੇਸਤ ॥

(۴۸) کہ این مرد را ذرّہ اعتبار نیست - چہ قسم قرآن است یزدان یکیست

ਕਿ = ਜੋ, ਕਿ
ਈਂ ਮਰਦ = ਏਹ ਪੁਰਸ਼ ਭਾਵ ਔਰੰਗਜ਼ੇਬ
ਰਾ = ਦਾ
ਜ਼ੱਰਹ = ਜ਼ਰਾ ਭਰ, ਭੋਰਾ.
ਏਤਬਾਰ = ਭਰੋਸਾ, ਯਕੀਨ, ਵਿਸ੍ਵਾਸ
ਨੇਸਤ = ਨਹੀਂ ਹੈ.

ਚਿ = ਕਿਆ
ਕ.ਸਮੇ ਕੁਰਾਂਨ = ਕੁਰਾਨ ਦੀ ਸੌਂਹ
ਅਸਤ = ਹੈ
ਯਜ਼ਦਾਂ = ਵਾਹਿਗੁਰੂ
ਯਕੇਸਤ = ਯਕ–ਅਸਤ = ਇਕ–ਹੈ.

### ਅਰਥ

ਕਿ ਇਸ ਆਦਮੀ ਦਾ ਜ਼ਰਾ ਭਰ ਭੀ ਭਰੋਸਾ ਨਹੀਂ ਹੈ, ਕਿਆ ਕੁਰਾਂਨ ਦੀ ਸੌਂਹ ਹੈ, ਵਾਹਿਗੁਰੂ ਇੱਕ ਹੈ ।

### ਭਾਵ

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਇਸ ਆਦਮੀ ਦਾ ਅਰਥਾਤ ਹੇ ਔਰੰਗਜ਼ੇਬ ! ਤੇਰਾ ਮੈਨੂੰ ਜ਼ਰਾ ਭਰ ਭੀ ਏਤਬਾਰ ਨਹੀਂ ਹੈ, ਕਿਆ ਤੇਰੀ ਕੁਰਾਂਨ ਦੀ ਸੌਂਹ ਹੈ, ਕਿਆ ਤੇਰੀ ਵਾਹਿਦ ਲਾ ਸ਼ਰੀਕ ਖ਼ੁਦਾ ਦੀ ਸੌਂਹ ਹੈ, ਅਰਥਾਤ ਤੂੰ ਕੁਰਾਨ ਤੇ ਖ਼ੁਦਾ ਦੀ ਸੌਂਹ ਦੇ ਤੋੜਨ ਵਾਲਾ ਹੈਂ, ਇਸ ਲਈ ਮੈਂ ਤੇਰੀਆਂ ਸੌਹਾਂ ਤੇ ਵਿਸ਼ਵਾਸ ਨਹੀਂ ਕਰਦਾ ਹਾਂ ।

(੪੯) ਚੁ ਕ਼ਸਮੇ ਕ਼ੁਰਾਂ ਸਦ ਕੁਨਦ ਇਖ਼ਤਿਆਰ ।
ਮਰਾ ਕ਼ਤਰਹ ਨਾਯਦ ਅਜ਼ੋ ਐਤਬਾਰ ॥

(۴۹) چو قسم قرآں صد کند اختیار - مرا قطرہ ناید ازو اعتبار

| | |
|---|---|
| ਚੁ = ਜੇ | ਮਰਾ = ਮੈਨੂੰ |
| ਕ਼ਸਮੇ ਕ਼ੁਰਾਂ = ਕ਼ੁਰਾਨ ਦੀ ਸੌਂਹ | ਕ਼ਤਰਹ = ਬਿੰਦੂ ਭਰ, ਜ਼ਰਾ ਭਰ |
| ਸਦ = ਸੌ. ੧੦੦ | ਨਾਯਦ=ਨ–ਆਯਦ= |
| ਕੁਨਦ = ਕਰੇ | ਨ = ਨਹੀਂ. ਆਯਦ = ਆਵੇ |
| ਇਖ਼ਤਿਯਾਰ = ਅੰਗੀਕਾਰ, ਕਬੂਲ, ਮਨਜ਼ੂਰ. | ਅਜ਼ੋ = ਉਸਤੋਂ |
| | ਐਤਬਾਰ = ਭਰੋਸਾ |

## ਅਰਥ

ਜੇ ਤੂੰ ਕ਼ੁਰਾਨ ਦੀਆਂ ਸੌ ਸੁਗੰਧਾਂ ਭੀ ਖਾਵੇਂ, ਮੈਨੂੰ ਉਸਤੋਂ ਜ਼ਰਾ ਭਰ ਭੀ ਭਰੋਸਾ ਨਹੀਂ ਆਉਂਦਾ।

## ਭਾਵ

ਹੇ ਔਰੰਗਜ਼ੇਬ ! ਹੁਣ ਜੋ ਤੂੰ ਇਕ ਸੌਂਹ ਕੀ, ਜੇ ਸੌ ਸੌਂਹਾਂ ਭੀ ਖਾਵੇਂ ਤਾਂ ਮੈਨੂੰ ਉਨ੍ਹਾਂ ਸੁਗੰਧਾਂ ਪਰ ਤਿਲ ਜਿਤਨਾਂ ਭੀ ਵਿਸਵਾਸ ਨਹੀਂ ਆ ਸਕਦਾ ਹੈ–ਕਿਉਂ ਜੋ ਮੈਨੇ ਜਾਣ ਲਿਆ ਹੈ ਕਿ ਤੂੰ ਭਰੋਸਾ ਕਰਣ ਦੇ ਯੋਗ ਨਹੀਂ ਹੈਂ ।

## (੫੦) ਅਗਰਚਿ ਤੁਰਾ ਏਤਬਾਰ ਆਮਦੇ ।
## ਕਮਰ ਬਸਤਏ ਪੇਸ਼ਵਾ ਆਮਦੇ ॥

(۵۰)اگرچہ ترا اعتبار آمدے - کمر بستہ پیشوا آمدے

| | |
|---|---|
| ਅਗਰਚਿ = ਜੇਕਰ | ਕਮਰ ਬਸਤਹ=ਕਮਰ-ਬਸਤਹ= ਲੱਕ ਬੰਨ੍ਹਕੇ–ਤਿਆਰ ਹੋਕੇ |
| ਤੁਰਾ ਤੈਨੂੰ | ਪੇਸ਼ਵਾ = ਸਾਮਹਣੇ |
| ਏਤਬਾਰ = ਭਰੋਸਾ, ਬਿਸ੍ਵਾਸ | ਆਮਦੇ = ਆਉਂਦਾ |
| ਆਮਦੇ = ਆਉਂਦਾ | |

### ਅਰਥ

ਜੇਕਰ ਤੈਨੂੰ ਭਰੋਸਾ ਆਉਂਦਾ ਤਾਂ ਤੂੰ ਲੱਕ ਬੰਨ੍ਹਕੇ [ ਅਰਥਾਤ ਤਿਆਰ ਹੋਕੇ ] ( ਸਾਡੇ ) ਸਾਹਮਣੇ ਆ ਜਾਂਦਾ ।

### ਭਾਵ

ਹੇ ਔਰੰਗਜ਼ੇਬ ! ਤੈਨੂੰ ਕਿਸੇ ਦੀ ਬਾਤ ਦਾ ਵਿਸ੍ਵਾਸ ਨਹੀਂ ਹੈ, ਜੇ ਤੈਨੂੰ ਸਾਡੀ ਬਾਤ ਦਾ ਯਕੀਨ ਹੁੰਦਾ ਤਾਂ ਤੂੰ ਜ਼ਰੂਰ ਤਿਆਰ ਬਰਤਿਆਰ ਹੋਕੇ ਸਾਡੇ ਸਾਹਮਣੇ ਆਉਂਦਾ ਤੇ ਸਾਡੇ ਨਾਲ ਬਚਨ ਬਿਲਾਸ ਕਰਦਾ, ਇਸਤੋਂ ਸਿੱਧ ਹੈ ਕਿ ਤੇਰੇ ਮਨ ਵਿਖੇ ਪਹਿਲਾਂ ਤੋਂ ਹੀ ਖੋਟ ਹੈ ।

## (੫੧) ਕਿ ਫਰਜ਼ ਅਸਤ ਬਰ ਸਰ ਤੁਰਾ ਈਂ ਸੁਖ਼ਨ। ਕਿ ਕੌਲੇ ਕੁਰਾਨਸਤੋ ਕਸਮੇ ਬਮਨ ॥

(۵۱) کہ فرض است بر سر ترا این سخن – کہ قولِ قرآنست و قسمِ بمن

ਕਿ = ਕਿ, ਜੋ
ਫ਼ਰਜ਼ = ਧਰਮ
ਅਸਤ = ਹੈ
ਬਰ = ਉੱਤੇ
ਸਰ = ਸਿਰ
ਤੁਰਾ = ਤੇਰੇ
ਈਂ = ਏਹ
ਸੁਖਨ = ਬਾਤ

ਕਿ = ਕਿ, ਜੋ
ਕੌਲੇ ਬਚਨ, ਸੁਗੰਧ
ਕੁਰਾਨ = ਮੁਸਲਮਾਨਾਂ ਦੀ ਧਰਮ ਪੁਸਤਕ
ਅਸਤੋ = ਹੈ ( ਅਸਤ—ਵ )
ਕਸਮੇ = ਸੌਂਹ, ਸੁਗੰਧ
ਬਮਨ = ਮੇਰੇ ਸਾਥ, ਮੇਰੇ ਨਾਲ.

### ਅਰਥ

ਤੇਰੇ ਸਿਰ ਉੱਤੇ ਇਸ ਬਾਤ ਦਾ ਫਰਜ਼ ਹੈ, ਜੋ ਕੁਰਾਂਨ ਦੀ ਸੁਗੰਧ ਤੈਂ ਮੇਰੇ ਨਾਲ ( ਕੀਤੀ ਹੈ )

### ਭਾਵ

ਹੇ ਔਰੰਗਜ਼ੇਬ ! ਤੇਰੇ ਸਿਰ ਉੱਤੇ ਇਸ ਬਾਤ ਦਾ ਬੋਝ ਹੈ ਕਿ ਜਿਨ੍ਹਾਂ ਤੇਰੇ ਸਰਦਾਰਾਂ ਨੇ ਤੇਰੇ ਵੱਲੋਂ ਮੇਰੇ ਨਾਲ ਕੁਰਾਂਨ ਦੀ ਸੌਂਹ ਖਾਕੇ ਮੇਰੇ ਨਾਲ ਦਗ਼ਾ ਕੀਤਾ ਹੈ, ਤੂੰ ਉਨ੍ਹਾਂ ਨੂੰ ਅਜੇਹਾ ਖੋਟਾ ਕੰਮ ਕਰਣ ਦੀ ਬਾਬਤ ਦਰਯਾਫਤ ਕਰਕੇ ਉਨ੍ਹਾਂ ਨੂੰ ਯੋਗ ਦੰਡ ਦੇਵੇਂ ।

## (੫੨) ਅਗਰ ਹਜ਼ਰਤੇ ਖ਼ੁਦ ਸਿਤਾਦਹ ਸ਼ਵਦ।
## ਬਜਾਨੋ ਦਿਲੇ ਕਾਰ ਵਾਜ਼ਹ ਸ਼ਵਦ॥

(۵۲) اگر حضرتِ خود ستادہ شود — بجانُ دل کار واضح شود

| | |
|---|---|
| ਅਗਰ = ਜੇਕਰ | ਬਜਾਨੋ ਦਿਲੇ = ਬ–ਜਾਂਨ–ਵ–ਦਿਲ=ਨਾਲ–ਜਾਂਨ–ਤੇ–ਦਿਲ=ਦਿਲ ਤੇ ਜਾਂਨ ਨਾਲ |
| ਹਜ਼ਰਤੇ = ਬਾਦਸ਼ਾਹ ਭਾਵ ਔਰੰਗਜ਼ੇਬ | ਕਾਰ = ਕੰਮ |
| ਖ਼ੁਦ = ਆਪ | ਵਾਜ਼ਹ = ਪ੍ਰਗਟ, ਜ਼ਾਹਰ |
| ਸਿਤਾਦਹ ਸ਼ਵਦ = ਖੜਾ ਹੋਵੇ | ਸ਼ਵਦ = ਹੋਵੇ |

### ਅਰਥ

ਹੇ ਬਾਦਸ਼ਾਹ! ਜੇਕਰ ਤੂੰ ਆਪ ਸਾਹਮਣੇ ਖੜਾ ਹੋਵੇਂ, ਦਿਲ ਤੇ ਜਾਨ ਨਾਲ ਕੰਮ ਪ੍ਰਗਟ ਹੋ ਜਾਵੇ।

### ਭਾਵ

ਹੇ ਔਰੰਗਜ਼ੇਬ! ਜੇ ਤੂੰ ਕਿਤੇ ਸਾਡੇ ਸਾਹਮਣੇ ਖੜਾ ਹੋਵੇਂ ਫੇਰ ਮੈਂ ਤੈਨੂੰ ਦਿਲੋਂ ਜਾਨ ਨਾਲ ਅਰਥਾਤ ਪੂਰੀਆਂ ਪੂਰੀਆਂ ਬਾਤਾਂ ਪ੍ਰਗਟ ਕਰਾਂ ਕਿ ਤੇਰੇ ਸਰਦਾਰਾਂ ਨੇ ਕਿਸ ਪ੍ਰਕਾਰ ਸਾਡੇ ਨਾਲ ਦਗ਼ੇ ਕੀਤੇ ਅਰ ਧੋਖੇ ਦਿੱਤੇ ਕਿਉਂ ਜੋ ਲਿਖਣ ਵਿਖੇ ਸਾਰੀਆਂ ਬਾਤਾਂ ਨਹੀਂ ਆ ਸਕਦੀਆਂ ਹਨ, ਇਸੀ ਕਰਕੇ ਇਹ ਲਿਖਿਆ ਹੈ ਕਿ ਜੇ ਤੂੰ ਸਾਡੇ ਸਾਹਮਣੇ ਖੜਾ ਹੋਵੇਂ ਅਤੇ ਆਮੋਂ ਸਾਹਮਣੇ ਬਾਤਾਂ ਕਰਨ ਤੋਂ ਇਹ ਲਾਭ ਹੁੰਦਾ ਹੈ ਕਿ ਜਿਸਦੀ ਗ਼ਲਤੀ ਯਾ ਭੁੱਲ ਹੁੰਦੀ ਹੈ ਓਹ ਪ੍ਰਗਟ ਹੋ ਜਾਂਦੀ ਹੈ, ਜੋ ਲਿਖਤ ਦ੍ਵਾਰਾ ਯਾ ਵਕੀਲਾਂ ਦੀ ਰਾਹੀਂ ਕਦੇ ਦੂਰ ਨਹੀਂ ਹੋ ਸਕਦੀ ਹੈ।

## (੫੩) ਸ਼ੁਮਾਰਾ ਚੁ ਫਰਜ਼ ਅਸਤ ਕਾਰੇ ਕੁਨੀ ।
## ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀ ॥

(۵۳) شمارا چو فرض است کارے کنی - بموجب نوشتہ شمارے کنی

ਸ਼ੁਮਾਰਾ = ਤੇਰਾ
ਚੁ = ਜੋ
ਫਰਜ਼ = ਧਰਮ, ਫਰਜ਼, ਯੋਗ
ਅਸਤ = ਹੈ
ਕਾਰੇ ਕੁਨੀ = ਕੰਮ ਕਰੇਂ ਤੂੰ

ਬਮੂਜਬ = ਅਨੁਸਾਰ
ਨਵਿਸ਼ਤਹ = ਲਿਖੇ ਹੋਏ ਦੇ
ਸ਼ੁਮਾਰੇ ਕੁਨੀ=ਤੂੰ ਗਿਣਤੀ ਕਰੇਂ
ਤੂੰ ਹਿਸਾਬ ਲੇਵੇਂ.

### ਅਰਥ

ਤੇਰਾ ਫਰਜ਼ ( ਧਰਮ ) ਉਸ ਕੰਮ ਕਰਨ ਦਾ ਹੈ, ਜੋ ਤੂੰ ਲਿਖੇ ਹੋਏ ਦੇ ਅਨੁਸਾਰ ਹਿਸਾਬ ਲੈ ।

### ਭਾਵ

ਹੇ ਔਰੰਗਜ਼ੇਬ ! ਤੂੰ ਬਾਦਸ਼ਾਹ ਹੈਂ, ਬਾਦਸ਼ਾਹਾਂ ਦਾ ਧਰਮ ਹੈ ਕਿ ਓਹ ਕੰਮ ਕਰਨ, ਇਹ ਨਹੀਂ ਕਿ ਓਹ ਕਿਸੇ ਨੂੰ ਕੁਝ ਭੀ ਨਾਂ ਕਹਿਣ, ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਆਪਣੇ ਸਰਦਾਰਾਂ ਤੋਂ ਇਹ ਦਰਯਾਫਤ ਕਰੇਂ (ਪੁੱਛੇਂ)ਕਿ ਉਨ੍ਹਾਂ ਨੇ ਤੇਰੇ ਅਤੇ ਆਪਣੇ ਲਿਖੇ ਹੋਏ ਨਿਯਮ ਤੋਂ ਉਲਟ ਕਿਉਂ ਸਾਡੇ ਪਰ ਚੜ੍ਹਾਈ ਕੀਤੀ ।

## (੫੪) ਨਵਿਸ਼ਤਹ ਰਸੀਦੋ ਬਗੁਫਤਹ ਜ਼ਬਾਂ ।
## ਬਿਬਾਯਦ ਕਿ ਈਂਰਾ ਬਰਾਹਤ ਰਸਾਂ ॥

(۵۴) نوشتہ رسید و بگفتہ زباں - بباید کہ ایں را براحت رساں

| | |
|---|---|
| ਨਵਿਸ਼ਤਹ = ਲਿਖਿਆ ਹੋਯਾ | ਬਿਬਾਯਦ = ਚਾਹੀਦਾ ਹੈ |
| ਰਸੀਦੋ = ਰਸੀਦ—ਵ = ਪੌਹਚਿਆ—ਅਤੇ | ਕਿ = ਜੋ, ਕਿ |
| ਬਗੁਫਤਹ = ਕਹਿਆ ਹੋਇਆ | ਈਂਰਾ = ਇਸਨੂੰ |
| ਜ਼ਬਾਂ = ਜ਼ਬਾਨ ਦਾ, ਮੂੰਹ ਦਾ. | ਬਰਾਹਤ = ਬ—ਰਾਹਤ=ਨਾਲ—ਅਨੰਦ ਦੇ, ਖੁਸ਼ੀ ਨਾਲ |
| | ਰਸਾਂ = ਪਹੁਚਾ, ਅਰਥਾਤ ਪੂਰਾ ਕਰ |

### ਅਰਥ

( ਤੇਰਾ ) ਲਿਖਿਆ ਹੋਇਆ ( ਤੇ ) ਜ਼ਬਾਨ ਦਾ ਕਹਿਆ ਹੋਇਆ ਪੌਹਚਿਆ ਤੈਨੂੰ ਚਾਹੀਦਾ ਹੈ ਕਿ ਇਸਨੂੰ ਖੁਸ਼ੀ ਨਾਲ ਪੂਰਾ ਕਰੇਂ ॥

### ਭਾਵ

ਹੇ ਔਰੰਗਜ਼ੇਬ ! ਤੇਰੇ ਵਕੀਲ ਨੇ ਜੋ ਕੁਝ ਤੈਨੇ ਉਸਨੂੰ ਲਿਖਕੇ ਦਿੱਤਾ ਸੀ ਯਾ ਜ਼ਬਾਨੀ ਸਮਝਾਇਆ ਸੀ ਓਹ ਸਾਡੇ ਪਾਸ ਪਹੁੰਚ ਗਿਆ ਸੀ, ਜਿਸ ਪ੍ਰਕਾਰ ਉਸ ਵਕਤ ਤੈਨੇ ਇਕਰਾਰ ਤੇ ਨਿਯਮ ਕੀਤੇ ਸਨ ਇਸੀ ਪ੍ਰਕਾਰ ਹੁਣ ਤੈਨੂੰ ਚਾਹੀਦਾ ਹੈ ਕਿ ਤੂੰ ਇਨ੍ਹਾਂ ਬਚਨਾਂ ਨੂੰ ਖੁਸ਼ੀ ਨਾਲ ਪੂਰਾ ਕਰੇਂ ਅਰਥਾਤ ਜਿਨਾਂ ਨੇ ਤੇਰੇ ਨਿਯਮਾਂ ਤੇ ਇਕਰਾਰਾਂ ਨੂੰ ਤੋੜਿਆ ਹੈ ਉਨ੍ਹਾਂ ਨੂੰ ਯਥਾ ਯੋਗ ਸਜ਼ਾ ਦੇਵੇਂ ॥

(੫੫) ਹਮੂੰ ਮਰਦ ਬਾਯਦ ਸ਼ਵਦ ਸੁਖਨਵਰ ।
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥

(۵۵) ہموں مرد باید شود سخن ور - نہ شکم دگر در دہاں دگر

ਹਮੂੰ = ਓਹ
ਮਰਦ = ਆਦਮੀ
ਬਾਯਦ = ਚਾਹੀਦਾ ਹੈ
ਸ਼ਵਦ = ਹੋਵੇ
ਸੁਖਨਵਰ = ਬਾਤ ਵਾਲਾ,
ਬਚਨ ਦਾ ਪੱਕਾ

ਨ = ਨਹੀਂ
ਸ਼ਿਕਮੇ=ਪੇਟ ਵਿੱਚ, ਦਿਲ ਵਿਖੇ
ਦਿਗਰ = ਹੋਰ, ਦੂਜਾ
ਦਰ = ਵਿਖੇ
ਦਹਾਨੇ = ਦਹਾਨ=ਮੂੰਹ (ਏ=ਦੇ)
ਦਿਗਰ = ਦੂਜਾ, ਹੋਰ

## ਅਰਥ

ਆਦਮੀ ਅਜੇਹਾ ਹੋਣਾ ਚਾਹੀਦਾ ਹੈ ਜੋ ਬਚਨ ਦਾ ਪੱਕਾ ਹੋਵੇ ( ਐਸਾ ) ਨਹੀਂ ਜੋ ਦਿਲ ਵਿਖੇ ਹੋਰ ਤੇ ਮੂੰਹ ਵਿਖੇ ਹੋਰ ।

## ਭਾਵ

ਹੇ ਔਰੰਗਜ਼ੇਬ ! ਸੰਸਾਰ ਵਿਖੇ "ਆਦਮੀ" ਓਹੀ ਕਹਿਲਾਉਣ ਦਾ ਹੱਕਦਾਰ ਹੋ ਸਕਦਾ ਹੈ ਜੋ ਆਪਣੇ ਬਚਨਾਂ ਦਾ ਪੱਕਾ ਹੋਵੇ, ਓਹ ਆਦਮੀ ਨਹੀਂ ਹੈ ਜੋ ਆਪਣੇ ਪੇਟ ਵਿਖੇ ਕੁਝ ਹੋਰ ਰੱਖਦਾ ਹੈ ਤੇ ਮੂੰਹੋਂ ਕੁਝ ਹੋਰ ਆਖਦਾ ਹੈ—ਇਸ ਲਈ ਮੇਰੇ ਖਿਆਲ ਵਿਖੇ ਹੇ ਬਾਦਸ਼ਾਹ ! ਤੂੰ ਆਦਮੀ ਭੀ ਕਹਲਾਉਣ ਦੇ ਯੋਗ ਨਹੀਂ, ਕਿਉਂ ਜੋ ਤੇਰੇ ਪੇਟ ਵਿਖੇ ਹੋਰ ਹੈ ਤੇ ਮੂੰਹ ਵਿਖੇ ਹੋਰ ਹੈ, ਅਰਥਾਤ ਤੇਰੀ ਸਭ ਚਾਲ ਦਗ਼ੇ ਤੇ ਫ਼ਰੇਬ ਦੀ ਹੈ ਤੇ ਜੋ ਕੁਝ ਤੂੰ ਮੂੰਹ ਤੋਂ ਆਖਦਾ ਉਸਨੂੰ ਨਹੀਂ ਕਰਦਾ ਹੈਂ ॥

**(੫੬) ਕਿ ਕਾਜ਼ੀ ਮਰਾ ਗੁਫਤ ਬੇਰੂੰ ਨਿਯਮ।**
**ਅਗਰ ਰਾਸਤੀ ਖ਼ੁਦ ਬਿਆਰੀ ਕ਼ਦਮ॥**

(۵۶) کہ قاضی مرا گفت بیروں نیم – اگر راستی خود بیاری قدم

ਕਿ = ਜੋ ਕਿ
ਕਾਜ਼ੀ=ਇਨਸਾਫ ਕਰਨ ਵਾਲਾ ਮੁਨਸਫ, ਅਕਾਲ ਪੁਰਖ, ਵਾਹਿਗੁਰੂ,
ਮਰਾ ਗੁਫਤਹ=ਮਰਾ–ਗੁਫਤਹ= ਮੈਨੂੰ–ਆਖਿਆ,
ਬੇਰੂੰ = ਬਾਹਰ,
ਨਿਯਮ = ਮੈਂ ਨਹੀਂ ਹਾਂ,

ਅਗਰ = ਜੇ
ਰਾਸਤੀ = ਸੱਚ, ਸਤਿ
ਖ਼ੁਦ = ਆਪਣਾਂ
ਬਿਆਰੀ = ਤੂੰ ਲਿਆਵੇਂ
ਕ਼ਦਮ = ਪੈਰ, ਚਰਨ

## ਅਰਥ

ਜੋ ਅਕਾਲ ਪੁਰਖ ਨੇ ਮੈਨੂੰ ਆਖਿਆ ਹੈ ਕਿ ਮੈਂ ਬਾਹਰ ਨਹੀਂ ਹਾਂ ਜੇ ਤੂੰ ਸੱਚ ਵਿਖੇ ਅਪਨਾ ਚਰਨ ਲਿਆਵੇਂ।

## ਭਾਵ

ਹੇ ਔਰੰਗਜ਼ੇਬ! ਇਹ ਅਕਾਲ ਪੁਰਖ ਦਾ ਕਹਿਣਾ ਹੈ ਕਿ ਜੋ ਸੱਚ ਵਿਖੇ ਪੈਰ ਰੱਖਦਾ ਹੈ ਅਰਥਾਤ ਸੱਚ ਕਮਾਉਂਦਾ ਹੈ ਅਕਾਲ ਪੁਰਖ ਉਸਤੋਂ ਬਾਹਰ ਨਹੀਂ ਹੁੰਦਾ ਹੈ, ਹੁਣ ਜੋ ਮੈਂ ਆਪਣੇ ਸੱਚ ਵਿਖੇ ਕਾਇਮ ਰਿਹਾ ਹਾਂ, ਇਸ ਲਈ ਅਕਾਲ ਪੁਰਖ ਸਾਡੇ ਅੰਗ ਸੰਗ ਹੈ ਪਰ ਜੇ, ਤੂੰ ਕਹੇਂ ਕਿ ਮੈਂ ਭੀ ਸੱਚ ਪਰ ਸਥਿਤ ਹਾਂ ਤਾਂ ਤੂੰ ਅਪਨੀ ਬਚਨ ਪ੍ਰਹਾਰੀ ਵਰਤੋਂ ਵੱਲ ਧਯਾਨ ਕਰ॥

(੫੭) ਤੁਰਾ ਗਰ ਬਿਬਾਯਦ ਕੌਲੇ ਕੁਰਾਂ ।
ਬਨਿਜ਼ਦੇ ਸ਼ੁਮਾਰਾ ਰਸਾਨਮ ਹੁਮਾਂ ॥

(۵۷) ترا اگر بباید قولِ قرآں - بہ نزدِ شمارا رسانم ہماں

ਤੁਰਾ = ਤੈਨੂੰ
ਗਰ = ਅਗਰ, ਜੇ
ਬਿਬਾਯਦ = ਚਾਹੀਦਾ ਹੈ
ਕੌਲੇ ਕੁਰਾਂ = ਕੁਰਾਂਨ ਦਾ ਬਚਨ,
ਕੁਰਾਂਨ ਦੀ ਸੌਂਹ

ਬਨਿਜ਼ਦੇ ਸ਼ੁਮਾ = ਪਾਸ–ਤੇਰੇ
ਰਾ = ਕੌ, ਨੂੰ
ਰਸਾਨਮ = ਮੈਂ ਭੇਜਾਂ,
ਮੈਂ ਭੇਜ ਦੇਵਾਂ
ਹੁਮਾਂ = ਉਸਨੂੰ, ਓਹੀ

## ਅਰਥ

ਜੇਕਰ ਤੈਨੂੰ ਕੁਰਾਂਨ ਦੀ ਸੌਂਹ ਦੀ ਲੋੜ ਹੈ ਤਾਂ ਮੈਂ ਓਹੀ ਤੇਰੇ ਪਾਸ ਭੇਜ ਦੇਵਾਂ ।

## ਭਾਵ

ਹੇ ਔਰੰਗਜ਼ੇਬ ! ਜੇ ਤੂੰ ਆਪਣੇ ਐਹਦਨਾਮੇ ਨੂੰ ਦੇਖਣਾਂ ਚਾਹੁੰਦਾ ਹੈਂ ਜਿਸ ਵਿਖੇ ਤੈਨੇ ਕੁਰਾਂਨ ਦੀ ਸੌਂਹ ਖਾਧੀ ਹੈ ਤਾਂ ਓਹ ਐਹਦਨਾਮਾਂ ਮੇਰੇ ਪਾਸ ਮੌਜੂਦ ਹੈ ਮੈਂ ਉਸਨੂੰ ਤੇਰੇ ਦੇਖਣ ਦੇ ਲਈ ਤੇਰੇ ਪਾਸ ਭੇਜ ਸਕਦਾ ਹਾਂ ਜਿਸਦੇ ਦੇਖਣ ਤੋਂ ਤੈਨੂੰ ਪਤਾ ਲੱਗ ਜਾਵੇਗਾ ਕਿ ਤੂੰ ਸੱਚ ਤੋਂ ਕਿਸਤ੍ਰਾਂ ਫਿਰ ਗਿਆ ਹੈਂ, ਅਰਥਾਤ ਤੈਂ ਸ਼ੱਚ ਵਿਖੇ ਜ਼ਰਾ ਭਰ ਭੀ ਪੈਰ ਨਹੀਂ ਰੱਖਿਆ ਹੈ ॥

## (੫੮) ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ ; ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ॥

(۵۸) کہ تشریف در قصبہ کانگڑ کند — وزاں پس ملاقات باہم شود

ਕਿ = ਜੋ, ਜੇ, ਕਿ
ਤਸ਼ਰੀਫ = ਆਉਣਾਂ
ਦਰ = ਵਿਖੇ, ਮੇਂ
ਕਸਬਹ = ਗਾਂਉ, ਪਿੰਡ, ਗ੍ਰਾਂਮ
ਕਾਂਗੜ = ਇਕ ਗਾਂਉ ਕਾ ਨਾਉਂ ਹੈ ਜੋ ਦੀਨੇ ਦੇ ਪਾਸ ਹੈ
ਕੁਨਦ = ਕਰੇ

ਵਜ਼ਾਂ ਪਸ = ਇਸਦੇ ਪਿੱਛੋਂ (ਵ–ਅਜ਼–ਆਂ–ਪਸ)
ਮੁਲਾਕਾਤ = ਮਿਲਨਾਂ, ਮਿਤ੍ਰਾ ਚਾਰੀ
ਬਾਹਮ = ਆਪੋ ਵਿੱਚ
ਸ਼ਵਦ = ਹੋ ਜਾਵੇ

### ਅਰਥ

ਜੇ ਤੂੰ ਕਾਂਗੜ ਗਾਂਉ ਵਿਖੇ ਆਵੇਂ ਤਾਂ ਫੇਰ ਆਪੋ ਵਿੱਚ ਮੁਲਾਕਾਤ ਹੋ ਜਾਵੇ ।

### ਭਾਵ

ਹੇ ਔਰੰਗਜ਼ੇਬ ! ਜੇ ਤੂੰ ਇੱਕ ਵਾਰ ਸਾਡੇ ਪਾਸ ਕਾਂਗੜ ਗਾਂਉ ਵਿਖੇ ਜਿਥੇ ਕਿ ਅਸੀਂ ਅੱਜ ਕਲ ਠਹਿਰੇ ਹੋਏ ਹਾਂ ਆ ਜਾਵੇਂ ਤਾਂ ਫੇਰ ਇਸ ਅਸਥਾਨ ਵਿਖੇ ਤੇਰੀ ਸਾਡੀ ਮੁਲਾਕਾਤ ਹੋ ਸਕਦੀ ਹੈ ॥

## (੫੯) ਨ ਜ਼ਰਹ ਦਰੀਂ ਰਾਹ ਖ਼ਤਰਹ ਤੁਰਾਸਤ।
## ਹਮਹਿ ਕੌਮ ਬੈਰਾੜ ਹੁਕਮੇ ਮਰਾਸਤ ॥

(۵۹) نہ ذرہ دریں راہ خطرہ تراست۔ ہمہ قوم بیراڑ حکم مراست

ਨ = ਨਹੀਂ
ਜ਼ਰਹ = ਜਰਾ ਭਰ ਭੀ
ਦਰੀਂ =(ਦਰ–ਈਂ) ਇਸ ਵਿਖੇ
ਰਾਹ = ਰਸਤਾ
ਖ਼ਤਰਹ = ਡਰ, ਭੈ
ਤੁਰਾਸਤ = (ਤੁਰਾ–ਅਸਤ) ਤੈਨੂੰ ਹੈ

ਹਮਹ = ਸਾਰੀ, ਤਮਾਮ
ਕੌਮ = ਜਾਤਿ
ਬੈਰਾੜ = ਬੈਰਾੜ ਜਾਤਿ
ਹੁਕਮੇ = ਹੁਕਮ, ਆਗਜ਼ਾ
ਮਰਾਸਤ = ਮਰਾ–ਅਸਤ= ਮੇਰਾ–ਹੈ

### ਅਰਥ

ਇਸ ਰਾਹ ਵਿਖੇ ਤੈਨੂੰ ਜ਼ਰਾ ਭਰ ਭੀ ਡਰ ਨਹੀਂ ਹੈ, ( ਕਿਉਂ ਜੋ ) ਸਾਰੀ ਬੈਰਾੜ ਬੰਸ ਮੇਰੀ ਆਗਜ਼ਾ ਵਿਖੇ ਹੈ।

### ਭਾਵ

ਹੇ ਔਰੰਗਜ਼ੇਬ ! ਤੂੰ ਇਧਰ ਪੰਜਾਬ ਵਿਖੇ ਆਉਣ ਤੋਂ ਨਾ ਡਰ ਕਿ ਤੈਨੂੰ ਕਿਸੀ ਪ੍ਰਕਾਰ ਦਾ ਨੁਕਸਾਨ ਪਹੁੰਚੇਗਾ, ਨਹੀਂ ਨਹੀਂ ਇਧਰ ਸਾਰੀ ਬੈਰਾੜ ਬੰਸ ਮੇਰੇ ਹੁਕਮ ਵਿਖੇ ਹੈ ਜਦ ਮੈਂ ਉਸਨੂੰ ਰੋਕ ਦੇਵਾਂਗਾ ਤਾਂ ਓਹ ਤੈਨੂੰ ਕਿਸੀ ਪ੍ਰਕਾਰ ਦੀ ਹਾਨੀ ਨਹੀਂ ਪਹੁੰਚਾਊਗੀ, ਇਸ ਲਈ ਤੂੰ ਬੇ ਡਰ ਕਾਂਗੜ ਵਿਖੇ ਆਕੇ ਸਾਨੂੰ ਮਿਲ ॥

## (੬੦) ਅਗਰ ਤੂ ਬਯਜ਼ਦਾਂ ਪਰਸਤੀ ਕੁਨੀ।
## ਬਕਾਰੇ ਮਰਾ ਈਂ ਨ ਸੁਸਤੀ ਕੁਨੀ॥

(۶۰) اگر تو بہ یزداں پرستی کنی — بکارِ مرا ایں نہ سستی کنی

ਅਗਰ = ਜੇ
ਤੋ = ਤੂੰ
ਬ = ਨੂੰ, ਕੋ
ਯਜ਼ਦਾਂ = ਖ਼ੁਦਾ, ਵਾਹਿਗੁਰੂ ਅਕਾਲ ਪੁਰਖ
ਪਰਸਤੀ = ਪੂਜਾ, ਮੰਨਣਾਂ
ਕੁਨੀ = ਤੂੰ ਕਰੇ

ਬ = ਵਿਖੇ
ਕਾਰੇ ਮਰਾ = ਕਾਰ = ਕੰਮ, ਮਰਾ=ਮੇਰੇ (ਮੇਰੇ ਕੰਮ ਵਿਖੇ)
ਨ = ਨਹੀਂ
ਸੁਸਤੀ = ਢਿੱਲ, ਦੇਰ
ਕੁਨੀ = ਤੂੰ ਕਰੇਂ

### ਅਰਥ

ਜੇ ਤੂੰ ਖ਼ੁਦਾ ਦੇ ਪੂਜਣ ਵਾਲਾ ਹੈਂ ( ਤਾਂ ) ਮੇਰੇ ਇਸ ਕੰਮ ਵਿਖੇ ਤੂੰ ਸੁਸਤੀ ਨਹੀਂ ਕਰੇਂਗਾ।

### ਭਾਵ

ਹੇ ਔਰੰਗਜ਼ੇਬ ! ਜੇ ਤੂੰ ਵਾਹਿਗੁਰੂ ਦੇ ਪੂਜਣ ਵਾਲਾ ਅਰਥਾਤ ਉਸਦੇ ਮੰਨਣ ਵਾਲਾ ਹੈਂ ਤਾਂ ਤੂੰ ਮੇਰੇ ਇਸ ਕੰਮ ਵਿਖੇ ਢਿੱਲ ਨਹੀਂ ਕਰੇਂਗਾ ਅਰਥਾਤ ਜਿਥੋਂ ਤੱਕ ਤੈਥੋਂ ਹੋ ਸਕੇਗਾ ਤੂੰ ਮੈਨੂੰ ਆਕੇ ਸ਼ੀਘਰ ਹੀ ਮਿਲੇਂਗਾ ॥

(੬੧) ਬ ਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ ।
ਨ ਗੁਫਤਹ ਕਸੇ, ਕਸ ਖਰਾਸ਼ੀ ਕੁਨੀ ॥

(۶۱) بباید کہ یزداں شناسی کنی – نہ گفتہ کسے کس خراشی کنی

ਬਬਾਯਦ = ਚਾਹੀਦਾ ਹੈ
ਕਿ = ਜੋ, ਕਿ
ਯਜ਼ਦਾਂ = ਅਕਾਲ ਪੁਰਖ, ਵਾਹਿਗੁਰੂ
ਸ਼ਨਾਸੀ ਕੁਨੀ=ਸ਼ਨਾਸੀ-ਕੁਨੀ= ਪਛਾਨਣਾ—ਤੂੰ ਕਰੇ

ਨ = ਨਹੀਂ
ਗੁਫਤਹ ਕਸੇ=ਗੁਫਤਹ—ਕਸੇ= ਕਹਿਣ ਨਾਲ—ਕਿਸੀ ਆਦਮੀ ਦੇ
ਕਸ = ਕੋਈ ਆਦਮੀ, ਕਿਸੀ ਆਦਮੀ ਨੂੰ
ਖਰਾਸ਼ੀ = ਛਿੱਲਣਾਂ, ਉਧੇੜਨਾ ਦੁਖ ਦੇਣਾ
ਕੁਨੀ = ਤੂੰ ਕਰੇ

## ਅਰਥ

ਤੈਨੂੰ ਚਾਹੀਦਾ ਹੈ ਕਿ ਤੂੰ ਵਾਹਿਗੁਰੂ ਨੂੰ ਪਛਾਣੇਂ ਕਿਸੀ ਦੇ ਕਹਿਣ ਨਾਲ ਕਿਸੀ ਨੂੰ ਦੁਖ ਨਹੀਂ ਦੇਣਾ ਚਾਹੀਦਾ ਹੈ ।

## ਭਾਵ

ਹੇ ਔਰੰਗਜ਼ੇਬ ! ਤੈਨੂੰ ਯੋਗ ਹੈ ਕਿ ਤੂੰ ਹਰ ਸਮੇਂ ਵਾਹਿਗੁਰੂ ਦਾ ਧਿਆਨ ਰਖੇਂ ਤੇ ਕਿਸੀ ਦੇ ਕਹਿਣ ਨਾਲ ਕਿਸੀ ਦਾ ਲਹੂ ਨਾ ਪੀਵੇਂ ਜਿਸ ਪ੍ਰਕਾਰ ਕਿ ਪਹਾੜੀ ਰਾਜਿਆਂ ਨੇ ਯਾ ਤੇਰੇ ਸੂਬਿਆਂ ਨੇ ਸਾਡੀ ਬਾਬਤ ਤੇਰੇ ਪਾਸ ਝੂਠੀਆਂ ਸ਼ਕਾਇਤਾਂ ਕੀਤੀਆਂ ਹਨ ਤੇ ਤੈਨੇ ਉਨ੍ਹਾਂ ਦੇ ਕਹਿਣੇ ਨੂੰ ਸੁਣਕੇ ਸਾਡੇ ਪਰ ਫੌਜ ਭੇਜ ਦਿਤੀ ਹੈ ਜੇ ਤੂੰ ਵਾਹਿਗੁਰੂ ਨੂੰ ਜਾਨਣ ਵਾਲਾ ਹੁੰਦਾ ਤਾਂ ਤੂੰ ਕਦੇ ਚੁਗਲ ਖੋਰਾਂ ਦੇ ਕਹੇ ਵਿਖੇ ਨਾਂ ਫਸਦਾ ਅਤੇ ਨਾਂ ਤੇਰੇ ਤੋਂ ਏਹੋ ਜਿਹਾ ਘੋਰ ਪਾਪ ਹੁੰਦਾ ॥

(੬੨) ਤੁ ਮਸਨਦ ਨਸ਼ੀਂ ਸਰਵਰੇ ਕਾਯਨਾਤ ।
ਕਿ ਅਜ਼ਬ ਅਸਤ ਇਨਸਾਫ਼ ਈਂ ਹਮ ਸਿਫ਼ਾਤ॥

۶۲ تو مسند نشین سرورِ کائنات - که عجب است انصاف این هم صفات

ਤੁ = ਤੂੰ
ਮਸਨਦ = ਗੱਦੀ.
ਨਸ਼ੀਂ = ਬੈਠਣ ਵਾਲਾ
ਸਰਵਰੇ = ਸਰਦਾਰੀ ਦੀ
ਕਾਯਨਾਤ = ਦੁਨੀਆਂ, ਸੰਸਾਰ, ਸ੍ਰਿਸ਼ਟੀ

ਕਿ = ਜੋ, ਪਰ
ਅਜ਼ਬ = ਅਸਚਰਜ, ਹੈਰਾਨੀ
ਅਸਤ = ਹੈ
ਇਨਸਾਫ = ਅਦਲ, ਨਿਆਇ
ਈਂ = ਏਹ
ਹਮ = ਭੀ
ਸਿਫ਼ਾਤ = ਗੁਣ, ਵਡਿਆਈਆਂ, ਸਿਫਤਾਂ
(ਸਿਫਤ ਦਾ ਬਹੁ ਬਚਨ ਹੈ)

## ਅਰਥ

ਤੂੰ ਸੰਸਾਰ ਦੀ ਸਰਦਾਰੀ ਦੀ ਗੱਦੀ ਉਤੇ ਬੈਠਣ ਵਾਲਾ ਹੈਂ ( ਭਾਵ ਬਾਦਸ਼ਾਹ ਹੈਂ ) ਪਰ ਇਸ ਇਨਸਾਫ ਅਤੇ ਇਨ੍ਹਾਂ ਗੁਣਾਂ ਪਰ ਅਸਚਰਜ ਹੈ।

## ਭਾਵ

ਹੇ ਔਰੰਗਜ਼ੇਬ ! ਬੇਸ਼ਕ ਤੂੰ ਹਿੰਦੁਸਤਾਨ ਦਾ ਬਾਦਸ਼ਾਹ ਹੈਂ ਤੇ ਤਖਤ ਪਰ ਬੈਠਣ ਵਾਲਾ ਹੈਂ ਪਰ ਸਾਨੂੰ ਤੇਰੇ ਇਨਸਾਫਾਂ ਅਤੇ ਤੇਰੇ ਗੁਣਾਂ ਪਰ ਹੈਰਾਨੀ ਆਉਂਦੀ ਹੈ, ਇਸ ਬੈਂਤ ਦਾ ਇਸ਼ਾਰਾ ਇਹ ਹੈ ਕਿ ਤੈਨੇ ਤਖ਼ਤ ਪਰ ਬੈਠਦੇਹੀ ਪਹਿਲਾਂ ਇਹ ਕੀਤਾ ਕਿ ਆਪਣੇ ਬਾਪ ਨੂੰ ਕੈਦ ਕੀਤਾ ਜੋ ਕੈਦ ਵਿਖੇ ਹੀ ਮਰਿਆ ਤੇ ਫੇਰ ਆਪਣੇ ਵੱਡੇ ਭਾਈ ਦਾਰਾ ਨੂੰ ਕਤਲ ਕੀਤਾ ਤੇ ਮੁਰਾਦ ਦੀਆਂ ਅੱਖਾਂ ਕਢਵਾਈਆਂ ਤੇ ਹਿੰਦੂਆਂ ਪਰ ਜਜ਼ੀਆ ਲਾਇਆ ਤੇ ਉਨ੍ਹਾਂ ਨੂੰ ਜਬਰਨ ਮੁਸਲਮਾਨ ਬਣਾਉਣ ਦਾ ਹੁਕਮ ਦਿਤਾ, ਮਹਾਤਮਾਂ ਤੇ ਧਰਮਾਤਮਾਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਜੈਸੇ ਸ਼ਹੀਦ ਕੀਤੇ ਤੇ ਲੋਗਾਂ ਦੇ ਕਹੇ ਕਹਾਏ ਸਾਡੇ ਪਰ ਫੌਜ ਚੜ੍ਹਾਈ, ਕਿਆ ਇਹ ਬਾਦਸ਼ਾਹਾਂ ਦੇ ਗੁਣ ਹੁੰਦੇ ਹਨ ?

## (੬੩) ਕਿ ਅਜਬ ਅਸਤ ਇਨਸਾਫ਼ੋ ਦੀਂ ਪਰਵਰੀ।
## ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ ॥

که عجب است انصاف و دین پروری - که حیف است صد حیف این سروری

ਕਿ = ਜੋ ਕਿ
ਅਜਬ = ਅਸਚਰਜ
ਅਸਤ = ਹੈ
ਇਨਸਾਫ = ਨਜਾਇ, ਅਦਲ, ਇਨਸਾਫ
ਦੀਂ ਪਰਵਰੀ=ਦੀਂ–ਪਰਵਰੀ = ਧਰਮ–ਪਾਲਨਾ (ਧਰਮ ਦੀ ਪਾਲਨਾਂ) ਧਰਮ ਦੀ ਰੱਖਜਾ

ਕਿ = ਜੋ
ਹੈਫ = ਅਫਸੋਸ, ਸ਼ੋਕ
ਅਸਤ = ਹੈ
ਸਦ = ਸੌ ੧੦੦
ਹੈਫ = ਅਫਸੋਸ, ਸ਼ੋਕ
ਈਂ = ਇਸ, ਇਹ
ਸਰਵਰੀ = ਸਰਦਾਰੀ

### ਅਰਥ

ਅਸਚਰਜ ਹੈ, ਇਨਸਾਫ ਅਤੇ ਧਰਮ ਦੀ ਪਾਲਨਾਂ ਪਰ, ਸ਼ੋਕ ਹੈ! ਸੌ ਬਾਰੀ ਸ਼ੋਕ ਹੈ। ਤੇਰੀ ਇਸ ਸਰਦਾਰੀ ਪਰ।

### ਭਾਵ

ਹੇ ਔਰੰਗਜ਼ੇਬ! ਜੋ ਤੂੰ ਦੀਨ ਦੀ ਪਾਲਨਾਂ ਅਰਥਾਤ ਮੁਸਲਮਾਨਾਂ ਦੇ ਧਰਮ ਨੂੰ ਬਚਾਉਣ ਦੀ ਆੜ ਵਿਖੇ ਇਨਸਾਫ ਤੇ ਨਿਆਉਂ ਕਰ ਰਿਹਾ ਹੈਂ ਇਨ੍ਹਾਂ ਨੂੰ ਵੇਖਕੇ ਮੈਨੂੰ ਹੈਰਾਨੀ ਆਉਂਦੀ ਹੈ ਕਿ ਦੀਨ ਨੂੰ ਵਧਾਉਣ ਲਈ ਕੋਈ ਭੀ ਅਯੋਗ ਕੰਮ ਕਰਨ ਤੋਂ ਨਹੀਂ ਰੁਕ ਸਕਦਾ ਜਿਸਨੂੰ ਵੇਖਕੇ ਮੇਰੇ ਮੂੰਹ ਤੋਂ ਇਹ ਸ਼ਬਦ ਸੁਤੇ ਹੀ ਨਿਕਲਦੇ ਹਨ ਕਿ ਤੇਰੀ ਇਸ ਸਰਦਾਰੀ ਪਰ ਧ੍ਰਿਕਾਰ ਹੈ ਸੌ ਵਾਰੀ ਧ੍ਰਿਕਾਰ ਹੈ ॥

**(੬੪) ਕਿ ਅਜਬ ਅਸਤ ਅਜਬ ਅਸਤ ਫਤਵਹ ਸ਼ੁਮਾ।**
**ਬਜੁਜ਼ ਰਾਸਤੀ ਸੁਖ਼ਨ ਗੁਫਤਨ ਜ਼ਿਯਾਂ ॥**

(۶۴) کہ عجب است عجب است فتوائے شما - بجز راستی سخن گفتن زیاں

| | |
|---|---|
| ਕਿ ਅਜਬ ਅਸਤ ਅਜਬਅਸਤ= ਅਸਚਰਜ ਹੈ ਅਸਚਰਜ ਹੈ | ਬਜੁਜ਼ = ਬਿਨਾਂ |
| ਫਤਵਹ = ਸ਼ਰਾ ਦਾ ਹੁਕਮ | ਰਾਸਤੀ = ਸੱਚ, ਸਤਯ |
| ਸ਼ੁਮਾ = ਤੁਹਾਡੀ, ਤੁਮਾਰੀ | ਸੁਖ਼ਨ = ਬਾਤ |
| | ਗੁਫਤਨ = ਕਹਿਣਾ |
| | ਜ਼ਿਯਾਂ = ਘਾਟਾ, ਨੁਕਸਾਨ, ਹਾਨੀਕਾਰਕ |

## ਅਰਥ

ਜੋ ਅਸਚਰਜ ਹੈ ! ਅਸਚਰਜ ਹੈ !! ਤੁਹਾਡੀ ਸ਼ਰਾ ਦਾ ਹੁਕਮ,ਸੱਚ ਤੋਂ ਬਿਨਾਂ ਬਾਤ ਕਰਨੀ ਹਾਨੀਕਾਰਕ ਹੈ ।

## ਭਾਵ

ਹੇ ਔਰੰਗਜ਼ੇਬ ! ਮੈਨੂੰ ਤੁਹਾਡੀ ਸ਼ਰਾ ਦੇ ਫਤਵੇ ( ਹੁਕਮ ) ਪਰ ਹੈਰਾਨੀ ਆਉਂਦੀ ਹੈ ਕਿ ਤੁਸੀਂ ਕਿਸ ਪ੍ਰਕਾਰ ਮੁਸਲਮਾਨੀ ਸ਼ਰਾ ਵਿਖੇ ਫਸਕੇ ਅਨਯਧਰਮੀਆਂ ਪਰ ਜ਼ੁਲਮ ਕਰ ਰਹੇ ਹੋ ਤੇ ਉਨਾਂ ਪਰ ( ਜਜ਼ੀਏ ) ਟੈਕਸ ਲਗਾ ਦਿਤੇ ਹਨ ਕਈਆਂ ਨੂੰ ਕਤਲ ਤੇ ਜੀਉਂਦਿਆਂ ਨੂੰ ਕੰਧਾਂ ਵਿਖੇ ਚਿਣਾ ਦਿੰਦੇ ਹੋ. ਏਹ ਸਭ ਬੇਇਨ-ਸਾਫੀ ਤੇ ਜ਼ੁਲਮ ਹੈ ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਸੱਚ ਤੋਂ ਬਿਨਾ ਜੋ ਹੋਰ ਬਾਤ ਕਰਨੀ ਅਰਥਾਤ ਸੱਚ ਨੂੰ ਛੱਡਕੇ ਜੋ ਫਤਵਾ ਦੇਣਾਂ ਹੈ ਇਹ ਹਾਨੀਕਾਰਕ ਹੈ ਇਸਦਾ ਬਦਲਾ ਤੈਨੂੰ ਭੋਗਣਾਂ ਪਵੇਗਾ, ਤੂੰ ਬਾਦਸ਼ਾਹ ਹੈਂ ਇਸ ਲਈ ਸ਼ਰਾ ਨੂੰ ਛੱਡਕੇ ਬਿਨਾਂ ਪਖਯਪਾਤ ਦੇ ਸੱਚੇ ਫੈਸਲੇ ਕਰ ॥

## (੬੫) ਮਜ਼ਨ ਤੇਗ਼ ਬਰ ਖ਼ੂਨਿ ਕਸ ਬੇ ਦਰੇਗ਼।
## ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇਗ਼॥

(۶۵) مزن تیغ بر خونِ کس بے دریغ - ترا نیز خون چرخ ریزد بہ تیغ

ਮਜ਼ਨ = ਮ–ਜ਼ਨ = ਮਤ–ਮਾਰ
ਨਾ–ਮਾਰ
ਤੇਗ਼ = ਤਲਵਾਰ
ਬਰ = ਉੱਤੇ, ਪਰ
ਖ਼ੂਨਿ= ਖ਼ੂਨ–ਜਾਨ ਮਾਰਨਾ,
ਜਾਨ ਤੋਂ ਮਾਰਨਾ, ਲਹੂ
ਕਸ = ਕੋਈ ਆਦਮੀ, ਕਿਸੀ
ਆਦਮੀ
ਬੇ ਦਰੇਗ਼ = ਬੇਫਿਕਰ, ਬੇ ਗ਼ਮ,
ਬੇ ਡਰ, ਨਿਹਸੰਕ

ਤੁਰਾ = ਤੇਰਾ
ਨੀਜ਼ = ਭੀ
ਖ਼ੂੰ = ਖ਼ੂੰਨ, ਜਾਂਨ ਮਾਰਨਾ,
ਲਹੂ ਗਿਰਨਾ
ਚਰਖ਼ = ਅਸਮਾਨ, ਵਾਹਿਗੁਰੂ
ਰੇਜ਼ਦ = ਗੇਰੇ
ਬਤੇਗ = ਬ–ਤੇਗ, ਸਾਥ
ਤਲਵਾਰ ਦੇ

### ਅਰਥ

ਕਿਸੇ ਦੇ ਖ਼ੂੰਨ ਦੇ ਲਈ ਨਿਹਸੰਕ ਹੋਕੇ ਤਲਵਾਰ ਨਾ ਮਾਰ, ਤੇਰਾ ਭੀ ਖ਼ੂਨ ਆਸਮਾਨ ਤਲਵਾਰ ਨਾਲ ਗਿਰਾਵੇਗਾ।

### ਭਾਵ

ਹੇ ਔਰੰਗਜ਼ੇਬ! ਤੂੰ ਇਹ ਸੋਚਕੇ ਕਿ ਮੈਂ ਬਾਦਸ਼ਾਹ ਹਾਂ ਮੈਨੂੰ ਕਿਸੇ ਦਾ ਕੀ ਡਰ ਹੈ ਤੇ ਮੈਨੂੰ ਕੌਣ ਮਾਰਨ ਵਾਲਾ ਹੈ, ਅਪਣੀ ਤਲਵਾਰ ਕਿਸੇ ਦੇ ਮਾਰਨ ਲਈ ਬੇਡਰ ਹੋਕੇ ਨਾ ਚਲਾ, ਯਾਦ ਰੱਖ ਕਿ ਆਸਮਾਨ ਅਰਥਾਤ ਵਾਹਿਗੁਰੂ ਤੇਰਾ ਭੀ ਖ਼ੂਨ ਤਲਵਾਰ ਨਾਲ ਕਰੇਗਾ ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਜੁਲਮ ਨਾ ਕਰੇਂ ਨਹੀਂ ਤਾਂ ਇਕ ਦਿਨ ਆਵੇਗਾ ਕਿ ਤੁਹਾਨੂੰ ਆਪਣੇ ਕੀਤੇ ਪਰ ਪਛਤਾਉਣਾਂ ਪਵੇਗਾ ਤੇ ਫੇਰ ਉਸ ਸਮੇਂ ਮਾਫੀ ਨਹੀਂ ਹੋਵੇਗੀ।

(੬੬) ਤੁ ਗਾਫ਼ਲ ਮਸ਼ਉ ਮਰਦ ਯਜ਼ਦਾਂ ਸ਼ਨਾਸ।
ਕਿ ਓ ਬੇ ਨਿਯਾਜ਼ ਅਸਤ ਓ ਬੇ ਸਪਾਸ॥

(۹۹) تو غافل مشو مرد یزداں شناس — کہ او بے نیاز است او بے سپاس

ਤੁ = ਤੂੰ
ਗਾਫ਼ਲ = ਬੇ ਖਬਰ, ਨਚਿੰਤ
ਮਸ਼ਉ = ਨਾਂ ਹੋ
ਮਰਦ = ਆਦਮੀ ( ਇਹ ਸੰਬੋਧਨ ਲਈ ਆਯਾ ਹੈ, ਹੇ ਭਾਈ)
ਯਜ਼ਦਾਂ = ਵਾਹਿਗੁਰੂ
ਸ਼ਨਾਸ = ਪਹਿਚਾਣ, ਜਾਨ

ਕਿ = ਜੋ
ਓ = ਓਹ
ਬੇ ਨਿਯਾਜ਼ = ਬੇ–ਨਿਆਜ਼, ਬੇ ਲੋੜ
ਅਸਤ = ਹੈ
ਓ = ਓਹ
ਬੇਸਪਾਸ = ( ਬੇ–ਸਪਾਸ ) ਬਿਨਾ-ਧਨਯਵਾਦ, ਬੇਖੁਸ਼ਾਮਦ

## ਅਰਥ

ਹੇ ਭਾਈ! ਤੂੰ ਨਿਸਚਿੰਤ ਨਾਂ ਹੋ, ਤੇ ਵਾਹਿਗੁਰੂ ਨੂੰ ਜਾਣ, ਕਿਉਂਕਿ ਓਹ ਬੇਲੋੜ ਹੈ, ਅਤੇ ਧਨਯਵਾਦ ਤੋਂ ਰਹਿਤ ਹੈ।

## ਭਾਵ

ਹੇ ਔਰੰਗਜ਼ੇਬ! ਤੂੰ ਬੇ ਫਿਕਰ ਹੋਕੇ ਹੋਰਨਾਂ ਨੂੰ ਨਾ ਮਾਰ ਉਸ ਵਾਹਿਗੁਰੂ ਨੂੰ ਪਛਾਣ ਕਿਉਂਕਿ ਉਸ ਅਕਾਲ ਪੁਰਖ ਨੂੰ ਕਿਸੇ ਦੀ ਲੋੜ ਨਹੀਂ ਹੈ, ਅਰਥਾਤ ਉਸ ਵਾਹਿਗੁਰੂ ਨੂੰ ਇਹ ਖਯਾਲ ਨਹੀਂ ਹੈ ਕਿ ਮੈਨੂੰ ਔਰੰਗਜ਼ੇਬ ਕੋਈ ਚੀਜ਼ ਦੇਵੇਗਾ–ਜੇ ਤੂੰ ਇਹ ਆਖੇਂ ਕਿ ਮੈਂ ਉਸਦੀ ਬੰਦਗੀ ਕਰਦਾ ਹਾਂ ਤੂੰ ਖਿਆਲ ਰੱਖ ਓਹ ਧਨਯਵਾਦ ਤੋਂ ਰਹਿਤ ਹੈ ਭਾਵ ਉਸਦਾ ਕੋਈ ਭੀ ਪੁਰਸ਼ ਧਨਯਵਾਦ ਨਹੀਂ ਕਰ ਸਕਦਾ ਹੈ ਫੇਰ ਤੂੰ ਕਿਆ ਚੀਜ਼ ਹੈਂ ਅਤੇ ਅਕਾਲ ਪੁਰਖ ਕਿਸੇ ਦੀ ਖੁਸ਼ਾਮਦ ਨਹੀਂ ਚਾਹੁੰਦਾ ਹੈ।

## (੬੭) ਕਿ ਓ ਬੇਮੁਹਾਬਸਤ ਸ਼ਾਹਾਨਸ਼ਾਹ ।
## ਜ਼ਮੀਨੋ ਜ਼ਮਾਂ ਰਾ ਹਮੂੰ ਪਾਦਸ਼ਾਹ ॥

(۶۷) کہ او بے محاب است شاہان شاہ - زمین و زماں را ہموں بادشاہ

| | |
|---|---|
| ਕਿ = ਜੋ | ਜ਼ਮੀਨ = ਪ੍ਰਿਥਵੀ |
| ਓ=ਓਹ | ਜ਼ਮਾਂ = ਆਸਮਾਨ, ਸਮਾਂ |
| ਬੇਮੁਹਾਬਸਤ=ਬੇ ਮੁਹਾਬ–ਅਸਤ ਡਰ–ਰਹਿਤ, ਬੇ ਡਰ, ਨਿਰਭੈ ਹੈ | ਰਾ = ਦਾ |
| ਸ਼ਾਹਾਨਸ਼ਾਹ = ਬਾਦਸ਼ਾਹਾਂ ਦਾ ਬਾਦਸ਼ਾਹ | ਹਮੂੰ = ਸਭ, ਸਰਬਤ |
| | ਪਾਦਸ਼ਾਹ = ਬਾਦਸ਼ਾਹ, ਮਹਾਰਾਜਾ |

### ਅਰਥ

ਓਹ ਬਾਦਸ਼ਾਹਾਂ ਦਾ ਬਾਦਸ਼ਾਹ ਏਡਰ ਹੈ, ਪ੍ਰਿਥਵੀ ਅਤੇ ਆਸਮਾਨ ਸਭ ਦਾ ਬਾਦਸ਼ਾਹ ਹੈ ।

### ਭਾਵ

ਹੇ ਔਰੰਗਜ਼ੇਬ ! ਅਕਾਲ ਪੁਰਖ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਅਰ ਫੇਰ ਓਹ ਕੇਹੋ ਜੇਹਾ ਹੈ ਕਿ ਉਸਨੂੰ ਕਿਸੀ ਦਾ ਡਰ ਨਹੀਂ, ਚਾਹੇ ਤੂੰ ਭੀ ਆਪਣੇ ਆਪਨੂੰ ਸ਼ਹਿਨਸ਼ਾਹ ਕਹਲਾਉਂਦਾ ਹੈਂ ਪਰ ਤੈਨੂੰ ਹਜ਼ਾਰ ਪ੍ਰਕਾਰ ਦਾ ਡਰ ਹੈ ਜਿਸ ਡਰ ਦਾ ਮਾਰਿਆ ਤੂੰ ਇਕ ਅਸਥਾਨ ਵਿਖੇ ਆਰਾਮ ਨਾਲ ਨਹੀਂ ਬੈਠ ਸਕਦਾ, ਫੇਰ ਤੂੰ ਇਕ ਮਰਨ ਵਾਲਾ ਬੰਦਾ ਹੈਂ ਪਰ ਓਹ ਅਕਾਲ ਪੁਰਖ ਪ੍ਰਿਥਵੀ ਅਤੇ ਅਕਾਸ਼ ਅਰਥਾਤ ਲੋਕ ਪ੍ਰਲੋਕ ਸਭ ਦਾ ਸੱਚਾ ਬਾਦਸ਼ਾਹ ਹੈ ਜਿਸਦਾ ਰਾਜ ਕਿਸੀ ਸਮੇਂ ਵਿਖੇ ਭੀ ਜਾਣ ਵਾਲਾ ਨਹੀਂ ਹੈ ॥

(੯੮) ਖ਼ੁਦਾਵੰਦ ਏਜ਼ਦ ਜ਼ਮੀਨੋ ਜ਼ਮਾਂ ।
ਕੁਨਿੰਦਹ ਅਸਤ ਹਰ ਯਕ ਮਕੀਨੋਂ ਮਕਾਂ ॥

(۹۸) خداوند ایزد زمین و زماں - کنندہ است ہر یک مکین مکاں

ਖ਼ੁਦਾਵੰਦ = ਮਾਲਿਕ
ਏਜ਼ਦ = ਕਰਤਾਰ, ਉਤਪਤ ਕਰਨੇ ਵਾਲਾ
ਜ਼ਮੀਨੋ = ਜ਼ਮੀਨ–ਵ=ਧਰਤੀ–ਅਤੇ
ਜ਼ਮਾਂ = ਸਮਾਂ, ਪ੍ਰਲੋਕ, ਅਕਾਸ਼

ਕੁਨਿੰਦਹ = ਕਰਨੇਵਾਲਾ
ਅਸਤ = ਹੈ
ਹਰ ਯਕ = ਹਰਇਕ, ਹਰੇਕ
ਮਕੀਨੋਂ = ਮਕਾਨ ਵਿਖੇ ਰਹਿਣ ਵਾਲੇ, ਭਾਵ ਪੁਰਸ਼
ਮਕਾਂ = ਅਸਥਾਨ, ਥਾਉਂ ।

## ਅਰਥ

ਓਹ ਮਾਲਿਕ ਲੋਕ ਪ੍ਰਲੋਕ ਦੇ ਉਤਪਤ ਕਰਨ ਵਾਲਾ ਹੈ, ਪੁਰਸ਼ਾਂ ਤੇ ਅਸਥਾਨਾਂ ਦੇ ਬਨਾਉਣ ਵਾਲਾ ਹੈ।

## ਭਾਵ

ਹੇ ਔਰੰਗਜ਼ੇਬ! ਓਹ ਅਕਾਲ ਪੁਰਖ ਲੋਕ ਪ੍ਰਲੋਕ ਦਾ ਕੇਵਲ ਮਾਲਿਕ ਹੀ ਨਹੀਂ ਹੈ ਸਗਵਾਂ ਉਸਨੇ ਉਨਾਂ ਨੂੰ ਉਤਪਤ ਭੀ ਕੀਤਾ ਹੈ ਤੇ ਸਾਰੀਆਂ ਪ੍ਰਿਥਵੀਆਂ ਤੇ ਬ੍ਰਹਮੰਡਾਂ ਤੇ ਉਨ੍ਹਾਂ ਵਿਖੇ ਰਹਿਣ ਵਾਲੇ ਸਭ ਉਸਦੇ ਹੀ ਬਣਾਏ ਹੋਏ ਹਨ, ਕਿਆ ਤੂੰ ਨਹੀਂ ਜਾਣਦਾ ਕਿ ਤੇਰੇ ਉਤਪਤ ਕਰਨ ਵਾਲਾ ਭੀ ਓਹੀ ਅਕਾਲ ਪੁਰਖ ਹੈ ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਉਸਨੂੰ ਹਰਦਮ ਯਾਦ ਰਖੇਂ ਤੇ ਉਸਦੀ ਉਤਪਤ ਕੀਤੀ ਹੋਈ ਸ੍ਰਿਸ਼ਟੀ ਨੂੰ ਦੁਖ ਨਾਂ ਦੇਵੇਂ ।

(੬੯) ਹਮ ਅਜ਼ ਪੀਰ ਮੋਰੋ ਹਮ ਅਜ਼ ਪੀਲ ਤਨ ।
ਕਿ ਅਜਿਜ਼ ਨਿਵਾਜ਼ ਅਸਤ ਗ਼ਾਫਲ ਸ਼ਿਕੰਨ ॥

هم از پیر مورے هم از پیل تن — که عاجز نواز است غافل شکن

ਹਮ - ਭੀ
ਅਜ਼ - ਤੋਂ
ਪੀਰ - ਬੁੱਢੀ, ਭਾਵ ਦੁਰਬਲ, ਨਿਰਬਲ
ਮੋਰੋ - ਕੀੜੀ
ਹਮ - ਭੀ
ਅਜ਼ - ਤੋਂ
ਪੀਲ ਤਨ - ਹਾਥੀ ਜੇਹਾ ਸ਼ਰੀਰ ਭਾਵ ਤਕੜਾ ਹਾਥੀ, ਹੰਕਾਰੀ

ਕਿ - ਜੋ
ਆਜਿਜ਼ ਨਿਵਾਜ - ਦੀਨ-ਰਖਯਕ - ਨਿਰਬਲਾਂ ਦੀ ਸਹਾਇਤਾ ਕਰਨ ਵਾਲਾ
ਅਸਤ - ਹੈ
ਗਾਫ਼ਲ - ਹੰਕਾਰੀ, ਭੁਲਿਆ ਹੋਇਆ
ਸ਼ਿਕੰਨ - ਮਾਰਨ ਵਾਲਾ, ਤੋੜਨ ਵਾਲਾ

## ਅਰਥ

ਦੁਰਬਲ ਕੀੜੀ ਤੋਂ ਲਾਕੇ ਤਾਕਤਵਰ ਹਾਥੀ ਤਕ, ਦੀਨਾਂ ਦੀ ਰੱਛਿਆ ਕਰਨ ਵਾਲਾ ਹੈ (ਤੇ) ਹੰਕਾਰੀਆਂ ਦੇ ਮਾਰਨ ਵਾਲਾ ਹੈ।

**ਭਾਵ**—ਹੇ ਔਰੰਗਜ਼ੇਬ! ਓਹ ਅਕਾਲਪੁਰਖ ਵਾਹਿਗੁਰੂ ਦੁਰਬਲ ਕੀੜੀ ਤੋਂ ਲਾਕੇ ਤਕੜੇ ਹਾਥੀ ਤਕ ਸਭ ਦੀ ਜਾਣਦਾ ਹੈ ਯਾ ਮਾੜੀ ਕੀੜੀ ਤੋਂ ਲਾਕੇ ਤਕੜੇ ਹਾਥੀ ਤਕ ਸਭ ਉਸਦੇ ਉਤਪਤ ਕੀਤੇ ਹੋਏ ਹਨ ਪਰ ਉਨਾਂ ਵਿਖੇ ਜੋ ਕਮਜ਼ੋਰ ਤੇ ਅਨਾਥ ਹਨ ਓਹ ਉਨਾਂ ਦੀ ਸਹਾਇਤਾ ਕਰਦਾ ਹੈ, ਪਰ ਜੋ ਉਸਨੂੰ ਭੁਲੇ ਹੋਏ ਹਨ ਉਨਾਂ ਦੇ ਮਾਰਨ ਵਾਲਾ ਹੈ। ਸੋ ਹੁਣ ਜੋ ਤੂੰ ਹਾਥੀ ਦੀ ਭਾਂਤ ਹੰਕਾਰੀ ਹੋ ਰਿਹਾ ਹੈਂ ਤੇ ਦੁਰਬਲਾਂ ਨੂੰ ਕੀੜੀ ਦੀ ਭਾਂਤ ਦ੍ਰਿਸ਼ਟੀ ਵਿਖੇ ਹੀ ਨਹੀਂ ਲਿਆਉਂਦਾ ਹੈ ਇਸ ਲਈ ਤੂੰ ਯਾਦ ਰੱਖ ਕਿ ਤੂੰ ਉਸ 'ਗਾਫ਼ਲ ਸ਼ਿਕੰਨ' ਵਾਹਿਗੁਰੂ ਤੋਂ ਮਾਰਿਆ ਜਾਵੇਂਗਾ।

**(੧੦) ਕਿ ਓਰਾ ਚੁ ਇਸਮ ਅਸਤ ਆਜਿਜ਼ ਨਿਵਾਜ਼।**
**ਕਿ ਓ ਬੇਸਪਾਸ ਅਸਤ ਓ ਬੇ ਨਿਯਾਜ਼ ॥**

(۱۰) کہ اورا چو اسم است عاجز نواز — کہ او بے سپاس است و او بے نیاز

ਕਿ = ਜੋ
ਓਰਾ = ਉਸਦਾ
ਚੁ = ਜਦੋਂ ਕਿ
ਇਸਮ = ਨਾਮ = ਨਾਂਉ
ਅਸਤ = ਹੈ
ਆਜਿਜ਼ ਨਿਵਾਜ਼ = ਦੀਨਾਂ ਦੀ ਪਾਲਨਾ ਕਰਨ ਵਾਲਾ, ਦੀਨ ਰਖਜਕ

ਕਿ = ਜੋ ਕਿ
ਓ = ਓਹ
ਬੇਸਪਾਸ = ਬੇ-ਸਪਾਸ=ਬਿਨਾਂ ਧਨਜਵਾਦ, ਧਨਜਵਾਦ ਰਹਿਤ
ਅਸਤ = ਹੈ
ਓ = ਓਹ
ਬੇਨਿਯਾਜ਼ = ਬੇ-ਨਿਆਜ਼= ਬਿਨਾਂ-ਇਛਜਾ, ਬੇਲੋੜ

## ਅਰਥ

ਜੋ ਉਸਦਾ ਨਾਂਉ ਦੀਨ ਰਖਜਕ ਹੈ (ਤੇ) ਓਹ ਧਨਜਵਾਦ ਰਹਿਤ ਹੈ (ਅਤੇ) ਬੇਲੋੜ ਹੈ।

**ਭਾਵ**--ਹੇ ਔਰੰਗਜ਼ੇਬ! ਮੈਂ ਤੈਨੂੰ ਫੇਰ ਕਹਿੰਦਾ ਹਾਂ ਕਿ ਉਸ ਅਕਾਲਪੁਰਖ ਦਾ ਨਾਉਂ ਹੀ ਦੀਨ ਰਖਜਕ ਹੈ, ਭਾਵ ਓਹ ਕਮਜ਼ੋਰਾਂ ਦੀ ਸਹਾਇਤਾ ਕਰਦਾ ਹੈ ਅਤੇ ਫੇਰ ਓਹ ਕੈਸਾ ਹੈ ਕਿ ਓਹ ਧਨਜਵਾਦ ਰਹਿਤ ਹੈ ਅਰਥਾਤ ਉਸਨੂੰ ਵਡਿਆਈ ਦੀ ਲੋੜ ਨਹੀਂ ਅਤੇ ਨਾਂਹੀ ਓਹ ਹੋਰ ਕਿਸੀ ਚੀਜ਼ ਦੀ ਇਛਜਾ ਰਖਦਾ ਹੈ. ਇਸ ਲਈ ਤੈਨੂੰ ਭੀ ਚਾਹੀਦਾ ਹੈ ਕਿ ਤੂੰ ਉਸ ਵਾਹਿਗੁਰੂ ਦੇ ਦੀਨ ਰਖਜਕ ਗੁਣਾਂ ਨੂੰ ਆਪਣੇ ਵਿਖੇ ਧਾਰਨ ਕਰੇਂ ਤੇ ਲੋਕਾਂ ਦੀ ਝੂਠੀ ਖੁਸ਼ਾਮਦ ਵਿਖੇ ਨਾਂ ਫਸੇਂ ਤੇ ਕਿਸੀ ਪ੍ਰਕਾਰ ਦੀ ਰਿਸ਼ਵਤ ਦਾ ਲਾਲਚ ਨਾਂ ਕਰੇਂ ॥

(੭੧) ਕਿ ਓ ਬੇ ਨਿਗੂੰ ਅਸਤ ਓ ਬੇ ਚਗੂੰ ।
ਕਿ ਓ ਰਹਨੁਮਾ ਅਸਤ ਓ ਰਹਿ ਨਮੂੰ ॥

(۷۱) کہ او بے نگون است او بیچگون - کہ او رہنما ست او رہنمون

ਕਿ = ਜੋ
ਓ = ਓਹ
ਬੇ ਨਿਗੂੰ=ਬੇ–ਨਿਗੂਨ = ਝੁਕਣ ਤੋਂ ਰਹਿਤ, ਜੋ ਕਿਸੇ ਅਗੇ ਨਾਂ ਝੁਕੇ
ਅਸਤ = ਹੈ
ਓ = ਓਹ
ਬੇ ਚਗੂੰ = ਬੇ–ਮਾਨਿੰਦ= ਅਦੁਤੀਯ, ਜਿਸਦੇ ਨਾਲਦਾ ਕੋਈ ਹੋਰ ਨਾਂ ਹੋਵੇ

ਕਿ = ਜੋ
ਓ = ਓਹ
ਰਹਨੁਮਾ = ਰਾਹ ਦਿਖਾਉਣ ਵਾਲਾ
ਅਸਤ = ਹੈ
ਓ = ਓਹ
ਰਹਿ ਨਮੂੰ = ਰਾਹ ਦਿਖਾਉਣ ਵਾਲਾ, ਗੁਰੂ

## ਅਰਥ

ਜੋ ਓਹ (ਅਕਾਲ ਪੁਰਖ) ਕਿਸੇ ਅੱਗੇ ਨਹੀਂ ਝੁਕਦਾ (ਅਤੇ) ਓਹ ਅਦੁਤੀਯ ਹੈ, ਜੋ ਓਹ ਰਾਹ ਦੇ ਦਿਖਾਉਣ ਵਾਲਾ ਹੈ ਅਤੇ ਓਹੀ ਗੁਰੂ ਹੈ ।

## ਭਾਵ

ਹੇ ਔਰੰਗਜ਼ੇਬ ! ਵੇਖ ਕਿ ਉਸ ਵਾਹਿਗੁਰੂ ਨੂੰ ਕਿਸੇ ਅਗੇ ਝੁਕਣ ਦੀ ਲੋੜ ਨਹੀਂ, ਕਿਉਂ ਜੋ ਆਪਣ ਵੱਡੇ ਦੇ ਅਗੇ ਮੱਥਾ ਟੇਕਣ ਲਈ ਝੁਕਣਾਂ ਪੈਂਦਾ ਹੈ ਪਰ ਉਸ ਵਾਹਿਗੁਰੂ ਤੋਂ ਕੋਈ ਹੋਰ ਬੜਾ ਨਹੀਂ ਹੈ ਇਸ ਲਈ ਓਹ ਝੁਕਣ ਤੋਂ ਰਹਿਤ ਹੈ, ਇਸੀ ਲਈ ਓਹ ਅਦੁਤੀਯ ਹੈ ਕਿਉਂ ਜੋ ਉਸਤੋਂ ਵੱਡਾ ਤਾਂ ਕੀ ਉਸ ਜੇਹਾ ਭੀ ਕੋਈ ਨਹੀਂ ਹੈ, ਅਤੇ ਓਹੀ ਭੁੱਲਿਆਂ ਭਟਕਿਆਂ ਨੂੰ ਰਸਤਾ ਦਸਣ ਵਾਲਾ ਹੈ ਅਤੇ ਓਹੀ ਗਿਆਨ ਦਾ ਦਾਤਾ ਹੈ ॥

(੭੨) ਕਿ ਬਰ ਸਰ ਤੁਰਾ ਫਰਜ਼ ਕਸਮੇਂ ਕੁਰਾਂ ।
ਬਗੁਫਤਹ ਸ਼ੁਮਾ ਕਾਰ ਖ਼ੂਬੀ ਰਸਾਂ ॥

(۷۲) کہ برسر ترا فرض قسم قرآں - بگفتہ شما کار خوبی رساں

| | |
|---|---|
| ਕਿ = ਜੋ | ਬਗੁਫਤਹ = ਕਹੇ ਹੋਏ ਨੂੰ |
| ਬਰ = ਉੱਤੇ | ਸ਼ੁਮਾ = ਤੁਮਾਰੇ, ਤੁਹਾਡੇ ਭਾਵ ਤੁਸੀਂ ਆਪਣੇ |
| ਸਰ = ਸਿਰ | |
| ਤੁਰਾ = ਤੇਰੇ | ਕਾਰ = ਕੰਮ |
| ਫਰਜ਼ = ਭਾਰ, ਧਰਮ, ਫ਼ਰਜ਼ | ਖ਼ੂਬੀ = ਭਲੀ ਪ੍ਰਕਾਰ |
| ਕਸਮੇਂ ਕੁਰਾਂ = ਕੁਰਾਨ ਦੀ ਸੌਂਹ | ਰਸਾਂ = ਪਹੁੰਚਾ, ਪੂਰਾ ਕਰ |

## ਅਰਥ

ਕਿ ਤੇਰੇ ਸਿਰ ਪਰ ਕੁਰਾਨ ਦੀ ਸੌਂਹ ਦਾ ਭਾਰ ਹੈ, ਆਪਣੇ ਕਹੇ ਹੋਏ ਨੂੰ ਭਲੀ ਪ੍ਰਕਾਰ ਪੂਰਾ ਕਰ ।

## ਭਾਵ

ਹੇ ਔਰੰਗਜ਼ੇਬ ! ਤੈਨੇ ਜੋ ਕੁਰਾਨ ਦੀ ਸੌਂਹ ਸਾਡੇ ਨਾਲ ਖਾਧੀ ਹੈ ਉਸਦੇ ਪੂਰਾ ਕਰਨ ਦਾ ਬੋਝ ਤੇਰੇ ਸਿਰ ਪਰ ਹੈ, ਇਸ ਲਈ ਹੁਣ ਤੈਨੂੰ ਚਾਹੀਦਾ ਹੈ ਕਿ ਉਸਨੂੰ ਖ਼ੂਬ ਅੱਛੀ ਤਰਾਂ ਪੂਰਾ ਕਰੇਂ ਅਰਥਾਤ੍ ਤੈਂ ਜੋ ਕੁਰਾਨ ਦੀ ਸੌਂਹ ਖਾਕੇ ਸਾਡੇ ਨਾਲ ਐਹਦ ਕੀਤਾ ਸੀ ਕਿ ਤੁਸੀਂ ਅਨੰਦਪੁਰ ਦੇ ਕਿਲੇ ਨੂੰ ਛੱਡਕੇ ਹੋਰ ਕਿਤੇ ਚਲੇ ਜਾਓ ਤੁਹਾਨੂੰ ਕੁਝ ਨਹੀਂ ਕਿਹਾ ਜਾਵੇਗਾ ਅਤੇ ਜੋ ਕੋਈ ਇਸ ਐਹਦ-ਨਾਮੇ ਨੂੰ ਤੋੜੇਗਾ ਉਸਨੂੰ ਦੰਡ ਦਿਤਾ ਜਾਵੇਗਾ ਹੁਣ ਤੇਰੇ ਸਰਦਾਰਾਂ ਨੇ ਤੇਰੀ ਸੌਂਹ ਨੂੰ ਤੋੜਿਆ ਇਸ ਲਈ ਤੈਨੂੰ ਚਾਹੀਦਾ ਹੈ ਕਿ ਆਪਣੇ ਕਹੇ ਹੋਏ ਨੂੰ ਯਾਦ ਕਰਕੇ ਉਨ੍ਹਾਂ ਸਰਦਾਰਾਂ ਨੂੰ ਦੰਡ ਦੇਵੇਂ ਜੋ ਰਾਜਿਆਂ ਦਾ ਧਰਮ ਹੈ ॥

(੭੩) ਬਿ ਬਾਯਦ ਕਿ ਦਾਨਸ਼ ਪਰਸਤੀ ਕੁਨੀ ।
ਬਕਾਰੇ ਸ਼ੁਮਾ ਚੀਰਹ ਦਸਤੀ ਕੁਨੀ ॥

بباید که دانش پرستی کنی – بکارِ شما چیره دستی کنی

ਬਾਯਦ - ਚਾਹੀਏ
ਕਿ - ਜੋ
ਦਾਨਸ਼ ਪਰਸਤੀ - ਬੁੱਧੀ ਦੀ ਪਾਲਨਾ, ਬੁਧਮਤਾ
ਕੁਨੀ - ਤੂੰ ਕਰੇਂ

ਬਕਾਰੇ - ਕੰਮ ਵਿਚ
ਸ਼ੁਮਾਂ - ਤੁਹਾਡੇ, ਭਾਵ ਅਪਣੇ
ਚੀਰਹ ਦਸਤੀ - ਜਬਰਦਸਤੀ ਸਮਰਥਾ ਨਾਲ ਕੰਮ ਕਰਨਾ
ਕੁਨੀ - ਤੂੰ ਕਰੇਂ

## ਅਰਥ

ਤੈਨੂੰ ਚਾਹੀਦਾ ਹੈ ਕਿ ਤੂੰ ਅਕਲ ਮੰਦੀ ਨਾਲ ਕੰਮ ਕਰੇਂ, ਤੂੰ ਆਪਣੇ ਕੰਮ ਨੂੰ ਸਮਰਥਾ ਨਾਲ ਕਰੇਂ ।

## ਭਾਵ

ਹੇ ਔਰੰਗਜ਼ੇਬ ! ਤੂੰ ਮੂਰਖ ਨਾ ਬਣ ਅਤੇ ਅਕਲਮੰਦੀ ਨਾਲ ਕੰਮ ਕਰ ਅਰਥਾਤ ਜੋ ਕੁਝ ਤੈਂ ਆਖਿਆ ਹੈ ਉਸਨੂੰ ਹੋਸ਼ਿਆਰੀ ਨਾਲ ਨਿਬਾਹ ਅਤੇ ਆਪਣੇ ਸਰਦਾਰਾਂ ਤੇ ਕਾਜ਼ੀਆਂ ਤੋਂ ਨਾ ਡਰ ਕਿ ਓਹ ਤੈਨੂੰ ਕਿਸੀ ਪ੍ਰਕਾਰ ਦੀ ਹਾਨੀ ਪਹੁਚਾਉਣਗੇ ਤੂੰ ਆਪਣੀ ਰਾਜਸੀ ਸਮਰਥਾ ਨੂੰ ਕੰਮ ਵਿਖੇ ਲਿਆ, ਜੇ ਤੂੰ ਉਨਾਂ ਸਰਦਾਰਾਂ ਤੇ ਰਾਜਿਆਂ ਨੂੰ ਦੰਡ ਨਹੀਂ ਦੇਵੇਂਗਾ ਤਾਂ ਤੂੰ ਆਪਣੇ ਹੀ ਕੰਮ ਨੂੰ ਵਿਗਾੜ ਲਵੇਂਗਾ ਭਾਵ ਗਦਰ ਪੈਜਾਵੇਗਾ ਅਤੇ ਤੇਰੀ ਬਾਤ ਦਾ ਕੋਈ ਪੁਰਸ਼ ਭਰੋਸਾ ਨਹੀਂ ਕਰੇਗਾ, ਤੇ ਤੂੰ ਖ਼ੁਦਾ ( ਵਾਹਿਗੁਰੂ ) ਦੀ ਦਰਗਾਹ ਵਿਖੇ ਕੀ ਉੱਤਰ ਦੇਵੇਂਗਾ ॥

**(੭੪) ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ।**
**ਕਿ ਬਾਕੀ ਬਿਮਾਂਦਹ ਅਸਤ ਪੇਚੀਦਹ ਮਾਰ॥**

۷۴) چہا شد کہ چوں بچگاں کشتہ چار — کہ باقی بماندہ است پیچیدہ مار ۔

ਚਿਹਾ = ਕੀ, ਕਿਆ
ਸ਼ੁਦ = ਹੋਇਆ
ਕਿ = ਜੋ
ਚੂੰ = ਜੇ, ਅਗਰ
ਬਚਗਾਂ = ਬੱਚੇ ਦਾ ਬਹੁ ਬਚਨ ਅਰਥਾਤ ਬੱਚੇ
ਕੁਸ਼ਤਹ = ਮਾਰੇ
ਚਾਰ = ਚਾਰ ੪

ਕਿ = ਅਜੇ, ਹੁਣ ਤਕ
ਬਾਕੀ = ਪਿਛੇ
ਬਿਮਾਂਦਹ ਅਸਤ = ਰਹਿੰਦਾ ਹੈ
ਪੇਚੀਦਹ=ਪੇਚਦਾਰ, ਕੁੰਡਲੀਆਂ ਭਾਵ ਜ਼ਹਿਰੀ
ਮਾਰ = ਸੱਪ

## ਅਰਥ

ਕੀ ਹੋਇਆ ? ਜੇ ਤੂੰ ਚਾਰ ਬਚਿਆਂ ਨੂੰ ਮਾਰ ਦਿਤਾ, ਅਜੇ ਜ਼ਹਿਰੀ ਸੱਪ ਬਾਕੀ ਰਹਿ ਗਿਆ ਹੈ ।

## ਭਾਵ

ਹੇ ਔਰੰਗਜ਼ੇਬ ! ਕੀ ਹੋਇਆ ਜੇ ਤੈਂ ਸਾਡੇ ਚਾਰ ਬੱਚੇ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤੇ ਸਿੰਘ ਨੂੰ ਮਾਰ ਦਿਤਾ ਤੂੰ ਇਨਾਂ ਨੂੰ ਮਾਰਕੇ ਖੁਸ਼ੀ ਨਾਂ ਜਿਤਾ ਅਤੇ ਬੇਫਿਕਰ ਨਾਂ ਹੋ ਅਜੇ ਜ਼ਹਿਰੀ ਸੱਪ ਅਰਥਾਤ ਖਾਲਸਾ ਸਾਡਾ ਪੰਜਵਾਂ ਭੁਜੰਗੀ ਬਾਕੀ ਹੈ ਜਿਸਨੇ ਤੇਰੇ ਜੁਲਮ ਦਾ ਬਦਲਾ ਤੈਨੂੰ ਤੇ ਤੇਰੀ ਨਸਲ ਨੂੰ ਦੇਣਾਂ ਹੈ ॥

# (੭੫) ਚਿ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ।
# ਕਿ ਆਤਿਸ਼ ਦਮਾਂ ਰਾ ਫਿਰੋਜ਼ਾਂ ਕੁਨੀ॥

چہ مردی کہ اخگر خموشاں کنی — کہ آتش دماں را فروزاں کنی (۷۵)

ਚਿ = ਕਿਆ
ਮਰਦੀ = ਬਹਾਦੁਰੀ
ਕਿ = ਜੋ, ਕਿ
ਅਖ਼ਗਰ = ਚਿੰਗਿਆੜੇ
ਖਮੋਸ਼ਾ ਕੁਨੀ = ਚੁਪ ਚਾਪ ਕਰੇ ਭਾਵ ਬੁਝਾਵੇ ( ਫਾਰਸੀ ਵਿਖੇ ਅੱਗ ਦੇ ਬੁਝਾਉਣ ਲਈ ਆਉਂਦਾ ਹੈ )

ਕਿ = ਜੋ ( ਤੇ )
ਆਤਿਸ਼ = ਅੱਗ, ਅਗਨੀ
ਦਮਾਂ = ਤੇਜ, ਪ੍ਰਚੰਡ
ਰਾ = ਨੂੰ
ਫਿਰੋਜ਼ਾਂ = ਜਲਾਉਣਾ, ਭੜਕਾਉਣਾ
ਕੁਨੀ=ਕਰੇਂ

## ਅਰਥ

ਕਿਆ ਬਹਾਦੁਰੀ ਹੈ ਕਿ ਤੂੰ ਚੰਗਿਆੜਿਆਂ ਨੂੰ ਬੁਝਾਵੇਂ, ਤੇ ਤੇਜ ਅੱਗ ਨੂੰ ਭੜਕਾਵੇਂ ?

## ਭਾਵ

ਹੇ ਔਰੰਗਜ਼ੇਬ ! ਚੰਗਿਆੜਿਆਂ ਦੇ ਬੁਝਾਉਣ ਦੀ ਭਾਂਤ ਛੋਟੇ ਛੋਟੇ ਬਚਿਆਂ ਤੇ ਨਿਰਬਲਾਂ ਦੇ ਮਾਰਨ ਵਿਖੇ ਕੋਈ ਬਹਾਦਰੀ ਨਹੀਂ ਹੈ ਅਤੇ ਨਾਂ ਕੋਈ ਅਕਲਮੰਦ ਆਦਮੀ ਇਸ ਕੰਮ ਨੂੰ ਪਸਿੰਦ ਕਰਦਾ ਹੈ ਕਿ ਚੰਗਿਆੜੇ ਬੁਝਾਏ ਜਾਣ ਪਰ ਤੇਜ ਅੱਗ ਨੂੰ ਭੜਕਾਇਆ ਜਾਵੇ ਹੁਣ ਤੇਰੇ ਇਸ ਕੰਮ ਨੇ ਖਾਲਸੇ ਦੇ ਦਿਲ ਦੀ ਅੱਗ ਨੂੰ ਭੜਕਾ ਦਿਤਾ ਹੈ ਇਸ ਲਈ ਤੂੰ ਹੁਣ ਬੇਫਿਕਰ ਨਾਂ ਹੋ ਓਹ ਸਮਾਂ ਨੇੜੇ ਹੈ ਜਦੋਂ ਕਿ ਜ਼ਾਲਮਾਂ ਨੂੰ ਇਸ ਅਗਨੀ ਵਿਖੇ ਭਸਮ ਹੋਣਾ ਪਵੇਗਾ ਜੋ ਕਿ ਤੈਨੇ ਤੇ ਤੇਰੇ ਸਰਦਾਰਾਂ ਭੜਕਾਈ ਹੈ।

(੭੬) ਚਿ ਖੁਸ਼ ਗੁਫਤ ਫਿਰਦੌਸੀਏ ਖੁਸ਼ ਜ਼ਬਾਂ ।
ਕਿ ਜ਼ੂਦੀ ਬਵਦ ਕਾਰਿ ਆਹਰਮਨਾਂ ॥

(۷۶) چہ خوش گفت فردوسئ خوش زباں ۔ کہ زودی بود کارِ آہرمناں

ਚਿ = ਕਿਆ
ਖੁਸ਼ = ਅੱਛਾ, ਸੋਹਣਾ
ਗੁਫਤ = ਕਿਹਾ ਹੈ
ਫਿਰਦੌਸੀਏ = ਫਿਰਦੌਸੀ *
ਖੁਸ਼ = ਅੱਛਾ } ਕਵਿਰਾਜ
ਜ਼ਬਾਂ = ਜੀਭ } ਕਵਿਰਾਜ

ਕਿ = ਜੋ, ਕਿ
ਜ਼ੂਦੀ = ਜਲਦੀ, ਛੇਤੀ
ਬਵਦ = ਹੋਵੇ
ਕਾਰਿ = ਕੰਮ
ਆਹਰਮਨਾਂ = ਸ਼ੈਤਾਨ

**ਅਰਥ**—ਕਵਿਰਾਜ ਫਿਰਦੌਸੀ ਨੇ ਕਿਆ ਅੱਛਾ ਕਿਹਾ ਹੈ, ਕਿ ਛੇਤੀ ਕਰਨਾ ਸ਼ੈਤਾਨ ਦਾ ਕੰਮ ਹੁੰਦਾ ਹੈ ।

**ਭਾਵ**--ਹੇ ਔਰੰਗਜ਼ੇਬ ! ਤੇਰੇ ਹੀ ਮੁਸਲਮਾਨ ਭਾਈ ਕਵਿ ਰਾਜ ਫਿਰਦੌਸੀ ਨੇ ਸ਼ਾਹਨਾਮੇ ਵਿਖੇ ਕੇਹੀ ਅੱਛੀ ਸਿਖਜ਼ਾ ਦਿਤੀ ਹੈ ਕਿ "ਕੰਮ ਵਿਖੇ ਛੇਤੀ ਕਰਨੀ ਸ਼ੈਤਾਨ ਦਾ ਕੰਮ ਹੁੰਦਾ ਹੈ" ਪਰ ਤੈਨੇ ਇਸ ਸਿਖਜ਼ਾ ਤੋਂ ਭੀ ਲਾਭ ਨਾ ਉਠਾਇਆ ਜੋ ਤੈਨੇ ਬਿਨਾ ਸੋਚੇ ਸਮਝੇ ਝੱਟ ਪੱਟ ਸਾਡੇ ਪਰ ਫੌਜ ਚੜ੍ਹਾ ਦਿਤੀ ਅਤੇ ਨਿਰਦੋਸ ਬੱਚਿਆਂ ਨੂੰ ਮਰਵਾ ਦਿਤਾ ਇਸ ਲਈ ਏਹੋ ਜੇਹੇ ਤੈਥੋਂ ਜੋ ਕੰਮ ਹੋਏ ਹਨ ਇਹ ਸ਼ੈਤਾਨ ਦੇ ਕੰਮ ਹਨ, ਅਕਲਮੰਦ ਆਦਮੀ ਸੋਚ ਸਮਝਕੇ ਕੰਮ ਕਰਦੇ ਹਨ. ਖੈਰ ਕੋਈ ਬਾਤ ਨਹੀਂ ਇਨਾਂ ਸ਼ੈਤਾਨੀ ਕੰਮਾਂ ਦਾ ਬਦਲਾ ਇਕ ਦਿਨ ਤੁਹਾਨੂੰ ਚੱਖਣਾ ਪਵੇਗਾ ॥

---

*ਇਹ ਇਕ ਫ਼ਾਰਸੀ ਬੋਲੀ ਦਾ ਕਵੀ ਹੋਇਆ ਹੈ, ਜਿਸਨੇ ਮਹਮੂਦ ਬਾਦਸ਼ਾਹ ਦੇ ਕਹਣ ਨਾਲ "ਸ਼ਾਹਨਾਮਾਂ" ਇਕ ਕਿਤਾਬ ਬਣਾਈ ਸੀ ਤੇ ਮਹਮੂਦ ਨੇ ਇਸਨੂੰ ਫੀ ਬੈਂਤ ਇਕ ਅਸ਼ਰਫੀ ਦੇਣ ਦਾ ਬਚਨ ਕੀਤਾ ਸੀ.

## (੨੨) ਕਿ ਮਾਂ ਬਾਰਗਾਹ ਹਜ਼ਰਤ ਆਯਮ ਸ਼ੁਮਾ
## ਅਜ਼ਾਂ ਰੋਜ਼ ਬਾਸ਼ੀ ਤੋ ਸ਼ਾਹਦ ਹਮਾ ॥

(۲۲) کہ ما بارگاہ حضرت آیم شما — ازاں روز باشی تو شاہد ہما

ਕਿ = ਜੋ

ਮਾਂ = ਅਸੀਂ, ਹਮ

ਬਾਰਗਹ = ਕਚੈਹਰੀ, ਦਰਗਾਹ

ਹਜ਼ਰਤ = ਖ਼ੁਦਾ, ਵਾਹਿਗੁਰੂ

ਆਯਮ = ਮੈਂ ਆਇਆ ਹਾਂ

ਸ਼ੁਮਾ = ਤੁਮਾਰੇ, ਤੁਹਾਡੇ

ਅਜ਼ਾਂ ਰੋਜ਼ = ਉਸ ਦਿਨ–
ਅਰਥਾਤ ਅੰਤ ਵਾਲੇ ਦਿਨ। ਮੁਸਲਮਾਨਾਂ ਦਾ ਖਿਆਲ ਹੈ ਕਿ ਜਦ ਕਿਆਮਤ ਹੋਵੇਗੀ ਉਸ ਦਿਨ ਖ਼ੁਦਾ ਦੇ ਅਗੇ ਸਭ ਦਾ ਫੈਸਲਾ ਹੋਵੇਗਾ ਤੇ ਉਸ ਵੇਲੇ ਗਵਾਹੀਆਂ ਲਈਆਂ ਜਾਣਗੀਆਂ.

ਬਾਸ਼ੀ = ਤੂੰ ਹੋਵੇਂ

ਤੋ = ਤੂੰ

ਸ਼ਾਹਦ = ਗੁਵਾਹ, ਸਾਖੀ

ਹਮਾਂ = ਓਹੀ, ਭੀ

### ਅਰਥ

ਅਸੀਂ ਤੁਹਾਡੇ ਖ਼ੁਦਾ ਦੀ ਦਰਗਾਹ ਤੋਂ ਆਏ ਹਾਂ ਉਸ ਦਿਨ (ਕਿਆਮਤ ਨੂੰ) ਓਹ ਤੁਹਾਡਾ (ਖ਼ੁਦਾ) ਹੀ ਗਵਾਹ ਹੋਵੇਗਾ।

### ਭਾਵ

ਹੇ ਔਰੰਗਜ਼ੇਬ ! ਅਸੀਂ ਉਸ ਅਕਾਲ ਪੁਰਖ ਦੀ ਦਰਗਾਹ ਤੋਂ ਧਰਮ ਪ੍ਰਚਾਰ ਲਈ ਆਏ ਹਾਂ ਜਿਸਨੂੰ ਕਿ ਤੁਸੀਂ ਭੀ ਮੰਨਦੇ ਹੋ ਜੋ ਤੈਨੂੰ ਇਸ ਬਾਤ ਦਾ ਯਕੀਨ ਨਹੀਂ ਤਾਂ ਕਿਆਮਤ ਦੇ ਦਿਨ ਖ਼ੁਦਾ ਆਪ ਗਵਾਹੀ ਦੇਵੇਗਾ, ਇਸ ਲਈ ਤੈਨੂੰ ਚਾਹੀਦਾ ਹੈ ਕਿ ਤੂੰ ਇਸ ਬਾਤ ਪਰ ਵਿਸਵਾਸ ਕਰੇਂ, ਐਸਾ ਨਾ ਹੋਵੇ ਕਿ ਕ਼ਿਆਮਤ ਦੇ ਦਿਨ ਤੈਨੂੰ ਪਛਤਾਉਣਾ ਪਵੇ ॥

(੭੮) ਵਗਰ ਸ਼ਹਿ ਤੁ ਈਂ ਰਾ ਫਰਾਮੁਸ਼ ਕੁਨਦ ।
ਤੁਰਾ ਹਮ ਫਰਾਮੋਸ਼ ਯਜ਼ਦਾਂ ਕੁਨਦ ॥

(۷۸) وگر شہ تو ایں را فراموش کند ـ ترا ہم فراموش یزداں کند

ਵਗਰ = ਜੇ, ਅਗਰ
ਸ਼ਹਿ = ਬਾਦਸ਼ਾਹ
ਤੁ = ਤੈਨੂੰ
ਈਂ = ਇਸ
ਰਾ = ਨੂੰ } ਇਸਨੂੰ
ਫਰਾਮੋਸ਼ = ਭੁੱਲਣਾਂ
ਕੁਨਦ = ਕਰੇਂ

ਤੁਰਾ = ਤੈਨੂੰ
ਹਮ = ਭੀ
ਫਰਾਮੋਸ਼ = ਭੁਲਣਾਂ
ਯਜ਼ਦਾਂ = ਵਾਹਿਗੁਰੂ
ਕੁਨਦ = ਕਰੇ

## ਅਰਥ

ਹੇ ਬਾਦਸ਼ਾਹ! ਜੇ ਤੂੰ ਇਸਨੂੰ ਭੀ ਭੁਲਾ ਦੇਵੇਂਗਾ, ਤਾਂ ਵਾਹਿਗੁਰੂ ਤੈਨੂੰ ਭੀ ਭੁਲਾ ਦੇਵੇਗਾ।

## ਭਾਵ

ਹੇ ਔਰੰਗਜ਼ੇਬ! ਜੇ ਤੂੰ ਇਸ ਬਾਤ ਨੂੰ ਭੁਲ ਜਾਵੇਂਗਾ ਕਿ ਅਸੀਂ ਵਾਹਿਗੁਰੂ ਦੀ ਦਰਗਾਹ ਤੋਂ ਆਏ ਹਾਂ ਤਾਂ ਤੈਨੂੰ ਭੀ ਵਾਹਿਗੁਰੂ ਭੁਲਾ ਦੇਵੇਗਾ ਅਰਥਾਤ ਜੋ ਉਸ ਵਾਹਿਗੁਰੂ ਦੇ ਭੇਜਿਆਂ ਹੋਇਆਂ ਦੀ ਕਦਰ ਤੇ ਮਾਨ ਨਹੀਂ ਕਰਦੇ ਵਾਹਿਗੁਰੂ ਭੀ ਉਨਾਂ ਦਾ ਕੋਈ ਮਾਨ ਨਹੀਂ ਕਰਦਾ ਤੇ ਓਹ ਵਾਹਿਗੁਰੂ ਦੀ ਦ੍ਰਿਸ਼ਟੀ ਤੋਂ ਗਿਰ ਜਾਂਦੇ ਹਨ ॥

(੭੯) ਬਰੀਂ ਕਾਰ ਗਰ ਤੋ ਬਿਬਸਤੀ ਕਮਰ ।
ਖ਼ੁਦਾਵੰਦ ਬਾਸ਼ਦ ਤੁਰਾ ਬਹਿਰਹ ਵਰ ॥

بریں کار گر تو ببستی کمر ۔ خداوند باشد ترا بہرہ ور ۔۷۹

ਬਰੀਂ = (ਬਰ–ਈਂ) ਇਸ ਪਰ
ਕਾਰ = ਕੰਮ
ਗਰ = ਜੇ
ਤੋ = ਤੈਨੇ
ਬਿਬਸਤੀ = ਬੰਨੇਗਾ
ਕਮਰ = ਲੱਕ, ਕਮਰ

ਖ਼ੁਦਾਵੰਦ = ਮਾਲਿਕ, ਸ੍ਵਾਮੀ, ਵਾਹਿਗੁਰੂ
ਬਾਸ਼ਦ = ਹੋਵੇਗਾ
ਤੁਰਾ = ਤੈਨੂੰ
ਬਹਿਰਹ ਵਰ = ਫਲ ਪ੍ਰਦਾਤਾ

## ਅਰਥ

ਇਸ ਕੰਮ ਪਰ ਜੇ ਤੂੰ ਲੱਕ ਬੰਨ੍ਹੇਗਾ, ਤਾਂ ਵਾਹਿਗੁਰੂ ਤੈਨੂੰ ਇਸ ਦਾ ਫਲ ਦੇਵੇਗਾ ।

## ਭਾਵ

ਹੇ ਔਰੰਗਜ਼ੇਬ ! ਜੇ ਤੂੰ ਇਸ ( ਧਰਮ ਪ੍ਰਚਾਰ ਦੇ ) ਕੰਮ ਵਿਖੇ ਸਹਾਇਤਾ ਦੇਵੇਂਗਾ ਅਰਥਾਤ ਵਿਰੋਧ ਨਹੀਂ ਕਰੇਂਗਾ, ਤਾਂ ਵਾਹਿਗੁਰੂ ਤੈਨੂੰ ਇਸਦਾ ਸ਼ੁਭ ਫਲ ਦੇਵੇਗਾ, ਕਿਉਂਕਿ ਸਾਨੂੰ ਵਾਹਿਗੁਰੂ ਨੇ ਧਰਮ ਦੇ ਚਲਾਉਣ ਲਈ ਸੰਸਾਰ ਵਿਖੇ ਭੇਜਿਆ ਹੈ ॥

## (੮੦) ਕਿ ਈਂ ਕਾਰ ਨੇਕ ਅਸਤ ਦੀਂ ਪਰਵਰੀ ।
## ਚੁ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ ॥

(۸۰) کہ ایں کار نیک است دیں پروری - چو یزداں شناسی بجاں برتری

ਕਿ = ਜੋ
ਈਂ = ਇਹ
ਨੇਕ = ਅੱਛਾ, ਸ਼ੁਭ
ਅਸਤ= ਹੈ
ਦੀ = ਦੀਨ ਧਰਮ
ਪਰਵਰੀ = ਪਾਲਣਾਂ

ਚੁ = ਜੋ
ਯਜ਼ਦਾਂ = ਵਾਹਿਗੁਰੂ, ਖ਼ੁਦਾ
ਸ਼ਨਾਸੀ = ਪਛਾਣਨਾ
ਬਜਾਂ = ਜਾਂਨ ਤੋਂ
ਬਰਤਰੀ = ਬਰਤਰ–ਈਂ=
ਬਹੁਤ ਅਛਾ–ਇਹ

### ਅਰਥ

ਜੋ ਇਹ ਧਰਮ ਦੀ ਪਾਲਨਾ ਕਰਨ ਦਾ ਕੰਮ ਅੱਛਾ ਹੈ, ਜੋ ਵਾਹਿਗੁਰੂ ਦਾ ਪਛਾਣਨਾ ਹੈ ਇਹ ਸਭ ਤੋਂ ਅੱਛਾ ਹੈ ।

### ਭਾਵ

ਹੇ ਔਰੰਗਜ਼ੇਬ ! ਇਸ ਸਾਡੇ ਧਰਮ ਪ੍ਰਚਾਰ ਦੇ ਕੰਮ ਵਿਖੇ ਸਹਾਇਤਾ ਕਰਨਾ ਨੇਕੀਦਾ ਕੰਮ ਹੈ ਅਤੇ ਜੋ ਵਾਹਿਗੁਰੂ ਨੂੰ ਜਾਣਨਾ ਅਰਥਾਤ ਉਸਨੂੰ ਯਾਦ ਤੇ ਸਿਮਰਣ ਕਰਨਾ ਹੈ ਇਹ ਜਾਂਨ ਨਾਲੋਂ ਭੀ ਪਿਆਰਾ ਹੈ ਭਾਵ ਆਦਮੀ ਆਪਣੀ ਜਾਨ ਦੀ ਪਰਵਾਹ ਨਾਂ ਕਰਕੇ ਆਪਣੇ ਸਿਰਜਨਹਾਰ ਵਾਹਿਗੁਰੂ ਨੂੰ ਯਾਦ ਰਖੇ ਕਿਉਂ ਕਿ ਜੋ ਪੁਰਸ਼ ਉਸ ਦੀਨ ਦਿਆਲ ਵਾਹਿਗੁਰੂਨੂੰ ਯਾਦ ਰੱਖਦੇਹਨ ਉਨਾਂ ਤੋਂ ਕਦੇ ਕੋਈ ਬੁਰਾ ਕੰਮ ਨਹੀਂ ਹੋ ਸਕਦਾ ਹੈ ॥

(੮੧) ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ।
ਬਰਾਮਦ ਜ਼ਿ ਤੋ ਕਾਰਹਾ ਦਿਲ ਖਰਾਸ਼ ॥

ترا من ندانم کہ یزداں شناس - برآمد ز تو کارہا دل خراش

ਤੁਰਾ = ਤੈਨੂੰ
ਮਨ = ਮੈਂ
ਨ = ਨਹੀਂ
ਦਾਨਮ = ਮੈਂ ਜਾਣਦਾਂ ਹਾਂ
ਕਿ = ਜੋ
ਯਜ਼ਦਾਂ = ਵਾਹਿਗੁਰੂ
ਸ਼ਨਾਸ = ਪਛਾਨਣੇ ਵਾਲਾ

ਬਰਾਮਦ = ਆਉਂਦੇ ਹਨ, ਪ੍ਰਗਟ ਹੁੰਦੇ ਹਨ
ਜ਼ਿ = ਸੇ, ਤੋ
ਤੋ = ਤੂੰ
ਕਾਰਹ = ਕੰਮ
ਦਿਲ = ਦਿਲ, ਮਨ, ਚਿੱਤ
ਖਰਾਸ਼ = ਛਿੱਲਣ ਵਾਲੇ ਭਾਵ ਦੁਖ ਦੇਣ ਵਾਲੇ

## ਅਰਥ

ਮੈਂ ਤੈਨੂੰ ਵਾਹਿਗੁਰੂ ਪਛਾਣਨ ਵਾਲਾ ਨਹੀਂ ਜਾਣਦਾ ਹਾਂ ( ਕਿਉਂਕਿ ) ਤੈਥੋਂ ਦੁਖ ਦੇਣ ਵਾਲੇ ਕੰਮ ਪ੍ਰਗਟ ਹੋਏ ਹਨ।

## ਭਾਵ

ਹੇ ਔਰੰਗਜ਼ੇਬ ! ਜੇ ਤੂੰ ਵਾਹਿਗੁਰੂ ਦੇ ਪਛਾਣਨ ਵਾਲਾ ਹੁੰਦਾ ਤਾਂ ਤੂੰ ਧਾਰਮਕ ਕੰਮਾਂ ਵਿਖੇ ਸਹਾਇਤਾ ਕਰਦਾ ਪਰ ਹੁਣ ਜੋ ਤੈਥੋਂ ਦੁਖ ਦੇਣ ਵਾਲੇ ਕੰਮ ਪ੍ਰਗਟ ਹੋਏ ਹਨ ਅਰਥਾਤ ਤੈਨੇ ਪਹਾੜੀ ਮੂਰਤੀਪੂਜਕ ਰਾਜਿਆਂ ਦੇ ਕਹੇ ਸਾਨੂੰ ਦੁਖ ਦਿਤਾ ਹੈ ਜਿਨਾਂ ਦੇ ਨਾਲ ਕਿ ਸਾਡਾ ਧਾਰਮਿਕ ਝਗੜਾ ਸੀ ਅਰਥਾਤ ਓਹ ਮੂਰਤੀ ਪੂਜਕ ਸਨ ਅਤੇ ਮੈਂ ਮੂਰਤੀਆਂ ਦੇ ਭੰਨਣ ਵਾਲਾ ਹਾਂ, ਇਸ ਲਈ ਹੁਣ ਮੈਨੂੰ ਪੱਕਾ ਵਿਸਵਾਸ ਹੋਗਿਆ ਹੈ ਕਿ ਤੂੰ ਵਾਹਿਗੁਰੂ ਦੇ ਜਾਨਣ ਵਾਲਾ ਨਹੀਂ ਹੈਂ ॥

## (੯੨) ਸ਼ਨਾਸਦ ਹਮਹ ਤੋ ਨ ਯਜ਼ਦਾਂ ਕਰੀਮ।
## ਨਖ਼ਾਹਦ ਹਮੀ ਤੋ ਬਦੌਲਤ ਅਜ਼ੀਮ॥

(۹۲) شناسد همه تو نه یزدان کریم — نخواهد همی تو بدولت عظیم

| | |
|---|---|
| ਸ਼ਨਾਸਦ = ਪਛਾਣੇ | ਨਖਾਹਦ = ਨਹੀਂ ਮੰਗੇਗਾ |
| ਹਮਹ = ਭੀ | ਹਮੀ = ਭੀ |
| ਤੋ = ਤੈਨੂੰ | ਤੋ = ਤੈਥੋਂ |
| ਯਜ਼ਦਾਂ = ਵਾਹਿਗੁਰੂ, ਅਕਾਲ ਪੁਰਖ | ਬਦੌਲਤ = ਧਨ, ਪਦਾਰਥ |
| ਕਰੀਮ = ਕ੍ਰਿਪਾਲੂ | ਅਜ਼ੀਮ = ਬਹੁਤ, ਬੜੀ |

### ਅਰਥ

ਕ੍ਰਿਪਾਲੂ ਵਾਹਿਗੁਰੂ ਭੀ ਤੈਨੂੰ ਨਹੀਂ ਪਹਿਚਾਣੇਗਾ, (ਅਤੇ) ਨਾਹੀਂ ਤੈਥੋਂ ਬਹੁਤ ਦੌਲਤ ਮੰਗੇਗਾ।

### ਭਾਵ

ਹੇ ਔਰੰਗਜ਼ੇਬ! ਹੁਣ ਜਦ ਤੈਥੋਂ ਅਜੇਹੇ ਕੰਮ ਪ੍ਰਗਟ ਹੋਏ ਹਨ ਜੋ ਅਕਾਲ ਪੁਰਖ ਦੀ ਆਗਜ਼ਾ ਤੋਂ ਉਲਟ ਹਨ ਤਾਂ ਹੁਣ ਪੱਕਾ ਯਕੀਨ ਹੈ ਕਿ ਓਹ ਤੈਨੂੰ ਨੇਕ ਪੁਰਸ਼ ਨਹੀਂ ਜਾਣੇਗਾ, ਜੇ ਤੂੰ ਕਹੇਂ ਕਿ ਮੈਂ ਬਾਦਸ਼ਾਹ ਹਾਂ ਤਾਂ ਉਸ ਅਕਾਲ ਪੁਰਖ ਨੂੰ ਤੇਰੇ ਧਨ ਪਦਾਰਥ ਦੀ ਕੋਈ ਲੋੜ ਨਹੀਂ ਹੈ। ਓਹ ਤਾਂ ਕੇਵਲ ਨੇਕੀ ਨੂੰ ਪਸਿੰਦ ਕਰਦਾ ਹੈ ਤੇ ਸਚਾਈ ਦਾ ਮਿਤ੍ਰ ਹੈ॥

## (੮੩) ਅਗਰ ਸਦ ਕੁਰਾਂ ਰਾ ਬਖੁਰਦੀ ਕਸਮ ।
## ਮਰਾ ਏਤਬਾਰੇ ਨ ਯਕ ਜ਼ਰਹ ਦਮ ॥

(۸۳) اگر صد قرآں را بخوردی قسم — مرا اعتبارے نہ یک ذرّہ دم

ਅਗਰ = ਜੇ
ਸਦ = ਸੌ
ਕੁਰਾਂ = ਕੁਰਾਂਨ,ਮੁਸਲਮਾਨਾਂ ਦੀ ਧਰਮ ਪੁਸਤਕ
ਰਾ = ਦੀ
ਬਖੁਰਦੀ = ਤੂੰ ਖਾਵੇਂ
ਕਸਮ = ਸੌਂਹ

ਮਰਾ = ਮੈਨੂੰ
ਏਤਬਾਰੇ = ਭਰੋਸਾ
ਨ = ਨਹੀਂ
ਈਂ = ਇਸਤੋਂ
ਜ਼ਰਹ = ਜ਼ਰਾ ਭਰ, ਥੋੜਾ ਜੇਹਾ
ਦਮ = ਸੁਾਸ ਭਰ, ਛਿਣ ਭਰ

### ਅਰਥ

ਜੇ ਤੂੰ ਸੌ ਭੀ ਕੁਰਾਂਨ ਦੀਆਂ ਸੌਹਾਂ ਖਾਵੇਂ ਮੈਨੂੰ ਇਸਤੋਂ ਜ਼ਰਾ ਭਰ ਭੀ ਛਿਣ ਲਈ ਭਰੋਸਾ ਨਹੀਂ ਹੈ ।

### ਭਾਵ

ਹੇ ਔਰੰਗਜ਼ੇਬ ! ਜੇ ਤੂੰ ਕੁਰਾਨ ਦੀਆਂ ਸੈਂਕੜੇ ਕਸਮਾਂ ਖਾਕੇ ਮੈਨੂੰ ਵਿਸ੍ਵਾਸ ਦੇਵੇਂ, ਤਾਂ ਮੈਨੂੰ ਤੇਰੀਆਂ ਇਨਾਂ ਸੌਹਾਂ ਤੋਂ ਇਕ ਛਿਣ ਭਰ ਲਈ ਭੀ ਜਰਾ ਜਿਤਨਾ ਯਕੀਨ ਤੇਰੀ ਬਾਤ ਦਾ ਨਹੀਂ ਆਉਂਦਾ ਹੈ,ਕਿਉਂ ਜੋ ਮੈਨੇ ਤੈਨੂੰ ਭਲੀ ਪ੍ਰਕਾਰ ਅਜ਼ਮਾ ਲਿਆ ਹੈ, ਕਿ ਤੇਰੀਆਂ ਸਭ ਬਾਤਾਂ ਝੂਠੀਆਂ ਹਨ ॥

## (੯੪) ਹਜ਼ੂਰੀ ਨ ਆਯਮ ਨ ਈਂ ਰਹ ਸ਼ਵਮ!
## ਅਗਰ ਸ਼ਹ ਬਖਾਹਦ ਮਨ ਆਂ ਜਾ ਰਵਮ ॥

(۹۴) حضوری نہ آیم نہ ایں رہ شوم — اگر شہ بخواہد من آنجا روم

| | |
|---|---|
| ਹਜ਼ੂਰੀ = ਸਾਹਮਣੇ, ਪਾਸ | ਅਗਰ= ਜੇ |
| ਨ = ਨਹੀਂ | ਸ਼ਹ = ਬਾਦਸ਼ਾਹ ਭਾਵ ਅਕਾਲ ਪੁਰਖ |
| ਆਯਮ = ਮੈਂ ਆਵਾਂ | ਬਖਾਹਦ = ਚਾਹੇ |
| ਨ = ਨਹੀਂ | ਮਨ = ਮੈਂ |
| ਈਂ = ਇਸ, ਇਹ | ਆਂ ਜਾ = ਉਥੇ |
| ਰਹ = ਰਸਤਾ, ਰਾਹ | ਰਵਮ = ਮੈਂ ਜਾਵਾਂਗਾ |
| ਸ਼ਵਮ = ਮੈਂ ਹੋਵਾਂਗਾ | |

### ਅਰਥ

ਨਾਂ ਮੈਂ ਤੇਰੇ ਪਾਸ ਆਵਾਂਗਾ ( ਅਤੇ ) ਨਾਂ ਇਸ ਰਾਹ ਪਵਾਂਗਾ ਜਿਥੇ ਅਕਾਲ ਪੁਰਖ ਚਾਹੇਗਾ ਮੈਂ ਉਥੇ ਜਾਵਾਂਗਾ ॥

### ਭਾਵ

ਹੇ ਔਰੰਗਜੇਬ! ਮੈਂ ਕਦੇ ਭੀ ਤੇਰੇ ਪਾਸ ਨਹੀ ਆਵਾਂਗਾ ਆਉਣਾਂ ਤਾਂ ਇਕ ਪਾਸੇ ਰਿਹਾ ਮੈਂ ਤੇਰੇ ਵਲ ਦੇ ਰਸਤੇ ਭੀ ਨਹੀਂ ਪੈਂਦਾ ਪਰ ਅਕਾਲ ਪੁਰਖ ਜਿਧਰ ਜਾਣ ਦਾ ਮੈਨੂੰ ਹੁਕਮ ਦੇਵੇਗਾ ਮੈਂ ਉਧਰ ਚਲਾ ਜਾਵਾਂਗਾ–ਕਿਉਂ ਜੋ ਮੈਂ ਅਕਾਲ ਪੁਰਖ ਦਾ ਨੌਕਰ ਹਾਂ ਤੇਰਾ ਨੌਕਰ ਨਹੀਂ ॥

**(੮੫) ਖੁਸ਼ਸ਼ ਸ਼ਾਹ ਸ਼ਾਹਾਨ ਔਰੰਗਜ਼ੇਬ ।**
**ਕਿ ਚਾਲਾਕ ਦਸਤ ਅਸਤ ਚਾਬਕ ਰਕੇਬ ॥**

(۸۵) خوشش شاہ شاہان اورنگزیب — کہ چالاک دست است چابک رکیب

ਖੁਸ਼ਸ਼ = ਭਾਗਵਾਨ
ਸ਼ਾਹ ਸ਼ਾਹਾਨ = ਬਾਦਸ਼ਾਹਾਂ ਦਾ ਬਾਦਸ਼ਾਹ, ਸ਼ਹਨਸ਼ਾਹ
ਔਰੰਗਜ਼ੇਬ = ਬਾਦਸ਼ਾਹ ਦਾ ਨਾਮ ਹੈ ਜਿਸਦੇ ਪਾਸ ਜ਼ਫਰਨਾਮਾ ਭੇਜਿਆ ਗਿਆ ਜੋ ਦਿੱਲੀ ਦਾ ਬਾਦਸ਼ਾਹ ਸੀ ।

ਕਿ = ਜੋ
ਚਾਲਾਕ ਦਸਤ = ਫੁਰਤੀਲਾ-ਹਥ ਦਾ
ਅਸਤ = ਹੈ
ਚਾਬਕ ਰਕੇਬ = ਘੋੜੇ ਦਾ ਸਵਾਰ, ਚਲਾਕ

## ਅਰਥ

ਐ ਬਾਦਸ਼ਾਹਾਂ ਦੇ ਬਾਦਸ਼ਾਹ ਔਰੰਗਜ਼ੇਬ ! ਤੂੰ ਭਾਗਵਾਨ ਹੈਂ ਜੋ ਤੂੰ ਹੱਥ ਦਾ ਚਾਲਾਕ ਤੇ ਘੋੜੇ ਦੀ ਸ੍ਵਾਰੀ ਦਾ ਫੁਰਤੀਲਾ ਹੈਂ ।

## ਭਾਵ

ਹੇ ਔਰੰਗਜ਼ੇਬ ! ਤੂੰ ਬੜੇ ਭਾਗਾਂ ਵਾਲਾ ਹੈਂ ਕਿਉਂਕਿ ਤੂੰ ਅਨੇਕਾਂ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਅਤੇ ਘੋੜੇ ਦੀ ਸ੍ਵਾਰੀ ਭੀ ਤੈਨੂੰ ਬਹੁਤ ਅੱਛੀ ਆਉਂਦੀ ਹੈ ਕਿ ਤੇਰੇ ਨਾਲ ਦਾ ਕੋਈ ਸ੍ਵਾਰ ਨਹੀਂ ਹੈ ਅਰ ਹੱਥ ਦਾ ਫੁਰਤੀਲਾ ਹੈਂ ਅਰਥਾਤ ਸ਼ਸਤ੍ਰ ਵਿਦ੍ਯਾ ਭੀ ਤੈਨੂੰ ਅੱਛੀ ਆਉਂਦੀ ਹੈ ।

**(੮੬) ਕਿ ਹੁਸਨਲ ਜਮਾਲ ਅਸਤ ਰੌਸ਼ਨ ਜ਼ਮੀਰ ।**
**ਖੁਦਾਵੰਦ ਮੁਲਕ ਅਸਤ ਸਾਹਿਬ ਅਮੀਰ ॥**

(۸۶) کہ حسن الجمال است روشن ضمیر — خداوند ملک است صاحب امیر

| | |
|---|---|
| ਕਿ = ਜੋ | ਖੁਦਾਵੰਦ, ਮਾਲਿਕ |
| ਹੁਸਨਲ ਜਮਾਲ = ਹੁਸਨ-ਅਲ-ਜਮਾਲ = ਰੂਪ-ਦਾ-ਸੁੰਦਰ | ਮੁਲਕ = ਦੇਸ਼ |
| ਅਸਤ = ਹੈ | ਅਸਤ = ਹੈ |
| ਰੌਸ਼ਨ = ਪ੍ਰਕਾਸ਼ਮਾਨ | ਸਾਹਿਬ = ਸੁਆਮੀ, ਮਾਲਿਕ |
| ਜ਼ਮੀਰ ਦਿਲ, ਮਨ | ਅਮੀਰ = ਧਨਵਾਨ, ਸਰਦਾਰ, ਅਮੀਰ |

## ਅਰਥ

ਰੂਪ ਦਾ ਸੁੰਦਰ ਹੈਂ, ਮਨ ਦਾ ਪ੍ਰਕਾਸ਼ਮਾਨ ਹੈਂ
ਦੇਸ਼ਾਂ ਦਾ ਮਾਲਿਕ ਹੈਂ (ਤੇ) ਅਮੀਰਾਂ ਦਾ ਸ੍ਵਾਮੀ ਹੈਂ॥

## ਭਾਵ

ਹੇ ਔਰੰਗਜ਼ੇਬ ! ਤੂੰ ਰੂਪ ਦਾ ਭੀ ਕੋਈ ਬੁਰਾ ਨਹੀਂ ਹੈਂ ਸਗਵਾਂ ਗੋਰੇ ਚਿੱਟੇ ਸ਼ਰੀਰ ਵਾਲਾ ਹੈ ਦਿਲ ਭੀ ਤੇਰਾ ਪ੍ਰਕਾਸ਼ਮਾਨ ਹੈ ਕਿ ਤੂੰ ਲਿਖਿਆ ਪੜ੍ਹਿਆ ਅਤੇ ਸਮਝਦਾਰ ਹੈਂ ਅਰਥਾਤ ਮੂਰਖ ਭੀ ਨਹੀਂ ਹੈਂ, ਅਰ ਤੂੰ ਸਾਰੇ ਦੇਸ਼ ਭਾਰਤ ਵਰਸ਼ ਦਾ ਬਾਦਸ਼ਾਹ ਭੀ ਹੈਂ ਅਤੇ ਸਾਰੇ ਅਮੀਰਾਂ ਦਾ ਸਰਦਾਰ ਭੀ ਹੈਂ ਅਰਥਾਤ ਤੇਰੇ ਹੁਕਮ ਤੋਂ ਕੋਈ ਬਾਹਰ ਭੀ ਨਹੀਂ ਹੈ।

## (੮੭) ਕਿ ਤਰਤੀਬ ਦਾਨਸ਼ ਬ ਤਦਬੀਰ ਤੇਗ਼ ।
## ਖ਼ੁਦਾਵੰਦ ਦੇਗੋ, ਖ਼ੁਦਾਵੰਦ ਤੇਗ਼ ॥

(۸۷) کہ ترتیب دانش بہ تدبیر تیغ — خداوند دیگ و خداوند تیغ

ਕਿ = ਜੋ
ਤਰਤੀਬ = ਸੁਵਾਰਨਾ, ਠੀਕ ਕਰਨਾ
ਦਾਨਸ਼ = ਬੁੱਧੀ, ਦਾਨਾਈ, ਅਕਲਮੰਦੀ
ਬ = ਸਾਥ, ਵਾਲਾ
ਤਦਬੀਰ = ਜੁਗਤੀ, ਸੋਚਣਾ
ਤੇਗ = ਤਲਵਾਰ

ਖ਼ੁਦਾਵੰਦ = ਮਾਲਿਕ, ਧਨੀ
ਦੇਗੋ = ਲੰਗਰ ਦਾ
ਖ਼ੁਦਾਵੰਦ = ਮਾਲਿਕ, ਸੁਆਮੀ
ਤੇਗ = ਤਲਵਾਰ

### ਅਰਥ

ਜੋ ਬੁੱਧੀ ਦੇ ਸੁਵਾਰਨਵਾਲਾ (ਤੇ) ਤਲਵਾਰ ਦੀ ਜੁਗਤੀ ਵਾਲਾ ਹੈਂ ਲੰਗਰ ਦਾ ਮਾਲਿਕ (ਤੇ) ਤਲਵਾਰ ਦਾ ਧਨੀ ਹੈਂ ।

### ਭਾਵ

ਹੇ ਔਰੰਗਜ਼ੇਬ ! ਤੂੰ ਅਕਲ ਦੇ ਭੀ ਠੀਕ ਕਰਨ ਵਾਲਾ ਹੈਂ ਭਾਵ ਬੜਾ ਹੀ ਅਕਲਮੰਦ ਹੈਂ, ਤੇ ਤਲਵਾਰ ਦੀ ਜੁਗਤੀ ਵਾਲਾ ਹੈਂ ਅਰਥਾਤ ਸ਼ਸਤ੍ਰ ਵਿਦਿਆ ਨੂੰ ਭੀ ਤੂੰ ਭਲੀ ਪ੍ਰਕਾਰ ਜਾਣਦਾ ਹੈਂ ਤੇਰੇ ਲੰਗਰ ਭੀ ਅਨੇਕ ਚਲਦੇ ਹਨ ਤੇ ਹਥਿਆਰਾਂ ਦਾ ਭੀ ਤੂੰ ਮਾਲਿਕ ਹੈਂ ਭਾਵ ਸਾਰੀਆਂ ਫੌਜਾਂ ਭੀ ਤੇਰੀ ਆਗਿਆ ਵਿਖੇ ਹਨ ।

## (੮੮) ਕਿ ਰੋਸ਼ਨ ਜ਼ਮੀਰ ਅਸਤ ਹੁਸਨਲ ਜਮਾਲ।
## ਖ਼ੁਦਾਵੰਦ ਬਖਸ਼ਿੰਦਹੇ ਮੁਲਕੋ ਮਾਲ॥

(۸۸) کہ روشن ضمیر است حسن الجمال ـ خداوند بخشندۂ ملک و مال

ਕਿ = ਜੋ
ਰੋਸ਼ਨ = ਪ੍ਰਕਾਸ਼ਮਾਨ
ਜ਼ਮੀਰ = ਦਿਲ, ਮਨ
ਅਸਤ = ਹੈ
ਹੁਸਨਲ = ਹੁਸਨ–ਅਲ= ਰੂਪ–ਦਾ
ਜਮਾਲ = ਸੁੰਦ੍ਰ
ਖ਼ੁਦਾਵੰਦ = ਮਾਲਿਕ, ਸ੍ਵਾਮੀ
ਬਖਸ਼ਿੰਦਹੇ = ਬਖਸ਼ਣੇ ਵਾਲਾ, ਦਾਨ ਦੇਣ ਵਾਲਾ
ਮੁਲਿਕ = ਦੇਸ਼, ਪ੍ਰਿਥਵੀ
ਮਾਲ = ਧਨ, ਪਦਾਰਥ

### ਅਰਥ

ਜੋ ਮਨ ਦਾ ਪ੍ਰਕਾਸ਼ਮਾਨ ਹੈਂ, ਰੂਪ ਦਾ ਸੁੰਦ੍ਰ ਹੈਂ।
ਮੁਲਕ ਅਤੇ ਮਾਲ ਦੇ ਬਖਸ਼ਣ ਦਾ ਮਾਲਿਕ ਹੈਂ।

### ਭਾਵ

ਹੇ ਔਰੰਗਜ਼ੇਬ ! ਤੂੰ ਦਿਲ ਦਾ ਭੀ ਪ੍ਰਕਾਸ਼ਮਾਨ ਹੈਂ, ਰੂਪ ਭੀ ਤੇਰਾ ਸੁੰਦ੍ਰ ਹੈ, ਦੇਸ਼ ਅਤੇ ਧਨ ਪਦਾਰਥ ਨੂੰ ਜਿਸ ਨੂੰ ਚਾਹੇਂ ਦੇ ਸਕਦਾ ਹੈਂ ਕਿਉਂਕਿ ਸਭ ਕੁਝ ਤੇਰੇ ਹੁਕਮ ਵਿਚ ਹੈ।

## (੮੯) ਬਬਖਸ਼ਸ਼ ਕਬੀਰ ਅਸਤੋ ਦਰ ਜੰਗ ਕੋਹ। ਮਲਾਯਕ ਸਿਫਤ ਚੂੰ ਸੁਰਯਾ ਸ਼ਕੋਹ ॥

(۸۹) بہ بخشش کبیر است و در جنگ کوہ — ملایک صفت چوں ثریا شکوہ

ਬ=ਸਾਥ, ਨਾਲ, ਵਾਲਾ
ਬਖਸ਼ਸ਼ = ਦਾਨ, ਪੁੰਨ, ਦਾਤ
ਕਬੀਰ = ਬੜੀ
ਅਸਤੋ = ਹੈ–ਔਰ
ਦਰ = ਵਿਖੇ, ਵਿਚ
ਜੰਗ = ਜੁਧ, ਲੜਾਈ
ਕੋਹ = ਪਹਾੜ

ਮਲਾਯਕ = ਫਰਿਸ਼ਤੇ, ਦੇਵਤੇ 'ਮਲਕ' ਦਾ ਬਹੁਬਚਨ ਹੈ
ਸਿਫਤ = ਗੁਣ
ਚੂੰ = ਜੋ ਕਿ
ਸੁਰਯਾ=ਖਿਤੀ ਤਾਰੇ } ਬੜਾ ਪ੍ਰਤਾਪ ਵਾਲਾ
ਸ਼ਕੋਹ=ਤੇਜ, ਪ੍ਰਤਾਪ } ਬੜਾ ਪ੍ਰਤਾਪ ਵਾਲਾ

### ਅਰਥ

ਤੂੰ ਬੜੀ ਬਖਸ਼ਸ਼ ਵਾਲਾ ਹੈਂ, ਅਤੇ ਜੁਧ ਵਿਖੇ ਪਹਾੜ ਹੈਂ, ਦੇਵਤਿਆਂ ਵਰਗੇ ਗੁਣ ਹਨ, ਤੇ ਬੜਾ ਪ੍ਰਤਾਪ ਵਾਂਨ ਹੈਂ।

### ਭਾਵ

ਹੇ ਔਰੰਗਜ਼ੇਬ! ਤੇਰੀ ਬਖਸ਼ਸ਼ ਭੀ ਬੜੀ ਹੈ, ਤੂੰ ਕੰਗਾਲ ਨੂੰ ਰਾਜਾ ਬਣਾ ਸਕਦਾ ਹੈਂ ਤੇ ਲੜਾਈ ਵਿਖੇ ਭੀ ਪਹਾੜ ਦੀ ਭਾਂਤ ਅਚਲ ਰਹਿਣ ਵਾਲਾ ਹੈ, ਤੇਰੇ ਵਿਖੇ ਫਰਿਸ਼ਤਿਆਂ ਵਰਗੇ ਗੁਣ ਹਨ ਅਤੇ ਤੂੰ ਬੜਾ ਪ੍ਰਤਾਪੀ ਬਾਦਸ਼ਾਹ ਹੈਂ।

## (੯੦) ਸ਼ਹਿਨਸ਼ਾਹ ਔਰੰਗਜ਼ੇਬ ਆਲਮੀਂ ।
## ਕਿ ਦਾਰਾਇ ਦੌਰ ਅਸਤ ਦੂਰ ਅਸਤ ਦੀਂ।

(۹۰) شہنشاہِ اورنگ زیب عالمیں — کہ دارائے دور است دور است دیں

ਸ਼ਹਿਨਸ਼ਾਹ = ਬਾਦਸ਼ਾਹਾਂ ਦਾ ਬਾਦਸ਼ਾਹ

ਔਰੰਗਜ਼ੇਬ = ਔਰੰਗ–ਜ਼ੇਬ ਤਖਤ ਦੀ–ਸ਼ੋਭਾ=ਨਾਉਂ ਹੈ ਮੁਗਲ ਬਾਦਸ਼ਾਹ ਦਾ ਜਿਸ ਦੇ ਨਾਮ ਜ਼ਫਰਨਾਮਾ ਲਿਖਿਆ ਗਿਆ

ਆਲਮੀ = ਸੰਛੇਪ ਹੈ 'ਆਲਮ ਗੀਰ ਦਾ' ਇਸਦੇ ਅਰਥ ਸੰਸਾਰ ਦੇ ਜਿੱਤਨ ਵਾਲਾ ਹੈ, ਇਸ ਬਾਦਸ਼ਾਹ ਦਾ ਪੂਰਾ ਨਾਉ 'ਔਰੰਗਜ਼ੇਬ ਆਲਮਗੀਰ' ਸੀ

ਕਿ = ਜੋ

ਦਾਰਾਇ = ਸਰਦਾਰ,ਮਾਲਿਕ

ਦੌਰ = ਸਮਾਂ, ਜ਼ਮਾਨਾਂ

ਅਸਤ = ਹੈ

ਦੂਰ = ਦੂਰ, ਰਹਿਤ, ਖਾਲੀ

ਅਸਤ = ਹੈ

ਦੀ = ਧਰਮ

### ਅਰਥ

ਹੇ ਸ਼ਹਨਸ਼ਾਹ ਔਰੰਗਜ਼ੇਬ ਆਲਮਗੀਰ ! ਤੂੰ ਸਮੇਂ ਦਾ ਸਰਦਾਰ ਹੈਂ (ਪਰ) ਧਰਮ ਤੋਂ ਦੂਰ ਹੈਂ ।

### ਭਾਵ

ਹੇ ਔਰੰਗਜ਼ੇਬ ! ਚਾਹੇ ਤੇਰੇ ਵਿਖੇ ਉੱਪਰ ਦੱਸੇ ਸਭ ਗੁਣ ਹਨ ਪਰ ਅਸੀਂ ਇਹ ਦਾਵੇ ਨਾਲ ਆਖਦੇ ਹਾਂ ਕਿ ਤੇਰੇ ਵਿਖੇ ਧਰਮ ਦੀ ਬੂ ਭੀ ਨਹੀਂ ਹੈ, ਇਸ ਲਈ ਸਭ ਗੁਣਾਂ ਦੇ ਹੁੰਦੇ ਹੋਇ ਭੀ ਤੇਰੇ ਵਿਖੇ ਕੋਈ ਗੁਣ ਨਹੀਂ ਕਿਉਂਕਿ ਜੋ ਬਾਦਸ਼ਾਹ ਧਰਮ ਤੋਂ ਰਹਿਤ ਹੈ ਓਹ ਬਾਦਸ਼ਾਹ ਕਹਾਉਣ ਦੇ ਜੋਗ ਹੀ ਨਹੀਂ ।

## (੯੧) ਮਨਮ ਕੁਸ਼ਤਨਮ ਕੋਹੀਯਾ ਬੁਤ ਪ੍ਰਸਤ ।
## ਕਿ ਆਂ ਬੁਤ ਪਰਸਤੰਦ ਮਨ ਬੁਤ ਸ਼ਿਕਸਤ ॥

(٩١) منم کشتنم کوہیاں بت پرست ـ کہ آں بت پرستند و من بت شکست

ਮਨਮ = ਮੈਂ ਹਾਂ
ਕੁਸ਼ਤਨਮ = ਮਾਰਨੇ ਵਾਲਾ ਹਾਂ
ਕੋਹੀਯਾ = ਪਹਾੜੀਏ
ਬੁਤ = ਮੂਰਤੀ, ਪਥਰ ਦੀ ਮੂਰਤ
ਪਰਸਤ = ਪੂਜਕ

ਕਿ = ਜੋ, ਕਿਉਂ ਜੋ
ਆਂ = ਓਹ
ਬੁਤ = ਮੂਰਤੀ, ਪਥਰ ਦੀ ਮੂਰਤ
ਪਰਸਤੰਦ=ਪੂਜਕ, ਪੂਜਣ ਵਾਲੇ
ਮਨ = ਮੈਂ
ਬੁਤ = ਮੂਰਤੀ
ਸ਼ਿਕਸਤ = ਭੰਨਣ ਵਾਲਾ

### ਅਰਥ

ਮੈਂ ਮੂਰਤੀ ਪੂਜਕ ਪਹਾੜੀਆਂ ਦੇ ਮਾਰਨ ਵਾਲਾ ਹਾਂ, ਕਿਉਂ ਜੋ ਓਹ ਮੂਰਤੀਆਂ ਦੇ ਪੂਜਣ ਵਾਲੇ ਹਨ ਤੇ ਮੈਂ ਮੂਰਤੀਆਂ ਦੇ ਤੋੜਨ ਵਾਲਾ ਹਾਂ।

### ਭਾਵ

ਹੇ ਔਰੰਗਜ਼ੇਬ ! ਇਨਾਂ ਪਹਾੜੀ ਰਾਜਿਆਂ ਦਾ ਤੇਰੇ ਪਾਸ ਬਾਰ ਬਾਰ ਸ਼ਕਾਇਤ ਕਰਨ ਦਾ ਅਸਲੀ ਕਾਰਨ ਏਹ ਹੈ ਕਿ ਓਹ

ਮੂਰਤੀ ਪੂਜਕ ਹਨ ਤੇ ਮੈਂ ਮੂਰਤੀਆਂ ਦੇ ਤੋੜਨ ਵਾਲਾ ਹਾਂ ਭਾਵ ਮੇਰਾ ਪੰਥ ਅਕਾਲ ਉਪਾਸ਼ਕ ਹੈ ਜੋ ਪੱਥਰਾਂ ਨੂੰ ਨਹੀਂ ਪੂਜਦਾ, ਇਸ ਲਈ ਸਾਡਾ ਇਨਾਂ ਨਾਲ ਧਾਰਮਿਕ ਝਗੜਾ ਹੈ ਕੋਈ ਮੁਲਕਗੀਰੀ ਦਾ ਸਵਾਲ ਨਹੀਂ ਹੈ, ਪਰ ਉਨਾਂ ਨੇ ਬਾਰ ਬਾਰ ਤੇਰੇ ਪਾਸ ਸ਼ਕਾਇਤਾਂ ਕੀਤੀਆਂ ਪਰ ਤੈਨੇਂ ਬਿਨਾਂ ਸੋਚੇ ਵਿਚਾਰੇ ਸਾਡੇ ਪਰ ਚੜ੍ਹਾਈ ਕਰ ਦਿੱਤੀ। ਇਸ ਤੋਂ ਸਾਫ ਸਿਧ ਹੈ ਕਿ ਤੂੰ ਧਰਮ ਤੋਂ ਦੂਰ ਹੈਂ, ਜੇ ਤੂੰ ਧਰਮ ਦੇ ਕੰਮ ਵਿਖੇ ਸਹਾਇਤਾ ਕਰਨ ਵਾਲਾ ਹੁੰਦਾ ਤਾਂ ਕਦੇ ਮੂਰਤੀ ਪੂਜਕਾਂ ਦਾ ਸਹਾਇਕ ਹੋਕੇ ਸਾਡੇ ਪਰ ਚੜ੍ਹਾਈ ਨਾਂ ਕਰਦਾ ਕਿਉਂ ਜੋ ਖੁਦਾ ਨੇ ਮੂਰਤੀ ਪੂਜਾ ਨੂੰ ਸ਼ਿਰਕ ਆਖਿਆ ਹੈ।

ਨੋਟ—ਇਸ ਬੈਂਤ ਤੋਂ ਸਾਡੇ ਸਿਖ ਇਤਿਹਾਸਕਾਰਾਂ ਨੂੰ ਸਿਖਜਾ ਲੈਣੀ ਚਾਹੀਦੀ ਹੈ ਜਿਨਾਂ ਨੇ ਬਿਨਾ ਸੋਚੇ ਵਿਚਾਰੇ ਪਹਾੜੀ ਰਾਜਿਆਂ ਨਾਲ ਯੁਧ ਦੇ ਕਾਰਣ ਹੋਰ ਹੀ ਹੋਰ ਲਿਖ ਮਾਰੇ ਹਨ ਤੇ ਅਸਲੀ ਕਾਰਣ ਨੂੰ ਪ੍ਰਗਟ ਨਹੀਂ ਕੀਤਾ ਹੈ ਅਤੇ ਅਤਜੰਤ ਸ਼ੋਕ ਹੈ ਉਨਾਂ ਇਤਿਹਾਸਕਾਰਾਂ ਪਰ ਜਿਨਾਂ ਨੇ ਦਸਮੇ ਪਾਦਸ਼ਾਹ ਨੂੰ ਦੇਵੀ ਉਪਾਸ਼ਕ ਲਿਖਿਆ ਹੈ।

(੯੨) ਬੁਬੀਂ ਗਰਦਸ਼ੇ ਬੇਵਫਾਈ ਜ਼ਮਾਂ।
ਪਸੇ ਪੁਸ਼ਤ ਉਫਤਦ ਰਸਾਨਦ ਜ਼ਿਯਾਂ॥

(۹۲) ببیں گردشِ بیوفائی زماں ــ پسِ پشت افتد رساند زیاں

ਬੁਬੀਂ - ਦੇਖ
ਗਰਦਸ਼ੇ - ਚਕ੍ਰ ਫੇਰ
ਬੇਵਫਾਈ - ਅਧਰਮਤਾ
ਜ਼ਮਾਂ - ਸਮਾਂ

ਪਸੇ - ਪਿੱਛੇ
ਪੁਸ਼ਤ - ਪਿਠ ਪਿਛੇ
ਉਫਤਦ - ਪੈਂਦੀ ਹੈ, ਪੈਂਦਾਹੈ
ਰਸਾਨਦ - ਪਹੁਚਾਉਂਦੀ ਹੈ
ਜ਼ਿਯਾਂ - ਨੁਕਸਾਨ, ਹਾਨੀ

## ਅਰਥ

ਸਮੇਂ ਦੀ ਅਧਰਮਤਾ ਦੇ ਚਕ੍ਰ ਨੂੰ ਵੇਖ,ਜਿਸਦੇ ਪਿਛੇ ਪੈਂਦਾ ਹੈ, (ਉਸਨੂੰ) ਹਾਨੀ ਪਹੁੰਚਾਉਂਦਾ ਹੈ।

## ਭਾਵ

ਹੇ ਔਰੰਗਜੇਬ! ਤੂੰ ਏਹ ਖਿਆਲ ਨਾ ਰਖ ਕਿ ਮੇਰੀ ਏਹ ਬਾਦਸ਼ਾਹਤ ਸਦਾ ਇਸੀ ਪ੍ਰਕਾਰ ਬਣੀ ਰਹੇਗੀ, ਤੈਨੂੰ ਚਾਹੀਦਾ ਹੈ ਕਿ ਤੂੰ ਸਦਾ ਬੇਵਫਾ ਸਮੇਂ ਦੇ ਚਕ੍ਰ ਤੋਂ ਡਰਦਾ ਰਹੇਂ ਕਿਉਂ ਜੋ ਇਹ ਸਮਾਂ ਕਦੇ ਕਿਸੀ ਨਾਲ ਇਕੋ ਜੇਹਾ ਨਿਭਾਉ ਨਹੀਂ ਕਰਦਾ ਹੈ, ਤੇ ਜਦ ਇਹ ਸਮੇਂ ਦਾ ਚਕ੍ਰ ਕਿਸੀ ਦੇ ਪਿਛੇ ਪੈਂਦਾ ਹੈ ਤਾਂ ਉਸਨੂੰ ਮਾਰਕੇ ਸਾਹ ਲੈਂਦਾ ਹੈ ਇਸ ਚਕ੍ਰ ਵਿਖੇ ਆਕੇ ਬੜੀਆਂ ਬੜੀਆਂ ਸਲਤਨਤਾਂ ਤਬਾਹ ਹੋ ਗਈਆਂ ਹਨ, ਸੋ ਹੁਣ ਓਹ ਸਮਾ ਬਹੁਤ ਨੇੜੇ ਹੈ ਕਿ ਜਿਸ ਸਮੇਂ ਨੇ ਤੇਰੀ ਸਲਤਨਤ ਦਾ ਭੀ ਨਾਸ਼ ਕਰ ਦੇਣਾ ਹੈ।

(੬੩) ਬੁਬੀਂ ਕੁਦਰਤੇ ਨੇਕ ਯਜ਼ਦਾਨੇ ਪਾਕ ।
ਕਿ ਅਜ਼ ਯਕ, ਬਦਹ ਲਕ ਰਸਾਨਦ ਹਿਲਾਕ ॥

(۹۳) ببیں قدرتِ نیک یزدانِ پاک — کہ از یک بدہ لک رساند ہلاک

ਬੁਬੀਂ = ਤੂੰ ਵੇਖ
ਕੁਦਰਤੇ = ਸ਼ਕਤੀ
ਨੇਕ = ਅੱਛਾ, ਸੁਭ
ਯਜ਼ਦਾਨ = ਵਾਹਿਗੁਰੂ, ਪ੍ਰਮੇਸ਼ੁਰ
ਪਾਕ = ਪਵਿਤ੍ਰ

ਕਿ = ਜੋ
ਅਜ਼ = ਸੇ, ਤੋਂ
ਯਕ = ਇਕ
ਬਦਹ = ਦਸ
ਲਕ = ਲਖ, ਸੌਹਜ਼ਾਰ
ਰਸਾਨਦ = ਪਹੁਚਾਉਂਦਾ ਹੈ, ਕਰਵਾਉਂਦਾ ਹੈ
ਹਿਲਾਕ = ਮਾਰਨਾ, ਜਾਨ ਕਢਣੀ

## ਅਰਥ

(ਪਰ) ਉਸ ਪਵਿਤ੍ਰ ਵਾਹਿਗੁਰੂ ਦੀ ਸ਼ੁਭ ਸ਼ਕਤੀ ਨੂੰ ਵੇਖ ਜੋ ਇਕ ਤੋਂ ਦਸ ਲਖ ਨੂੰ ਮਰਵਾ ਦਿੰਦਾ ਹੈ।

## ਭਾਵ

ਹੇ ਔਰੰਗਜ਼ੇਬ! ਪਰ ਫੇਰ ਭੀ ਤੂੰ ਉਸ ਅਕਾਲ ਪੁਰਖ ਦੀ ਕੁਦਰਤ ਨੂੰ ਵੇਖ ਕਿ ਓਹ ਕੇਹਾ ਸਰਬ ਸ਼ਕਤੀ ਮਾਨ ਹੈ ਕਿ ਉਸ ਨੇ ਸਾਡੇ ਜੈਹੇ ਪੁਰਸ਼ਾਂ ਪਾਸੋਂ ਜਿਨਾਂ ਪਾਸ ਕਿ ਉਸ ਸਮੇਂ ਕੁਝ ਭੀ ਨਹੀਂ ਸੀ ਬਾਦਸ਼ਾਹੀ ਲਸ਼ਕਰ ਨਾਲ ਟਾਕਰਾ ਕਰਾਇਆ ਅਤੇ ਤੇਰੀ ਸੈਨਾਂ ਦੇ ਲੱਖਾਂ ਆਦਮੀਆਂ ਨੂੰ ਖਾਲਸੇ ਦੇ ਹਥੋਂ ਮਰਵਾਯਾ।

## (੯੪) ਚਿ ਦੁਸ਼ਮਨ ਕੁਨਦ ਮੇਹਰਬਾਨ ਅਸਤ ਦੋਸਤ।
## ਕਿ ਬਖ਼ਸ਼ਿੰਦਗੀ ਕਾਰੇ ਬਖ਼ਸ਼ਿੰਦਹ ਓਸਤ ॥

(۹۴) چہ دشمن کند مہربان است دوست — کہ بخشندگی کار و بخشندہ اوست

ਕਿ ਕਿਧਾ, ਕੀ
ਦੁਸ਼ਮਨ = ਵੈਰੀ
ਕੁਨਦ = ਕਰੇ
ਮੇਹਰਬਾਨ=ਕ੍ਰਿਪਾਲੂ, ਮੇਹਰਬਾਨ
ਅਸਤ = ਹੈ
ਦੋਸਤ = ਮਿਤ੍ਰ, ਦੋਸਤ

ਕਿ = ਜੋ
ਬਖ਼ਸ਼ਿੰਦਗੀ = ਦਾਤ, ਬਖਸ਼ਣਾ, ਕ੍ਰਿਪਾ
ਕਾਰੇ = ਕੰਮ, ਔਰ
ਬਖ਼ਸ਼ਿੰਦਹ = ਬਖਸ਼ਣ ਵਾਲਾ, ਕ੍ਰਿਪਾਲੂ
ਓਸਤ = ਓ—ਅਸਤ, ਓਹ—ਹੈ

### ਅਰਥ

ਦੁਸ਼ਮਨ ਕੀ ਕਰੇ (ਜੇ) ਮਿਤ੍ਰ ਕ੍ਰਿਪਾਲੂ ਹੋਵੇ, ਕਿਉਂਕਿ ਕ੍ਰਿਪਾ ਕਰਨਾ ਉਸ ਕ੍ਰਿਪਾਲੂ ਦਾ ਕੰਮ ਹੈ।

### ਭਾਵ

ਹੇ ਔਰੰਗਜ਼ੇਬ ! ਜਦ ਮਿਤ੍ਰ ਵਾਹਿਗੁਰੂ ਮੇਹਰਬਾਨ ਹੋਵੇ ਤਾਂ ਤੇਰੇ ਵਰਗਾ ਵੈਰੀ ਭੀ ਕੁਝ ਨਹੀ ਕਰ ਸਕਦਾ ਕਿਉਂਕਿ ਵੈਰੀ ਦਾ ਕੰਮ ਵੈਰ ਕਰਨ ਦਾ ਹੈ ਪਰ ਉਸ ਅਕਾਲ ਪੁਰਖ ਦਾ ਕੰਮ ਕ੍ਰਿਪਾ ਕਰਨ ਦਾ ਹੈ ਦੇਖ ਤੇਰੇ ਸਾਰੇ ਉਪਾਓ ਨਕੰਮੇ ਹੋਗਏ, ਅਸੀਂ ਤੇਰੇ ਲਸ਼ਕਰ ਦੇ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਆਏ ॥

(੯੫) ਰਿਹਾਈ ਦਿਹੋ ਰਹ ਨਮਾਈ ਦਿਹਦ ।
ਜ਼ੁਬਾਂ ਰਾ ਬ ਸਿਫਤ ਆਸ਼ਨਾਈ ਦਿਹਦ ॥

(۹۵) رہائی دِہو و رہنمائی دِہد ـــ زباں را بہ صفت آشنائی دہد

| | |
|---|---|
| ਰਿਹਾਈ=ਛੁਟਕਾਰਾ, ਮੁਕਤੀ | ਜ਼ੁਬਾਂ = ਜੀਭ, ਰਸਨਾ |
| ਦਿਹੋ=ਦੇਣ ਵਾਲਾ ਹੈ | ਰਾ = ਨੂੰ, ਕੋ |
| ਰਹ = ਰਸਤਾ | ਬ = ਸਾਥ, ਨਾਲ |
| ਨਮਾਈ = ਦਿਖਾਉਣਾਂ, ਦਸਣਾ | ਸਿਫਤ = ਵਡਿਆਈ |
| ਦਿਹਦ = ਦਿੰਦਾ ਹੈ | ਆਸ਼ਨਾਈ = ਜਾਣ, ਪਹਿਚਾਣ |
| | ਦਿਹਦ = ਦਿੰਦਾ ਹੈ |

## ਅਰਥ

ਓਹ ਛੁਟਕਾਰਾ ਦਿੰਦਾ ਹੈ ( ਤੇ ) ਰਸਤਾ ਦਿਖਾਉਂਦਾ ਹੈ ( ਤੇ ) ਜੀਭ ਨੂੰ (ਆਪਣੀ) ਵਡਿਆਈ ਸਿਖਾਉਂਦਾ ਹੈ ।

## ਭਾਵ

ਹੇ ਔਰੰਗਜ਼ੇਬ ! ਉਸ ਅਕਾਲ ਪੁਰਖ ਦੀ ਸ਼ਕਤੀ ਨੂੰ ਦੇਖ ਕਿ ਓਹ ਬੰਧਨਾਂ ਵਿਚੋਂ ਛੁਟਕਾਰਾ ਦਿੰਦਾ ਹੈ ਕਿ ਅਸੀਂ ਤੇਰੀ ਫੌਜ ਦੇ ਘੇਰੇ ਵਿਚੋਂ ਨਿਕਲ ਆਏ, ਕੇਵਲ ਓਹ ਛੁਟਕਾਰਾ ਹੀ ਨਹੀਂ ਦਿੰਦਾ ਸਗਵਾਂ ਬਚਣ ਦਾ ਰਸਤਾ ਭੀ ਦਸਦਾ ਹੈ, ਜਿਸ ਨੂੰ ਦੇਖਕੇ ਸੁਤੇ ਹੀ ਜੀਭ ਤੋਂ ਉਸ ਵਾਹਿਗੁਰੂ ਦੀ ਵਡਿਆਈ ਦੇ ਸ਼ਬਦ ਨਿਕਲ ਪੈਂਦੇ ਹਨ ਕਿ ਹੇ ਅਕਾਲ ਪੁਰਖ ਤੂ ਧੰਨਜ ਹੈ ਧੰਨਜ ਹੈ ਜੋ ਅਜੇਹੇ ਦੁਸ਼ਟਾਂ ਤੋਂ ਛੁਟਕਾਰਾ ਦਿੰਦਾ ਹੈਂ ।

# (੯੬) ਖ਼ਸਮ ਰਾ ਚੁ ਕੋਰ ਓ ਕੁਨਦ ਵਕਤ ਕਾਰ ।
# ਯਤੀਮਾਂ ਬਰੂੰ ਮੇਂ ਬੁਰਦ ਬੇ ਅਜ਼ਾਰ ॥

(۹۴) خصم را چو کور کند وقت کار — یتیماں برون می برد بے آزار

ਖਸਮ - ਵੈਰੀ, ਸ਼ਤ੍ਰੂ
ਰਾ - ਨੂੰ, ਕੋ
ਚੁ - ਭਾਂਤਿ, ਮਾਨਿੰਦ, ਤਰਾਂ
ਕੋਰ - ਅੰਨਾਂ, ਅੰਧਾ
ਓ - ਓਹ
ਕੁਨਦ - ਕਰਦਾ ਹੈ
ਵਕਤ - ਸਮਾਂ
ਕਾਰ - ਕੰਮ, ਕਾਰਜਾਰ - ਜੰਗ

ਯਤੀਮਾਂ - ਅਨਾਥ, ਬੇਸਹਾਯਕ
ਬਰੂੰ - ਬਾਹਰ
ਮੇਬੁਰਦ - ਲੈ ਜਾਂਦਾ ਹੈ
ਬੇਅਜ਼ਾਰ - ਬੇ-ਅਜ਼ਾਰ
ਬੇ-ਕਸ਼੍ਟ - ਬਿਨਾਂ ਦੁਖ

## ਅਰਥ

ਓਹ ਵੈਰੀਆਂ ਨੂੰ ਕੰਮ ( ਭਾਵ ਜੰਗ ) ਦੇ ਸਮੇ ਅੰਨਿਆਂ ਦੀ ਭਾਂਤਿ ਕਰ ਦਿੰਦਾ ਹੈ ( ਤੇ ) ਅਨਾਥਾਂ ਨੂੰ ਬੇ ਕਸ਼੍ਟ ਬਾਹਰ ਕਢ ਦਿੰਦਾ ਹੈ।

## ਭਾਵ

ਹੇ ਔਰੰਗਜ਼ੇਬ ! ਉਸ ਅਕਾਲ ਪੁਰਖ ਦੀ ਸ਼ਕਤੀ ਨੂੰ ਦੇਖ ਕਿ ਉਸਨੇ ਐਨ ਯੁਧ ਦੇ ਸਮੇ ਤੇਰੀ ਸਾਰੀ ਸੈਨਾਂ ਨੂੰ ਜੋ ਮੇਰੀ ਵੈਰੀ ਸੀ ਅੰਨਿਆਂ ਦੀ ਭਾਂਤਿ ਕਰ ਦਿਤਾ ਕਿ ਮੈਨੂੰ ਨਾਂ ਦੇਖ ਸਕੇ ਤੇ ਮੈ ਜੋ ਬੇ ਸਹਾਯਕ ਸੀ ਮੈਨੂੰ ਬਿਨਾ ਕਿਸੀ ਪ੍ਰਕਾਰ ਦੇ ਕਸ਼੍ਟ ਯਾ ਦੁਖ ਦੇ ਵੈਰੀਆਂ ਵਿਚੋਂ ਬਾਹਰ ਪੌਹਚਾ ਦਿਤਾ, ਏਹ ਸਭ ਉਸ ਵਾਹਿਗੁਰੂ ਦੀ ਹੀ ਕੁਦਰਤ ਤੇ ਸ਼ਕਤੀ ਹੈ।

(੯੭) ਹਰਾਂ ਕਸ ਕਿ ਓ ਰਾਸਤ ਬਾਜ਼ੀ ਕੁਨਦ।
ਰਹੀਮੇਂ ਬਰੋ ਰਹਮ ਸਾਜ਼ੀ ਕੁਨਦ ।।

(۹۷) ہر آنکس کہ او راستبازی کند - رحیمے برو رحم سازی کند

| | |
|---|---|
| ਹਰਾਂ ਕਸ = ਜੋ ਕੋਈ ਆਦਮੀ | ਰਹੀਮੇਂ = ਕ੍ਰਿਪਾਲੂ |
| ਓ = ਓਹ | ਬਰੋ = ਬਰ–ਓ = ਉਪਰ-ਉਸਦੇ (ਅਰਥਾਤ) ਉਸ ਉਤੇ |
| ਰਾਸਤ ਬਾਜ਼ੀ = ਸਚਿਆਈ | ਰਹਮ ਸਾਜ਼ੀ ਕੁਨਦ = } ਕ੍ਰਿਪਾ ਕਰਦਾਹੈ |
| ਕੁਨਦ = ਕਰਦਾ ਹੈ | |

## ਅਰਥ

ਜੋ ਕੋਈ ਆਦਮੀ ਸਚਿਆਈ ਕਰਦਾ ਹੈ ਕ੍ਰਿਪਾਲੂ ਭਾਵ ਵਾਹਿਗੁਰੂ ਉਸਪਰ ਕ੍ਰਿਪਾ ਕਰਦਾ ਹੈ।

## ਭਾਵ

ਹੇ ਔਰੰਗਜ਼ੇਬ! ਜੋ ਪੁਰਸ਼ ਉਸ ਅਕਾਲ ਪੁਰਖ ਨਾਲ ਸਚਿਆਈ ਕਰਦਾ ਹੈ ਅਰਥਾਤ ਉਸ ਦੇ ਅਗੇ ਸਚਾ ਰਹਿੰਦਾ ਹੈ ਉਸ ਉਤੇ ਓਹ ਕ੍ਰਿਪਾਲੂ ਵਾਹਿਗੁਰੂ ਆਪਣੀ ਦਯਾ ਕਰਦਾ ਹੈ ਭਾਵ ਹੇ ਔਰੰਗਜ਼ੇਬ ਅਸੀ ਆਪਣੀ ਵਲੋਂ ਸਚ ਪਰ ਕਾਇਮ ਰਹੇ ਇਸ ਲਈ ਅਕਾਲ ਪੁਰਖ ਨੇ ਸਾਡੇ ਪਰ ਦਯਾ ਕੀਤੀ ਕਿ ਸਾਨੂੰ ਤੇਰੀ ਸੈਨਾ ਵਿਚੋਂ ਕਢ ਲਿਆਂਦਾ।

## (੯੮) ਕਸੇ ਖ਼ਿਦਮਤ ਆਯਦ ਬਸੇ ਦਿਲੋ ਜਾਂ।
## ਬਿਬਖ਼ਸ਼ਦ ਖ਼ੁਦਾਵੰਦ ਬਰ ਵੈ ਅਮਾਂ ॥

(۹۸) کسے خدمت آید بسے دل وجاں ـ بہ بخشد خداوند بر وے اماں

| | |
|---|---|
| ਕਸੇ - ਜੋ ਕੋਈ | ਬਿਬਖਸ਼ਦ - ਬਖਸ਼ਦਾ ਹੈ ਦਿੰਦਾ ਹੈ |
| ਖਿਦਮਤ - ਸੇਵਾ | ਖ਼ੁਦਾਵੰਦ - ਮਾਲਿਕ, ਸੁਆਮੀ, ਵਾਹਿਗੁਰੂ |
| ਆਯਦ - ਆਵੇ | ਬਰ - ਉਤੇ, ਪਰ |
| ਬਸੇ - ਬਹੁਤ | ਵੈ - ਉਸਦੇ |
| ਦਿਲੋ ਜਾਂ - ਤਨ ਤੇ ਮਨ | ਅਮਾਂ - ਪਨਾਹ, ਰਖਸ਼ਾ |

### ਅਰਥ

ਜੋ ਕੋਈ ਤਨ ਮਨ ਕਰਕੇ ਉਸਦੀ ਸੇਵਾ ਵਿਖੇ ਆਵੇ, ਵਾਹਿਗੁਰੂ ਉਸਦੀ ਰਖਜ਼ਾ ਕਰਦਾ ਹੈ।

### ਭਾਵ

ਹੇ ਔਰੰਗਜ਼ੇਬ! ਜੋ ਕੋਈ ਤਨ ਮਨ ਕਰਕੇ ਸਚੇ ਦਿਲ ਨਾਲ ਉਸ ਵਾਹਿਗੁਰੂ ਦੀ ਸੇਵਾ ਅਰਥਾਤ ਬੰਦਗੀ ਕਰਦਾ ਹੈ ਵਾਹਿਗੁਰੂ ਉਸਦੀ ਆਪ ਸਹਾਇਤਾ ਕਰਕੇ ਉਸਦੀ ਰਖਜ਼ਾ ਕਰਦਾ ਹੈ ਜਿਸ ਪ੍ਰਕਾਰ ਕਿ ਅਕਾਲ ਪੁਰਖ ਨੇ ਤੇਰੇ ਲਸ਼ਕਰ ਕੋਲੋਂ ਸਾਡੀ ਰਖ਼ਜ਼ਾ ਕੀਤੀ ।

## (੯੯) ਚਿ ਦੁਸ਼ਮਨ ਅਜ਼ਾਂ ਹੀਲਹ ਸਾਜ਼ੀ ਕੁਨਦ ।
## ਕਿ ਬਰ ਵੈ ਖ਼ੁਦਾ, ਰਹਿਮਸਾਜ਼ੀ ਕੁਨਦ ॥

(۹۹) چہ دشمن ازاں حیلہ سازی کند ۔ کہ بر وے خدا رحم سازی کند

| | |
|---|---|
| ਚਿ - ਕਿਆ | ਕਿ - ਜੋ |
| ਦੁਸ਼ਮਨ - ਵੈਰੀ, ਦੁਸ਼ਮਨ | ਬਰ - ਉਪਰ, ਉਤੇ |
| ਅਜ਼ਾਂ - ਉਸ ਨਾਲ | ਵੈ - ਉਸਦੇ |
| ਹੀਲਹ ਸਾਜ਼ੀ ਕੁਨਦ-ਧੋਖਾ ਕਰੇ | ਖ਼ੁਦਾ - ਵਾਹਿਗੁਰੂ |
| | ਰਹਿਮਸਾਜ਼ੀ - ਕ੍ਰਿਪਾ ਕਰਨਾ, ਦਯਾ ਕਰਨੀ |
| | ਕੁਨਦ - ਕਰੇ |

### ਅਰਥ

ਵੈਰੀ ਉਸ ਨਾਲ ਕੀ ਧੋਖਾ ਕਰੇ ਜੇ ਵਾਹਿਗੁਰੂ ਉਸ ਪਰ ਕ੍ਰਿਪਾ ਕਰੇ ॥

### ਭਾਵ

ਹੇ ਔਰੰਗਜ਼ੇਬ ! ਜਿਸ ਪਰ ਅਕਾਲ ਪੁਰਖ ਖੁਸ਼ ਹੈ ਉਸ ਨਾਲ ਕੋਈ ਵੈਰੀ ਕੀ ਧੋਖਾ ਕਰ ਸਕਦਾ ਹੈ ਅਰਥਾਤ ਜੇ ਓਹ ਉਸ ਨਾਲ ਧੋਖਾ ਕਰੇ ਤਾਂ ਉਸਦਾ ਧੋਖਾ ਚਲ ਨਹੀਂ ਸਕਦਾ, ਜਿਸ ਪ੍ਰਕਾਰ ਕਿ ਤੇਰੇ ਅਮੀਰਾਂ ਵਜ਼ੀਰਾਂ ਨੇ ਸਾਡੇ ਪਕੜਨੇ ਤੇ ਮਾਰਨ ਲਈ ਅਨੇਕ ਪ੍ਰਕਾਰ ਦੇ ਧੋਖੇ ਕੀਤੇ ਪਰ ਉਸ ਵਾਹਿਗੁਰੂ ਦੀ ਕ੍ਰਿਪਾ ਦੇ ਕਾਰਣ ਅਸੀਂ ਉਨ੍ਹਾਂ ਸਭ ਧੋਖਿਆਂ ਤੋਂ ਬਚ ਗਏ ।

(੧੦੦) ਅਗਰ ਬਰ ਯਕ ਆਇਦ ਦਹੋ ਦਹ ਹਜ਼ਾਰ।
ਨਿਗਹਬਾਨ ਓਰਾ ਸ਼ਵਦ ਕਿਰਦਗਾਰ ॥

(۱۰۰) اگر بریک آید دہ ددہ ہزار — نگہبان اورا شود کردگار

ਅਗਰ = ਜੇ
ਬਰ = ਉਤੇ
ਯਕ = ਇਕ
ਆਇਦ = ਆਵੇ
ਦਹੋ ਦਹ ਹਜ਼ਾਰ = ੧੦×੧੦×੧੦੦੦= ੧੦੦੦੦੦ ਲਖ

ਨਿਗਹਬਾਨ = ਨਿਗਾ ਰਖਣ ਵਾਲਾ, ਰਾਖਾ
ਓਰਾ = ਉਸਦਾ
ਸ਼ਵਦ = ਹੁੰਦਾ ਹੈ
ਕਿਰਦਗਾਰ = ਕਰਤਾਰ, ਵਾਹਿਗੁਰੂ

## ਅਰਥ

ਜੇ ਇਕ ਦੇ ਉਪਰ ਲਖਾਂ (ਵੈਰੀ) ਚੜਕੇ ਆਉਣ, ਪਰ ਅਕਾਲ ਪੁਰਖ ਉਸਦਾ ਰਾਖਾ ਹੁੰਦਾ ਹੈ।

## ਭਾਵ

ਹੇ ਔਰੰਗਜ਼ੇਬ ! ਜੇ ਉਸ ਇਕ ਆਦਮੀ ਪਰ ਜਿਸਤੇ ਕਿ ਵਾਹਿਗੁਰੂ ਪ੍ਰਸੰਨ ਹੈ ਇਕ ਲਖ ਵੈਰੀ ਭੀ ਚੜ ਆਵੇ ਤਾਂ ਉਸਦਾ ਬਾਲ ਬਿੰਗਾ ਨਹੀਂ ਹੋ ਸਕਦਾ ਕਿਉਂ ਜੋ ਅਕਾਲ ਪੁਰਖ ਆਪ ਉਸਦੀ ਰਛਾ ਕਰਦਾਹੈ ਅਰਥਾਤ ਓਹ ਲਖਾਂ ਆਦਮੀ ਉਸਦਾ ਕੁਝ ਬਗਾੜ ਨਹੀ ਸਕਦੇ ਜਿਸ ਪ੍ਰਕਾਰ ਕਿ ਤੇਰੀ ਦਸ ਲਖ ਸੈਨਾ ਸਾਡਾ ਕੁਛ ਨ ਕਰ ਸਕੀ।

(੧੦੧) ਤੁਰਾ ਗਰ ਨਜ਼ਰ ਹਸਤ ਬਰ ਫ਼ੌਜੋ ਜ਼ਰ ।
ਕਿ ਮਾਰਾ ਨਿਗਾਹਸਤ ਯਜ਼ਦਾਂ ਨਿਗਰ ॥

(۱۰۱) ترا گر نظر ہست بر فوج و زر ـــ کہ مارا نگاہ ہست یزداں نگر

ਤੁਰਾ = ਤੇਰੀ
ਗਰ = ਜੇ, ਅਗਰ
ਨਜ਼ਰ = ਦ੍ਰਿਸ਼ਟੀ, ਨਿਗਾਹ
ਹਸਤ = ਹੈ
ਬਰ = ਉਤੇ, ਪਰ
ਫੌਜ = ਸੈਨਾ
ਓ = ਵ , ਅਤੇ
ਜ਼ਰ = ਧਨ, ਦੌਲਤ

ਕਿ = ਜੋ
ਮਾਰਾ = ਸਾਡੀ, ਹਮਾਰੀ,
ਨਿਗਾਹ = ਦ੍ਰਿਸ਼ਟੀ, ਨਜ਼ਰ
(ਅ) ਸਤ = ਹੈ
ਯਜ਼ਦਾਂ = ਵਾਹਿਗੁਰੂ, ਖ਼ੁਦਾ ਅਕਾਲ ਪੁਰਖ
ਨਿਗਰ = ਦੇਖਣ ਵਾਲਾ

## ਅਰਥ

ਜੇ ਤੇਰੀ ਦ੍ਰਿਸ਼ਟੀ ਸੈਨਾਂ ਤੇ ਧਨ ਪਰ ਹੈ, ਤਾਂ ਸਾਡੀ ਦ੍ਰਿਸ਼ਟੀ ਵੇਖਣ ਵਾਲੇ ਅਕਾਲ ਪੁਰਖ ਪਰ ਹੈ ।

## ਭਾਵ

ਹੇ ਔਰੰਗਜ਼ੇਬ ! ਜੇ ਤੂੰ ਆਪਣੇ ਲਸ਼ਕਰ ਅਤੇ ਧਨ ਪਦਾ-ਰਥ ਨੂੰ ਦੇਖਕੇ ਮਾਨ ਕਰਦਾ ਹੈਂ ਤੇ ਹੋਰ ਕਿਸੇ ਨੂੰ ਦ੍ਰਿਸ਼ਟੀ ਤਲੇ ਨਹੀਂ ਲਿਆਉਂਦਾ ਤਾਂ ਕੋਈ ਬਾਤ ਨਹੀਂ ਸਾਡੀ ਦ੍ਰਿਸ਼ਟੀ ਭੀ ਅਕਾਲ ਪੁਰਖ ਦੀ ਕ੍ਰਿਪਾ ਪਰ ਹੈ ਜਿਸ ਦੇ ਦਰਬਾਰ ਵਿਖ ਤੇਰੇ ਵਰਗੇ ਕਿਤਨੇ ਹੀ ਬਾਦਸ਼ਾਹ ਖੜੇ ਹਨ, ਜੋ ਇਕ ਪਲ ਵਿਖੇ ਅਮੀਰ ਨੂੰ ਗਰੀਬ ਤੇ ਗਰੀਬ ਨੂੰ ਅਮੀਰ ਬਣਾ ਸਕਦਾ ਹੈ ਇਸ ਲਈ ਉਸ ਵਾਹਿਗੁਰੂ ਦੀ ਦ੍ਰਿਸ਼ਟੀ ਨਾਲੋਂ ਤੇਰੇ ਲਸ਼ਕਰ ਵ ਧਨ ਵਿਖੇ ਕੋਈ ਵਿਸ਼ੇਸ਼ ਸ਼ਕਤੀ ਨਹੀਂ ਹੈ ॥

## (੧੦੨) ਕਿ ਓਰਾ ਗ਼ਰੂਰ ਅਸਤ ਬਰ ਮੁਲਕੋ ਮਾਲ॥
## ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ ॥

(۱۰۲) کہ اورا غرور است بر ملک و مال ـ و مارا پناہ ہست یزداں اکال

ਕਿ = ਜੋ
ਓਰਾ = ਉਸਦਾ
ਗ਼ਰੂਰ = ਹੰਕਾਰ, ਮਾਨ
ਅਸਤ = ਹੈ
ਬਰ = ਉਤੇ
ਮੁਲਕੋ = ਮੁਲਕ–ਵ, ਦੇਸ–ਅਤੇ
ਮਾਲ = ਧਨ, ਦੌਲਤ

ਵ = ਅਤੇ
ਮਾਰਾ = ਸਾਡਾ
ਪਨਾਹ = ਰਖਯਾ, ਆਸਰਾ
ਅਸਤ = ਹੈ
ਯਜ਼ਦਾਂ = ਵਾਹਿਗੁਰੂ
ਅਕਾਲ–ਜੋ ਕਦੇ ਨਾਂ ਮਰੇ, ਅਮਰ

### ਅਰਥ

ਜੇ ਉਸਨੂੰ (ਭਾਵ ਤੈਨੂੰ) ਮੁਲਕ ਅਤੇ ਧਨ ਦਾ ਹੰਕਾਰ ਹੈ ਤਾਂ ਸਾਡਾ ਆਸਰਾ ਅਕਾਲ ਪੁਰਖ ਵਾਹਿਗੁਰੂ ਹੈ।

### ਭਾਵ

ਹੇ ਔਰੰਗਜ਼ੇਬ! ਜੇ ਤੂੰ ਆਪਣੇ ਦੇਸ਼ ਅਤੇ ਪਦਾਰਥ ਦਾ ਹੰਕਾਰ ਕਰਦਾ ਹੈਂ ਕਿ ਮੇਰੀ ਸਲਤਨਤ ਇਤਨੀ ਬੜੀ ਹੈ ਅਤੇ ਮੇਰੇ ਖਜ਼ਾਨੇ ਧਨ ਨਾਲ ਭਰੇ ਪਏ ਹਨ ਮੈਨੂੰ ਕੋਈ ਕੁਛ ਨੁਕਸਾਨ ਨਹੀਂ ਪੌਂਹਚਾ ਸਕਦਾ ਤਾਂ ਸਾਡਾ ਭੀ ਆਸਰਾ ਉਸ ਅਕਾਲ ਪੁਰਖ ਵਾਹਿਗੁਰੂ ਦਾ ਹੈ ਜਿਸਦੀ ਕ੍ਰਿਪਾ ਨਾਲ ਖਾਲਸੇ ਨੂੰ ਭੀ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ।

## (੧੦੩) ਤੁ ਗ਼ਾਫਲ ਮਸ਼ੋ ਜ਼ੀਂ ਸਿਪੰਜੀ ਸਰਾਯ।
## ਕਿ ਆਲਮ ਬਗੁਜ਼ਰਦ ਸਰੇ ਜਾ ਬਜਾਯ॥

(۱۰۳) تو غافل مشو زیں سپنجی سرائے ۔ کہ عالم بگذرد سر جابجائے

ਤੁ = ਤੂੰ
ਗਾਫਲ = ਨਚਿੰਤ, ਬੇਫਿਕਰ
ਮਸ਼ੋ ਨਾਂ ਹੋ,
ਜ਼ੀ=(ਜ਼–ਈਂ ) ਇਸਤੋਂ
ਸਿਪੰਜੀ=(ਸਿ–ਪੰਜੀ)
ਤਿਨ ਪੰਜ = $\frac{੮}{੨}$ = ੪ ਭਾਵ
ਚਾਰ ਦਿਨ ਦੀ, ਥੋੜੇ ਦਿਨ ਦੀ
ਸਰਾਯ= ਸਰਾਂ, ਓਹ ਅਸਥਾਨ
ਯਾ ਧਰਮਸਾਲਾ ਜਿਥੇ ਆਕੇ
ਰਾਹੀ ਠਹਿਰਦੇ ਹਨ

ਕਿ= ਜੋ
ਆਲਮ = ਸੰਸਾਰ
ਬਗੁਜ਼ਰਦ = ਗੁਜ਼ਰਦਾ ਹੈ,
ਲੰਘਦਾ ਹੈ, ਮਰਦਾ ਹੈ
ਸਰੇ = ਸਿਰ
ਜਾ ਬਜਾਯ = ਥਾਓਂ ਥਾਈਂ

### ਅਰਥ

ਇਸ ਤਿੰਨ ਚਾਰ ਦਿਨ ਦੀ ਸਰਾਂ ਵਿਖੇ ਤੂੰ ਨਚਿੰਤ ਨਾ ਹੋ, ਕਿ ਸੰਸਾਰ ਥਾਂਓਂ ਥਾਈਂ ਸਿਰ ਚਲਿਆ ਜਾ ਰਿਹਾ ਹੈ।

### ਭਾਵ

ਹੇ ਔਰੰਗਜ਼ੇਬ! ਤੂੰ ਇਸ ਸੰਸਾਰ ਰੂਪੀ ਸਰਾਂ ਵਿਖੇ ਆਕੇ ਨਚਿੰਤ ਨਾ ਹੋ ਕਿਉਂ ਜੋ ਸਾਡਾ ਇਸ ਥਾਓਂ ਆਉਣਾਂ ਸਰਾਂ ਦੇ ਯਾਤ੍ਰੀਆਂ ਦੀ ਭਾਂਤ ਹੈ, ਯਾਤ੍ਰੀ ਸਰਾਂ ਵਿਖੇ ਦੋ ਤਿੰਨ ਦਿਨ ਹੀ ਠਹਿਰਦਾ ਹੈ ਫਿਰ ਚਲਿਆ ਜਾਂਦਾ ਹੈ। ਸੋ ਇਸੀ ਪ੍ਰਕਾਰ ਤੈਨੇਂ ਭੀ ਐਥੋਂ ਚਲਣਾ ਹੋਵੇਗਾ, ਤੇ ਥਾਓਂ ਥਾਈਂ ਚਲੋ ਚਲੀ ਹੋ ਰਹੀ ਹੈ ਸੰਸਾਰ ਵਿਖੇ ਤੇਤੋਂ ਬੜੇ ਬੜੇ ਆਏ ਪਰ ਕੋਈ ਇਥੇ ਰੈਹਣਾਂ ਨਹੀਂ ਪਾਇਆ, ਸਭ ਆਪਣੀ ਆਪਣੀ ਬਾਰੀ ਸਿਰ ਚਲਦੇ ਹੋਏ।

## (੧੦੪) ਕੁਜਾ ਸ਼ਾਹ ਕੈ ਖ਼ੁਸਰਵੋ ਜਾਮੇ ਜਮ ।
## ਕੁਜਾ ਸ਼ਾਹ ਆਦਮ ਮੁਹੰਮਦ ਖ਼ਤਮ ॥

(۱۰۴) کجا شاہ کیخسرو و جام جم — کجا شاہ آدم محمدؐ ختم

ਕੁਜਾ = ਕਿਥੇ

ਸ਼ਾਹ = ਬਾਦਸ਼ਾਹ

ਕੈਖ਼ੁਸਰੋ= ਈਰਾਨ (ਫਾਰਸ) ਦਾ ਪ੍ਰਸਿੱਧ ਬਾਦਸ਼ਾਹ ਸੀ, ਜੋ ਕੈਕਾਊਸ ਦੇ ਪਿਛੋਂ ਤਖਤ ਉਤੇ ਬੈਠਿਆ, ਇਸਨੇ ਬਾਦਸ਼ਾਹ ਹੋਕੇ ਤੂਰਾਨ ਦੇ ਬਾਦਸ਼ਾਹ ਅਫਰਾ ਸਿਆਬ ਪਰ ਫਤੇ ਪ੍ਰਾਪਤ ਕੀਤੀ ਤੇ ਅਫਰਾਸਿਆਬ ਮਾਰਿਆ ਗਿਆ, ਈਰਾਨ ਦੇ ਕਿਆਨੀ ਬਾਦਸ਼ਾਹਾਂ ਵਿਚੋਂ ਸਭ ਤੋਂ ਪ੍ਰਸਿੱਧ ਬਾਦਸ਼ਾਹ ਸੀ ।

ਜਾਮ = ਪਿਆਲਾ ਭਾਵ ਜਮਸ਼ੈਦ ਫਾਰਸ ਵਿਖੇ ਇਕ ਬਾਦਸ਼ਾਹ ਹੋਇਆ ਹੈ ਜਿਸਨੇ ਇਕ ਪਿਆਲਾ ਬਣਾਯਾ ਸੀ ਜਿਸਤੋਂ ਸਾਰੇ ਸੰਸਾਰ ਦੀ ਸੈਲ ਘਰ ਬੈਠੇ ਹੋ ਸਕਦੀ ਸੀ ਤੇ ਆਉਣ ਵਾਲੇ ਸਮਯ ਦੀ ਸਭ ਘਟਨਾ ਦਾ ਪਤਾ ਲਗਸਕਦਾ ਸੀ ।

ਕੁਜਾ = ਕਿਥੇ

ਸ਼ਾਹ = ਬਾਦਸ਼ਾਹ

ਆਦਮ = ਆਦਮ, ਮੁਸਲਮਾਨਾਂ ਤੇ ਕ੍ਰਿਸ਼ਟਾਨਾਂ ਦਾ ਖਿਆਲ ਹੈ ਕਿ ਸੰਸਾਰ ਵਿਖੇ ਸਭ ਤੋਂ ਪਹਿਲਾਂ ਖ਼ੁਦਾ ਨੇ ਆਦਮ ਨੂੰ ਉਤਪਨ ਕੀਤਾ ।

ਮੁਹੰਮਦ = ਮੁਹੰਮਦ ਸਾਹਿਬ ਮੁਸਲਮਾਨਾਂ ਦੇ ਪੈਗੰਬਰ ਦਾ ਨਾਉਂ ਹੈ ।

ਇਹ ਅਰਬ ਦੇਸ ਵਿਖੇ ਕੁਰੇਸ਼ ਵੰਸ਼ ਵਿਚ ਉਤਪੰਨ ਹੋਏ ਇਨਾਂ ਦੇ ਪਿਤਾ ਦਾ ਨਾਂਉ ਅਬਦੁਲਾ ਤੇ ਮਾਤਾ ਦਾ ਨਾਂਉ ਅਮੀਨਾ ਸੀ ੪੦ ਬਰਸ ਦੀ ਆਯੂ ਵਿਚ ਪੈਗੰਬਰ ਬਣਕੇ ਮੁਸਲਮਾਂਨੀ ਮਤ ਦਾ ਪ੍ਰਚਾਰ ਕੀਤਾ ਤੇ ੨੩ ਬਰਸ ਪਿਛੋਂ ੬੩ ਬਰਸ ਦੀ ਆਯੂ ਭੋਗਕੇ ਮਦੀਨੇ ਵਿਖੇ ਗੁਜਰ ਗਏ ।

ਜਮ = ਜਮਸ਼ੈਦ ਬਾਦਸ਼ਾਹ ਦਾ ਸੰਛੇਪ ਨਾਂਉ ਹੈ ਇਹ ਫਾਰਸ ਦਾ ਬਾਦਸ਼ਾਹ ਸੀ।

ਖ਼ਤਮ = ਅੰਤ ਦਾ, ਮੁਸਲਮਾਨਾਂ ਦਾ ਖਿਆਲ ਹੈ ਕਿ ਮੁਹੰ-ਮਦ ਸਾਹਿਬ ਅੰਤ ਦੇ ਪੈਗੰਬਰ ਹੋਏ ਹਨ, ਇਨਾਂ ਦੇ ਪਿਛੋਂ ਹੋਰ ਕੋਈ ਪੈਗੰਬ੍ਰਾਂ ਨਹੀਂ ਹੋਵੇਗਾ।

## ਅਰਥ

ਬਾਦਸ਼ਾਹ ਕੈ ਖੁਸਰੋ ਤੇ ਪਿਆਲੇ ਵਾਲਾ ਜਮਸ਼ੈਦ ਬਾਦਸ਼ਾਹ ਕਿਥੇ ਹੈ ? (ਹਜ਼ਰਤ) ਆਦਮ ਤੇ ਮੁਹੰਮਦ (ਸਾਹਿਬ) ਆਖਰੀ (ਪੈਗੰਬਰ) ਕਿਥੇ ਹਨ ?

## ਭਾਵ

ਹੇ ਔਰੰਗਜ਼ੇਬ ! ਦੇਖ ਤੇਤੋਂ ਬੜੇ ੨ ਬਾਦਸ਼ਾਹ ਕੈ ਖੁਸਰੋ ਤੇ ਜਮਸ਼ੈਦ ਵਰਗੇ ਕਿੱਥੇ ਚਲੇ ਗਏ ਤੇ ਹਜ਼ਰਤ ਆਦਮ ਤੋਂ ਲੈਕੇ ਮੁਹੰਮਦ ਸਾਹਿਬ ਤਕ ਭੀ ਇਥੇ ਕੋਈ ਨਾਂ ਰਿਹਾ ਜਿਨਾਂ ਨੂੰ ਕਿ ਤੁਸੀਂ ਪੈਗੰਬਰ ਮੰਨਦੇ ਹੋ ਫੇਰ ਤੂੰ ਕਹੁ ਕਿ ਤੂੰ ਇਥੇ ਕਿਸ ਪ੍ਰਕਾਰ ਰਹਿ ਸਕਦਾ ਹੈਂ।

## (੧੦੫) ਫਰੇਦੂੰ ਕੁਜਾ ਬਹਮਨ ਇਸਫੰਦ ਯਾਰ।
## ਨ ਦਾਰਾਬ ਦਾਰਾ ਦਰਾਮਦ ਸ਼ੁਮਾਰ॥

(۱۰۵) فریدوں کجا بہمن اسفندیار — نہ داراب دارا درآمد شمار

ਫਰੇਦੂ = ਫਾਰਸ ਦਾ ਇਕ ਬੜਾ ਪ੍ਰਸਿਧ ਬਾਦਸ਼ਾਹ ਸੀ ਜਿਸਨੇ ਕਿ ਜ਼ੁਹਾਕ ਬਾਦਸ਼ਾਹੰ ਨੂੰ ਹਾਰ ਦਿਤੀ॥

ਕੁਜਾ = ਕਿਥੇ ਹੈ।

ਬਹਮਨ = ਅਸਫੰਦ ਯਾਰ ਦਾ ਪੁਤ੍ਰ ਸੀ ਜੋ ਇਕ ਬੜਾ ਸੂਰਮਾ ਬਾਦਸ਼ਾਹ ਹੋਇਆ ਹੈ।

ਇਸਫੰਦਯਾਰ= ਏਹ ਗੁਸ਼ਤਾਸਪ ਦਾ ਪੁਤ੍ਰ ਅਤਯੰਤ ਬਹਾਦੁਰ ਪੈਹਲਵਾਨ ਸੀ ਜੋ ਯੁਧ ਵਿਖੇ ਰੁਸਤਮਦੇ ਹਥੋਂ ਮਾਰਿਆਗਿਆ

ਨ = ਨਹੀਂ।

ਦਾਰਾਬ= ਬਹਮਨ ਬਾਦਸ਼ਾਹ ਦੀ ਪੁਤ੍ਰੀ ਸ਼ਹਿਜਾਦੀ ਹੁਮਾਂ ਦਾ ਪੁਤ੍ਰ ਸੀ। *

ਦਾਰਾ = ਫਾਰਸ ਦਾ ਬਾਦਸ਼ਾਹ ਜੋ ਫੈਲਕੁਸ ਤੋ ਖਿਰਾਜ ਲੈਂਦਾ ਸੀ, ਜਿਸਨੂੰ ਸਕੰਦ੍ਰ ਆਜ਼ਮ ਨੇ ਫਤੇ ਕੀਤਾ ਤੇ ਔਰੰਗਜ਼ੇਬ ਦਾ ਬੜਾ ਭਾਈ ਭੀ ਸੀ।

ਦਰਾਮਦ = ਦਰ-ਆਮਦ, ਅੰਦਰ ਆਉਂਦੇ ਹਨ।

ਸ਼ੁਮਾਰ = ਗਿਣਤੀ।

ਅਰਥ—ਫਰੇਦੂੰ, ਬਹਮਨ ਅਤੇ ਅਸਫੰਦਯਾਰ ਕਿਥੇ ਹਨ ?। ਦਾਰਾਬ ਤੇ ਦਾਰਾ ਆਦਿਕ ਗਿਣਤੀ ਵਿਖੇ ਨਹੀ ਆਉਂਦੇ। :

ਭਾਵ—ਹੇ ਔਰੰਗਜ਼ੇਬ! ਦੇਖ ਫਰੇਦੂੰ, ਬਹਮਨ ਤੇ ਅਸਫੰਦਯਾਰ ਜੈਸੇ ਬਾਦਸ਼ਾਹ ਜੋ ਆਪਣੀ ਬਾਦਸ਼ਾਹੀ ਤੇ ਸਲਤਨਤ ਦਾ ਬੜਾ ਮਾਨ ਕਰਦੇ ਸਨ ਮਰ ਗਏ, ਦਾਰਾਬ ਤੇ ਦਾਰਾ ਜੈਸੇ ਤਾਂ ਅਨੇਕਾਂ ਹੀ ਪਾਤਸ਼ਾਹ ਹੋ ਚੁਕੇ ਹਨ ਜੇਹੜੇ ਕਿਸੇ ਗਿਨਤੀ ਵਿਖੇ ਹੀ ਨਹੀ।

---

* ਜੋ ਕੁਆਰਾ ਤੋ ਉਤਪਤ ਹੋਣਦੇ ਕਾਰਣ ਪਹਿਲਾਂ ਸ਼ਾਹਜਾਦੀ ਨੇ ਸੰਦੂਕ ਵਿਚ ਬੰਦ ਕਰਕੇ ਦਰਿਆ ਵਿਖੇ ਰੋੜ੍ਹਿਆ, ਜਿਥੋਂ ਇਕ ਧੋਬੀ ਨੇ ਇਸ ਦੀ ਜਾਨ ਬਚਾਈ ਤੇ ਪਾਲਿਆ ਪਰ ਫੇਰ ਹੁਮਾਂ ਸ਼ਹਿਜਾਦੀ ਨੇ ਇਸ ਨੂੰ ਲੈਕੇ ਆਪਣਾ ਪੁਤ੍ਰ ਕੀਤਾ ਤੇ ਏਹ ਰੂਮ ਦੇ ਤਖਤ ਪਰ ਬੈਠਾ, ਦਰਿਆ ਵਿਚੋਂ ਕਢਣ ਦੇ ਕਾਰਣ ਇਸਦਾ ਨਾਉਂ ਦਾਰਾਬ ਸੀ ਤੇ ਬੜਾਪ੍ਰਸਿੱਧ ਬਾਦਸ਼ਾਹ ਹੋਇਆਹੈ।

**(੧੦੬) ਕੁਜਾ ਸ਼ਾਹ ਅਸਕੰਦਰੋ ਸ਼ੇਰ ਸ਼ਾਹ।**
**ਕਿ ਯਕ ਹਮ ਨ ਮਾਂਦ ਅਸਤ ਜ਼ਿੰਦਹ ਬਜਾਹ॥**

(۱۰۹) کجا شاہِ اسکندر و شیر شاہ — کہ یک ہم نماند است زندہ بجاہ

ਕੁਜਾ = ਕਿਥੇ ਹੈ
ਸ਼ਾਹ = ਬਾਦਸ਼ਾਹ
ਅਸਕੰਦਰ = ਸਕੰਦਰ ਆਜ਼ਮ ਜੋ ਮਕਦੂਨੀਆਂ (ਯੂਨਾਨ) ਦਾ ਬਾਦਸ਼ਾਹ ਸੀ, ਕਹਿੰਦੇ ਹਨ ਕਿ ਇਸਨੇ ਸਾਰੇ ਸੰਸਾਰ ਨੂੰ ਫਤੇ ਕੀਤਾ, ਬੜਾ ਪ੍ਰਤਾਪੀ ਬਾਦਸ਼ਾਹ ਹੋਇਆ ਹੈ। ਇਸਨੇ ਸਮੁੰਦ੍ਰ ਵਿਚ ਇਕ ਪੁਤਲੀ ਖੜੀ ਕੀਤੀ ਜਿਥੇ ਜਹਾਜ ਡੁਬਦੇ ਸਨ।

ਕਿ = ਜੋ
ਯਕ = ਇਕ
ਹਮ = ਭੀ
ਨ = ਨਹੀਂ
ਮਾਂਦ = ਰਿਹਾ
ਅਸਤ = ਹੈ
ਜ਼ਿੰਦਹ = ਜੀਉਂਦਾ
ਬਜਾਹ = ਜਗਾ ਪਰ, ਸੰਸਾਰ ਯਾ, ਬ-ਜਾਹ = ਸਾਬ-ਦਰਜੇ ਪਰ

ਸ਼ੇਰਸ਼ਾਹ = ਏਹ ਸੂਰੀ ਖਾਨਦਾਨ ਦਾ ਬਾਦਸ਼ਾਹ ਹੋਇਆ ਹੈ ਜਿਸ ਨੇ ਹਮਾਯੂੰ ਨੂੰ ਭਜਾਕੇ ਹਿੰਦੁਸਤਾਨ ਦਾ ਰਾਜ ਲਿਆ।

**ਅਰਥ**--ਸਕੰਦਰ ਬਾਦਸ਼ਾਹ ਤੇ ਸ਼ੇਰਸ਼ਾਹ ਕਿਥੇ ਹਨ ? ਸੰਸਾਰ ਵਿਖੇ ਇਕ ਭੀ ਜੀਉਂਦਾ ਨਾ ਰਿਹਾ।

ਭਾਵ–ਹੇ ਔਰੰਗਜ਼ੇਬ ! ਦੇਖ ਸੰਸਾਰ ਵਿਖੇ ਸਕੰਦਰ ਬਾਦਸ਼ਾਹ ਭੀ ਨਾ ਰਿਹਾ ਜਿਸਤੋਂ ਸਾਰੀ ਦੁਨੀਆਂ ਭੈ ਖਾਂਦੀ ਸੀ . ਜਿਸਦੀ ਪ੍ਰਸੰਸਾ ਵਿਖੇ ਸਕੰਦਰ ਨਾਮੇ ਜਹੀਆਂ ਕਿਤਾਬਾਂ ਭਰੀਆਂ ਪਈਆਂ ਹਨ ਤੇ ਸ਼ੇਰਸ਼ਾਹ ਸੂਰੀ ਕਿੱਥੇ ਹੈ ਜਿਸਨੇ ਤੇਰੇ ਦਾਦੇ ਦੇ ਦਾਦੇ ਹਮਾਯੂੰ ਨੂੰ ਹਿੰਦੁਸਤਾਨ ਵਿਚੋਂ ਕੱਢ ਦਿਤਾ ਸੀ, ਗੱਲ ਕੀ ਸੰਸਾਰ ਵਿਖੇ ਇਕ ਭੀ ਸਥਿਰ ਨਹੀਂ ਹੈ ਫੇਰ ਤੂੰ ਕੋਹੜੀ ਬਾਤ ਤੇ ਆਪਣੇ ਆਪਨੂੰ ਅਮਰ ਮੰਨਕੇ ਜ਼ੁਲਮ ਕਰ ਰਿਹਾ ਹੈਂ।

## (੧੦੭) ਕੁਜਾ ਸ਼ਾਹ ਤੈਮੂਰ ਬਾਬਰ ਕੁਜਾਸਤ।
## ਹਮਾਯੂੰ ਕੁਜਾ ਸ਼ਾਹ ਅਕਬਰ ਕੁਜਾਸਤ॥

(۱۰۷) کجا شاہ تیمور بابر کجاست — ہمایوں کجا شاہ اکبر کجاست

ਕੁਜਾ = ਕਿਥ

ਸ਼ਾਹ = ਬਾਦਸ਼ਾਹ

ਤੈਮੂਰ = ਗੋਰਗਾਨ ਦਾ ਬਾਦ-ਸ਼ਾਹ ਸੀ ਜਿਸਤੋਂ ਮੁਗਲਾਂ ਦਾ ਵੰਸ ਚਲਿਆ ਤੇ ਜਿਸ ਵੰਸ ਵਿਖੇ ਔਰੰਗਜ਼ੇਬ ਹੋਇਆ ਹੈ, ਇਸਨੂੰ ਲੰਗੜਾ ਹੋਣ ਦੇ ਕਾਰਨ ਤਿਮਰ ਲਿੰਗ ਭੀ ਆਖਦੇ ਸਨ।

ਬਾਬਰ = ਬਾਬਰ ਬਾਦਸ਼ਾਹ

ਕੁਜਾ = ਕਿਥੇ

ਅਸਤ = ਹੈ

ਹਮਾਯੂੰ = ਬਾਬਰ ਬਾਦਸ਼ਾਹ ਦਾ ਪੁਤ੍ਰ ਸੀ ਜਿਸ ਨੂੰ ਸ਼ੇਰਸ਼ਾਹ ਨੇ ਨਸਾਯਾ ਸੀ ਫਰ ਫਾਰਸ ਦੇ ਬਾਦਸ਼ਾਹ ਦੀ ਮਦਦ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆਂ।

ਕੁਜਾ = ਕਿਥੇ। ਸ਼ਾਹ = ਬਾਦਸ਼ਾਹ

ਅਕਬਰ = ਹਮਾਯੂੰ ਦਾ ਪੁਤ੍ਰ ਸੀ ਜੋ ਹਿੰਦੁਸਤਾਨ ਵਿਚ ਮੁਗਲ ਬਾਦਸ਼ਾਹਾਂ ਵਿਖੇ ਸਭ ਤੋਂ ਅਛਾ ਮੰਨਿਆਂ ਜਾਂਦਾ ਹੈ।

ਕੁਜਾਸਤ = ਕੁਜਾ-ਅਸਤ = ਕਿਥੇ ਹੈ

**ਅਰਥ**—ਤੈਮੂਰ ਬਾਦਸ਼ਾਹ ਕਿਥੇ ਹੈ? ਬਾਬਰ ਕਿਥੇ ਹੈ? ਹਮਾਯੂੰ ਬਾਦਸ਼ਾਹ ਕਿਥੇ ਹੈ? ਅਕਬਰ ਕਿਥੇ ਹੈ?

**ਭਾਵ**—ਹੇ ਔਰੰਗਜ਼ੇਬ! ਦੇਖ ਤੈਮੂਰ ਬਾਦਸ਼ਾਹ ਜਿਸਤੋਂ ਕਿ ਤੁਹਾਡੀ ਨਸਲ ਚਲੀ ਕਿੱਥੇ ਹੈ ਤੇ ਬਾਬਰ ਬਾਦਸ਼ਾਹ ਜਿਸਨੇ ਹਿੰਦੁਸਤਾਨ ਨੂੰ ਫਤੇ ਕਰਕੇ ਤੁਹਾਡੀ ਸਲਤਨਤ ਇਸ ਦੇਸ ਵਿਖੇ ਕਾਇਮ ਕੀਤੀ ਕਿਥੇ ਹੈ ਹਮਾਯੂੰ ਬਾਦਸ਼ਾਹ ਜੋ ਤੇਰਾ ਬਜ਼ੁਰਗ ਸੀ ਕਿਥੇ ਗਿਆ' ਅਕਬਰ ਬਾਦਸ਼ਾਹ ਜਿਸਦੇ ਉਪਰ ਕਿ ਤੂੰ ਮਾਣ ਕਰਦਾ ਹੈਂ ਕਿਥੇ ਹੈ,—ਭਾਵ ਜਦ ਏਹੋ ਜਹੇ ਬਾਦਸ਼ਾਹ ਮਰ ਗਏ ਤਾਂ ਤੂੰ ਇਸ ਨਾਸ਼ਮਾਨ ਸੰਸਾਰ ਵਿਖੇ ਆਕੇ ਕਿਉਂ ਭੁਲਦਾ ਹੈਂ ਇਸ ਮੌਤ ਦੇ ਚੱਕ੍ਰ ਵਿਖੇ ਇਕ ਦਿਨ ਤੈਨੇਂ ਭੀ ਫਸਣਾ ਹੈ।

(੧੦੯) ਬੁਬੀਂ ਗਰਦਸ਼ੇ ਬੇ ਵਫਾਏ ਜ਼ਮਾਂ ।
ਕਿ ਬਗੁਜ਼ਸ਼ਤ ਬਰ ਹਰ ਮਕੀਨੋ ਮਕਾਂ॥

(۱۰۸) بہبیں گردش بیوفائے زماں ـ کہ بگذشت بر ہر مکین ومکاں

| | |
|---|---|
| ਬੁਬੀਂ = ਵੇਖ | ਕਿ = ਜੋ |
| ਗਰਦਸ਼ੇ = ਗਰਦਸ਼, ਚਕ੍ਰ, ਫੇਰ | ਬਗੁਜ਼ਸ਼ਤ = ਗੁਜਰਦੀ ਹੈ, ਬੀਤਦੀ ਹੈ। |
| ਬੇਵਫਾਏ = ਬੇਧਰਮ, ਅਕ੍ਰਿਤਘਨ | ਬਰ = ਉਤੇ |
| ਜ਼ਮਾਂ = ਸਮੇਂ ਦੀ | ਹਰ = ਇਕ ਇਕ |
| | ਮਕੀਨੋ = ਘਰ ਵਿਖੇ ਰਹਣਵਾਲਾ |
| | ਮਕਾਂ = ਅਸਥਾਨ, ਘਰ, ਮਕਾਨ |

## ਅਰਥ

ਬੇਵਫਾ ਸਮੇਂ ਦੇ ਚਕ੍ਰ ਨੂੰ ਦੇਖੋ, ਜੋ ਹਰ ਇਕ ਮਕਾਨ ਤੇ ਮਕਾਨ ਵਿਚ ਰਹਿਣ ਵਾਲੇ ਪਰ ਬੀਤਦਾ ਹੈ।

## ਭਾਵ

ਹੇ ਔਰੰਗਜ਼ੇਬ! ਤੈਨੇ ਉੱਪਰਲੇ ਉਦਾਹਰਣਾਂ ਤੋਂ ਵੇਖਲਿਆ ਹੋਣਾ ਹੈ ਕਿ ਸਮਾਂ ਕੇਹੋ ਜਿਹਾ ਬੇਵਫਾ, ਅਰਥਾਤ ਇਕ ਰਸ ਨਾਂ ਨਿਭਾਉਣ ਵਾਲਾ ਹੈ ਜੋ ਹਰਇਕ ਮਕਾਨ ਤੇ ਮਕਾਨ ਵਿਖੇ ਰੈਹਣ ਵਾਲੇ ਦਾ ਨਾਸ਼ ਕਰ ਦਿੰਦਾ ਹੈ ਇਸ ਲਈ ਯਕੀਨ ਰਖ ਕਿ ਇਸ ਚਾਰ ਦਿਨ ਦੀ ਸਰਾਂ ਵਿਖੇ ਤੂੰ ਸਦਾ ਨਹੀਂ ਰੈਹ ਸਕਦਾ ਜਦੋਂ ਕਿ ਤੇਰੇ ਬਜ਼ੁਰਗ ਤੇ ਉਨਾਂ ਤੋਂ ਭੀ ਬੜੇ ਬੜੇ ਬਾਦਸ਼ਾਹ ਇਸ ਅਸਾਰ ਸੰਸਾਰ ਪਰ ਕਾਇਮ ਨਾ ਰਹੇ ਫੇਰ ਸਮੇਂ ਦੇ ਚੱਕ੍ਰ ਤੋਂ ਤੂੰ ਅਰ ਤੇਰੀ ਸਲਤਨਤ ਕਿਸ ਪ੍ਰਕਾਰ ਬਚ ਸਕਦੀ ਹੈ ?

# (੧੦੯) ਤੁ ਗਰ ਜਬਰ ਆਜਜ਼ ਖਰਾਸ਼ੀ ਮਕੁਨ। ਕਸਮ ਰਾ ਬਤੇਸ਼ਹ ਤਰਾਸ਼ੀ ਮਕੁਨ ॥

(۱۰۹) تو گر جبر عاجز خراشی مکن ـــ قسم را به تیشه تراشی مکن

ਤੁ = ਤੂੰ
ਗਰ = ਜੇ
ਜ਼ਬਰ= ਜ਼ਬਰਦਸਤ, ਜ਼ੋਰਾਵਰ, ਸਮਰਥ
ਆਜਜ਼ = ਗ਼ਰੀਬ, ਅਨਾਥ
ਖਰਾਸੀ = ਛਿਲ੍ਹਣਾ, ਕਸ਼ਟ ਦੇਣਾਂ, ਦੁਖਦੇਣਾ।
ਮਕੁਨ = ਮਤਕਰ, ਨਾਂ ਦੇਹ

ਕਸਮ = ਸੌਂਹ, ਸਗੰਦ
ਰਾ = ਨੂੰ
ਬਤੇਸ਼ਹ = ਤੇਸੇ ਨਾਲ ਓਹ ਸੰਦਾਂ ਨਾਲ ਤਖਾਣ ਲੱਕੜਾਂ ਘੜਦੇ ਹਨ. ਬਹੋਲਾ।
ਤਰਾਸ਼ੀ = ਛਿਲਣਾਂ, ਕਟਣਾਂ
ਮਕੁਨ = ਮਤ ਕਰ, ਨਾਂ ਕਰ

## ਅਰਥ

ਜੇ ਤੂੰ ਜੋਰਾਵਰ ਹੈਂ ਤਾਂ ਅਨਾਥਾਂ ਨੂੰ ਦੁਖ ਨਾਂ ਦੇਹ ਤੇ ਸੌਂਹ ਨੂੰ ਬਹੋਲੇ ਨਾਲ ਨਾਂ ਛਿਲ।

## ਭਾਵ

ਹੇ ਔਰੰਗਜ਼ੇਬ! ਜੇ ਤੈਨੂੰ ਅਕਾਲਪੁਰਖ ਨੇ ਸਮਰਥਾ ਵਾਲਾ ਅਰਥਾਤ ਸ਼ਹਿਨਸ਼ਾਹ ਬਣਾਯਾ ਹੈ ਤਾਂ ਤੈਨੂੰ ਗਰੀਬਾਂ ਤੇ ਅਨਾਥਾਂ ਨੂੰ ਦੁਖ ਦੇਣਾਂ ਉਚਿਤ ਨਹੀਂ ਅਤੇ ਇਹ ਭੀ ਜੋਗ ਨਹੀਂ ਹੈ ਕਿ ਤੂੰ ਸੌਂਹ ਖਾਕੇ ਅਹਿਦਨਾਮੇਂ ਕਰੇਂ ਉਨ੍ਹਾਂ ਨੂੰ ਆਪਣੀ ਸਮਰਥਾ ਦੇ ਘਮੰਡ ਵਿਖੇ ਆਕੇ ਭੰਗ ਕਰ ਦੇਵੇਂ ਜਿਸ ਪਰਕਾਰ ਕਿ ਤੈਨੇਂ ਸਾਡੇ ਨਾਲ ਕੀਤਾ, ਜੋ ਕਿ ਇਕ ਸ਼ਹਨਸ਼ਾਹ ਨੂੰ ਯੋਗ ਨਹੀਂ ਹੈ।

(੧੧੦) ਚੁ ਹਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ।
ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ ॥

(۱۱۰) چو حق یار باشد چہ دشمن کند ۔ اگر دشمنی را بصد تن کند

| | |
|---|---|
| ਚੁ = ਜਦੋਂ, ਜਿਸ ਸਮੇ, | ਅਗਰ = ਜੇ |
| ਹਕ = ਸਤਜ, ਵਾਹਿਗੁਰੂ, ਖੁਦਾ | ਦੁਸ਼ਮਨੀ = ਵੈਰ ਭਾਵ |
| ਯਾਰ = ਮਿਤ੍ਰ | ਰਾ = ਨੂੰ |
| ਬਾਸ਼ਦ = ਹੋਵੇ | ਬਸਦ = ਬ–ਸਦ = ਨਾਲ ਸੌ |
| ਚਿ = ਕਿਆ | ਤਨ = ਸ਼ਰੀਰ |
| ਦੁਸ਼ਮਨ = ਵੈਰੀ | ਕੁਨਦ = ਕਰੇ |
| ਕੁਨਦ = ਕਰੇ | |

## ਅਰਥ

ਜਦੋਂ ਵਾਹਿਗੁਰੂ ਮਿਤ੍ਰ ਹੋਵੇ ( ਫੇਰ ) ਦੁਸ਼ਮਨ ਕੀ ਕਰ ਸਕਦਾ ਹੈ ? ਚਾਹੇ ਵੈਰ ਭਾਵ ਸੌ ਤਨ ਨਾਲ ਕਰੇ।

## ਭਾਵ

ਹੇ ਔਰੰਗਜ਼ੇਬ ! ਜੇ ਇਕ ਵਾਹਿਗੁਰੂ ਮਿਤ੍ਰ ਹੋਵੇ ਫੇਰ ਦੁਸ਼ਮਨ ਉਸਦਾ ਕੁਝ ਭੀ ਬਿਗਾੜ ਨਹੀ ਸਕਦਾ ਚਾਹੇ ਓਹ ਸੌ ਸ਼ਰੀਰ ਧਾਰਕੇ ਸੈਂਕੜੇ ਪ੍ਰਕਾਰ ਨਾਲ ਵੈਰ ਕਰੇ, ਜਿਸ ਪ੍ਰਕਾਰ ਕਿ ਤੈਨੇ ਅਤੇ ਤੇਰੇ ਸਰਦਾਰਾਂ ਨੇ ਸਾਡੇ ਨਾਲ ਅਨੇਕ ਪਰਕਾਰ ਦੇ ਧੋਖੇ ਤੇ ਫਰੇਬ ਕੀਤੇ ਪਰ ਅਕਾਲ ਪੁਰਖ ਦੀ ਕ੍ਰਿਪਾ ਨਾਲ ਤੁਸੀ ਸਾਡਾ ਕੁਝ ਭੀ ਵਿਗਾੜ ਨਾਂ ਸਕੇ ਅਤੇ ਨਾ ਅਗੇ ਨੂੰ ਕੁਝ ਵਿਗਾੜ ਸਕੋਗੇ, ਛੇ ਖ਼ਾਲਸਾ ਸਦਾ ਸੰਸਾਰ ਵਿਖੇ ਅਮਰ ਰਹੇਗਾ।

## (੧੧੧) ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ।
## ਨ ਯਕ ਮੂਇ ਓਰਾ ਅਜ਼ਾਰ ਆਵੁਰਦ ॥

(111) خصم دشمنی گر ہزار آورد — نہ یک موئے اورا ازار آورد

ਖਸਮ = ਦੁਸ਼ਮਨ, ਵੈਰੀ
ਦੁਸ਼ਮਨੀ = ਵੈਰ ਭਾਵ
ਗਰ = ਜੇ
ਹਜ਼ਾਰ = ਹਜ਼ਾਰਾਂ
ਆਵੁਰਦ = ਲਿਆਵੇ, ਕਰੇ

ਨ = ਨਹੀ
ਯਕ = ਇਕ
ਮੂਇ = ਬਾਲ, ਕੇਸ, ਰੋਮ
ਓਰਾ = ਉਸਨੂੰ
ਅਜ਼ਾਰ = ਕਸ਼ਟ, ਦੁਖ
ਆਵੁਰਦ ਲਿਆਵੇ, ਕਰੇ

### ਅਰਥ

( ਭਾਵੇਂ ) ਦੁਸ਼ਮਨ ਹਜਾਰਾਂ ਦੁਸ਼ਮਨੀਆਂ ਕਿਉਂ ਨਾ ਕਰੇ ( ਪਰ ) ਉਸਦਾ ਇਕ ਬਾਲ ਵਿੰਗਾ ਨਹੀਂ ਕਰ ਸਕਦਾ।

### ਭਾਵ

ਹੇ ਔਰੰਗਜ਼ੇਬ! ਜਿਸਦਾ ਅਕਾਲ ਪੁਰਖ ਮਿਤ੍ਰ ਹੋਵੇ ਉਸ ਨਾਲ ਵੈਰੀ ਚਾਹੇ ਹਜ਼ਾਰਾਂ ਹੀ ਭਾਂਤ ਦੀ ਦੁਸ਼ਮਨੀ ਤੇ ਵੈਰ ਭਾਵ ਕਰੇ ਪਰ ਉਸਦਾ ਵੈਰੀ ਇਕ ਵਾਲ ( ਰੋਮ ) ਵਿੰਗਾ ਨਹੀਂ ਕਰ ਸਕਦਾ ਹੈ-ਦੇਖ ਅਸੀ ਤੇਰੀ ੧੦ ਲਖ ਸੈਨਾ ਵਿਚੋਂ ਕਿਸ ਪ੍ਰਕਾਰ ਬਚਕੇ ਚਲੇ ਆਏ ਤੇ ਸਾਡਾ ਬਾਲ ਭੀ ਵਿੰਗਾ ਨਾਂ ਹੋਇਆ ਏਹ ਸਭ ਉਸ ਅਕਾਲ ਪੁਰਖ ਦੀ ਦਿਆ ਤੇ ਕ੍ਰਿਪਾ ਦਾ ਫਲ ਹੈ, ਇਸਲਈ ਤੇਰੇ ਸਾਡੇ ਮਾਰਨੇ ਯਾ ਪਕੜਨ ਦੇ ਯਤਨ ਕਰਨੇ ਨਿਸਫਲ ਹਨ, ਤੂੰ ਬਾਦਸ਼ਾਹ ਹੈਂ ਤੈਨੂੰ ਨਜਾਇ ਤੇ ਇਨਸਾਫ ਕਰਨਾ ਤੇ ਗਰੀਬਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ, ਬਾਦਸ਼ਾਹਾਂ ਨੂੰ ਚਾਹੀਦਾ ਹੈ ਕਿ ਧਰਮ ਦੇ ਕੰਮਾਂ ਵਿਖੇ ਸਹਾਇਤਾ ਦੇਣ ਨਾਂ ਕਿ ਉਲਟਾ ਧਰਮ ਪ੍ਰਚਾਰਕਾਂ ਨਾਲ ਦੁਸ਼ਮਨੀ ਪੈਦਾ ਕਰਲੇਣ, ਪਰ ਜੇ ਤੂੰ ਐਸਾ ਨਾ ਕਰੇਂਗਾਂ ਤਾਂ ਸਾਡਾ ਅਤੇ ਖਾਲਸੇ ਦਾ ਸਹਾਯਕ ਅਕਾਲ ਪੁਰਖ ਹੈ ॥ ਇਤ੍ਰੀ

# ਅੰਤਿਕਾ

ਹੁਣ ਏਹ ਦਸਣਾ ਭੀ ਅਵਸ਼ਕ ਹੈ ਕਿ ਇਸ ਜ਼ਫਰ ਨਾਮੇ ਦੇ ਸੁਣਨ ਪਿਛੋਂ ਔਰੰਗਜ਼ੇਬ ਆਲਮਗੀਰ ਸ਼ਹਿਨਸ਼ਾਹ ਹਿੰਦ ਦੇ ਦਿਲ ਪਰ ਕੀ ਅਸਰ ਹੋਯਾ। ਅਤੇ ਗੁਰੂ ਜੀ ਦੇ ਅਗਮ

ਵਾਕ:- "ਚਹਾ ਸ਼ੁਦ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਮਾਂਦਹ ਅਸਤ ਪੇਚੀਦਹ ਮਾਰ" ॥
(ਦੇਖੋ ਸ਼ੇਰ ਨੰ: ੭੮)

ਉਸ ਜ਼ਹਿਰੀ ਸੱਪ ਅਰਥਾਤ ਖਾਲਸਾ ਭੁਜੰਗੀਆਂ ਨੇ ਕਿਸ ਪ੍ਰਕਾਰ ਉਨਾ ਦੁਸਟਾਂ ਦੋਖੀਆਂ ਨੂੰ ਪਛਾੜਿਆ, ਜਿਨਾਂ ਤੋਂ ਉਨਾਂ ਦੇ ਜ਼ੁਲਮ ਦੇ ਕਾਰਣ ਸਾਰਾ ਭਾਰਤ ਵਰਸ਼ ਥਰ ਥਰ ਕੰਬਦਾ ਸੀ ਤੇ ਜਿਨ੍ਹਾਂ ਨੇ ਸ੍ਰੀ ਗੁਰੂ ਜੀ ਨਾਲ ਧਰਮ ਵਿਰੁਧਤਾ ਕੀਤੀ ਅਤੇ ਗੁਰੂ ਜੀ ਦੇ ਨਿਰਅਪਰਾਧ ਮਾਸੂਮ ਬਚਿਆਂ ਨੂੰ ਕੰਧਾਂ ਵਿਖੇ ਚਿਣ ਕੇ ਸ਼ਹੀਦ ਕੀਤਾ। ਅਰ ਅਸਮਾਨੀ ਤਲਵਾਰ ਨੇ ਕਿਸ ਤਰਾਂ ਖਾਨਦਾਨ ਮੁਗਲੀਆ ਦਾ ਖਾਤਮਾ ਕੀਤਾ।

ਕਈ ਸਿਖ ਇਤਹਾਸਕਾਰ ਤਾਂ ਏਹ ਲਿਖਦੇ ਹਨ ਕਿ ਬਾਦਸ਼ਾਹ ਔਰੰਗਜ਼ੇਬ ਇਸ 'ਜ਼ਫਰਨਾਮੇ' ਦੇ ਪੜ੍ਹਨ ਸਾਰ ਤਾਪ ਨਾਲ ਬੀਮਾਰ ਹੋਕੇ ਅੰਤਮ ਧਾਮ ਨੂੰ ਸਿਧਾਰ ਗਿਆ।

ਪਰ ਕਈ ਇਤਿਹਾਸ ਕਾਰਾਂ ਨੇ ਇਹ ਭੀ ਲਿਖਿਆ ਹੈ ਕਿ ਇਸ ਜ਼ਫਰਨਾਮੇ ਦੇ ਪੜਨ ਪਿਛੋਂ ਬਾਦਸ਼ਾਹ ਆਪਣੇ ਕੀਤੇ ਪਰ ਬਹੁਤ ਪਛਤਾਇਆ, ਤੇ ਪੰਜਾਬ ਦੇ ਸਾਰੇ ਹਾਕਮਾਂ ਵਲ ਸ਼ਾਹੀ ਫਰਮਾਨ ਜਾਰੀ ਕੀਤੇ, ਕਿ ਅਗੇ ਨੂੰ ਕੋਈ ਲੜਾਈ ਗੁਰੂ ਗੋਬਿੰਦ ਸਿੰਘ ਜੀ ਪਰ ਨਾ ਕੀਤੀ ਜਾਵੇ ਤੇ ਗੁਰੂ ਜੀ ਪਾਸ ਭੀ ਇਕ ਗੁਰਜਦਾਰ ਦੀ ਹਥੀਂ ਸ਼ਾਹੀ ਮੁਰਾਸਲਾ ਭੇਜਿਆ ਜਿਸ ਵਿਖੇ ਲਿਖਿਆ

ਸੀ ਕਿ ਆਪ ਜਿਥੇ ਚਾਹੋ ਰਹੋ ਤੇ ਉਨਾਂ ਹਾਕਮਾਂ ਨੂੰ ਯੋਗ ਦੰਡ ਦਿਤਾ ਜਾਵੇਗਾ ਜਿਨਾ ਨੇ ਕਿ ਮੇਰੇ ਅਹਿਦਨਾਮੇ ਨੂੰ ਤੋੜਕੇ ਆਪ ਪਰ ਹੱਲਾ ਕੀਤਾ ਹੈ ॥

ਚਾਹੇ ਕੁਝ ਹੋਵੇ ਪਰ ਇਸ ਜ਼ਫਰ ਨਾਮੇ ਦਾ ਉ ਜੋ ਬਾਦ ਸ਼ਾਹ ਵਲੋਂ ਲਿਖਿਆਗਿਆ ਸੀ ਇਸ ਸਮੇਂ ਸਾਮਾਂ ਨਹੀ ਮਿਲਦਾ ਹੈ,ਜਿਸ ਤੋਂ ਕਿ ਠੀਕ ਠੀਕ ਸ਼ਹਿਨਸਾਹ ਔਰੰਗਜ਼ੇਬ ਦੇ ਖਿਆਲਾਂ ਦਾ ਪਤਾ ਲਗ ਸਕੇ ॥

ਪਰ ਏਹ ਸਚ ਹੈ ਕਿ ਇਸ ਜ਼ਫਰ ਨਾਮੇ ਦੇ ਲੇਖ ਨੇ ਜਿਸ ਵਿਖੇ ਕਿ ਕਿਸੀ ਖੁਸ਼ਾਮਦ ਯਾ ਚਾਪਲੋਸੀ ਤੋਂ ਕੰਮ ਨਹੀਂ ਲਿਆ ਗਿਆ ਸੀ, ਇਕੋ ਵਾਰੀ ਬਾਦਸ਼ਾਹ ਦੇ ਮਨ ਵਿਖੇ ਓਹ ਪ੍ਰੀਵਰਤਨ ਅਰਥਾਤ ਤਬਦੀਲੀ ਕੀਤੀ ਜੋ ਲਖਾਂ ਉਪਦੇਸ਼ਾਂ ਤੇ ਨਸੀਹਤਾਂ ਨਾਲ ਨਹੀਂ ਹੋ ਸਕਦੀ ਸੀ,

ਇਸ ਬਾਤ ਦੇ ਦਰਸਾਉਣ ਨੂੰ ਸ਼ਹਨਸਾਹ ਔਰੰਗਜ਼ੇਬ ਆਲਮਗੀਰ ਦੇ ਫਰਮਾਨ ਦਾ ਖੁਲਸਾ ਜੋ ਉਸਨੇ ਜ਼ਫਰਨਾਮੇ ਦੇ ਸੁਣਨ ਪਿਛੋਂ ਮਰਨ ਦੀ ਦਸ਼ਾ ਵਿਖੇ ਆਪਨੇ ਸਭ ਤੋਂ ਬੜੇ ਪੁਤ੍ਰ ਬਹਾਦੁਰ ਸ਼ਾਹ ਦੇ ਨਾਂਉ ਲਿਖਕੇ ਭੇਜਿਆ ਸੀ **ਰੁਕੇਆਤ ਆਲਮਗੀਰੀ** ਵਿਚੋਂ ਲਿਖਿਆ ਜਾਂਦਾ ਹੈ:-

## ਫਰਮਾਨ ਨੰਬ੍ਰ ੭੨

"ਤੁਹਾਡੇ ਪਰ ਸਲਾਮ ਹੋਵੇ ਅਤੇ ਉਨਾਂ ਪੁਰਸ਼ਾਂ ਉੱਤੇ ਭੀ ਜੋ ਤੁਹਾਡੇ ਪਾਸ ਹਨ ॥ ਬ੍ਰਿਧ ਅਵਸਥਾ ਆ ਪੁਜੀ ਅਤੇ ਕਮਜ਼ੋਰੀ ਵਧ ਗਈ, ਹਥਾਂ ਪੈਰਾਂ ਦੀ ਸ਼ਕਤੀ ਜਾਂਦੀ ਰਹੀ ਮੈ ਆਪਣਾ ਹੋਕੇ ਆਇਆ ਪਰ ਬੇਗਾਨਾ ਹੋਕੇ ਜਾਂਦਾ ਹਾਂ, ਮੈਨੂੰ ਆਪਣਾ ਪਤਾ ਨਹੀਂ ਹੈ ਕਿ ਮੈਂ ਕੌਣ ਹਾਂ ਤੇ ਕਿਸਕੰਮ ਜੋਗਾ ਹਾਂ, ਜੋ ਸੁਆਸ ਭਜਨ ਤੋਂ ਬਿਨ ਬੀਤੇ ਉਨਾ ਦਾ ਸ਼ੋਕ ਮੈਨੂੰ ਬਾਕੀ ਰਿਹਾ, ਮੇਤੋਂ ਪ੍ਰਜਾ ਦੀ ਪਾਲਨਾ ਤੇ ਰਾਜ ਦੀ ਸੰਭਾਲਨਾ ਬਿਲਕੁਲ

ਨਹੀ ਹੋਈ, ਮੇਰੀ ਪਿਆਰੀ ਆਯੂ ਬ੍ਰਿਥਾ ਬੀਤ ਗਈ, ਮੈਂ ਆਪਣੇ ਖੁਦਾਵੰਦ ਤਾਲਾ (ਪ੍ਰਮਾਤਮਾ) ਨੂੰ ਹਿਰਦੇ ਰੂਪੀ ਘਰ ਵਿਚ ਰੱਖਦਾ ਹਾਂ ਪਰ ਉਸਦੇ ਜਲਾਲ ਦੇ ਪ੍ਰਕਾਸ਼ ਨੂੰ ਆਪਣੀ ਅਗਜ਼ਾਨਤਾ ਦੇ ਕਾਰਣ ਦੇਖ ਨਹੀ ਸਕਿਆ ॥ ਜੀਵਨ ਨਾਸ਼ੀ ਹੈ ਅਤੇ ਬੀਤੀ ਹੋਈ ਆਯੂ ਦਾ ਕਿਤੇ ਚਿੰਨ੍ਹ ਨਹੀ, ਅਤੇ ਅਗੇ ਦੇ ਲਈ ਕੋਈ ਉਮੀਦ ਨਹੀਂ.......................

ਮੈ ਆਪਣੇ ਨਾਲ ਕੋਈ ਚੀਜ ਨਹੀਂ ਲਿਆਇਆ, ਪਰ ਜਾਣ ਸਮੇਂ ਆਪਣੇ ਨਾਲ ਪਾਪਾਂ ਦਾ ਫਲ ਲਈ ਜਾਂਦਾ ਹੈ, ਮੈਨੂੰ ਪਤਾ ਨਹੀ ਕਿ ਮੈ ਕਿਸ ਅਜ਼ਾਬ (ਕਸ਼੍ਟ) ਵਿਖੇ ਫਸਾਂਗਾ, ਚਾਹੇ ਮਹਾਨ ਅਦ੍ਰਤੀਯ ਸ਼ਰਬ ਸਕਤੀ ਮਾਨ ਅਕਾਲ ਪੁਰਖ ਦੀ ਕ੍ਰਿਪਾਲਤਾ ਤੇ ਦਿਆਲਤਾ ਪਰ ਪੂਰਨ ਵਿਸ੍ਵਾਸ ਹੈ ਪਰ ਆਪਣੇ ਕਰਮਾਂ ਪਰ ਦ੍ਰਿਸ਼ਟੀ ਪਾਉਣ ਤੋਂ ਮੈਨੂੰ ਫਿਕਰ ਨਹੀ ਛਡਦਾ ਹੈ...........

ਛੁਟੀ, ਛੁਟੀ, ਛੁਟੀ, (ਇਤਿ)

## ਫਰਮਾਨ ਨੰਬ੍ਰ ੭੩

ਜੋ ਸ਼ਹਨ ਸ਼ਾਹ ਔਰੰਗਜ਼ੇਬ ਵਲੋਂ ਮਰਨ ਦੀ ਦਸ਼ਾ ਵਿਖੇ ਸ਼ਹ-ਜ਼ਾਦਾ ਸੁਲਤਾਨ ਮੁਹੰਮਦ ਕਾਮਬਖਸ਼ ਦੇ ਨਾਂਉ ਜਾਰੀ ਹੋਇਆ:-

ਮੇਰੇ ਜਿਗਰ ਦੇ ਟੁਕੜੇ ਮੇਰੇ ਪਿਆਰੇ ਪੁਤ੍ਰ..............ਜਿਸ ਕਦਰ ਗੁਨਾਹ ਤੇ ਪਾਪ ਮੈਨੇ ਕੀਤੇ ਹਨ ਉਨ੍ਹਾਂ ਸਭਨਾ ਦਾ ਫਲ ਮੈਂ ਆਪਣੇ ਨਾਲ ਲੈ ਜਾ ਰਿਹਾ ਹਾਂ, ਖ਼ੁਦਾ ਦੀ ਸ਼ਕਤੀ ਤੇ ਕੁਦਰਤ ਬੜੀ ਅਸਚਰਜ ਹੈ, ਕਿ ਮੈਂ ਜਦੋਂ ਉਤਪਨ ਹੋਇਆ ਇਕਲਾ ਸੀ ਅਤੇ ਹੁਣ (ਪਾਪਾਂ ਦੀਆਂ) ਫੌਜਾਂ ਦੇ ਨਾਲ ਜਾਂਦਾ ਹਾਂ, ਚਾਹੇ ਤਾਪ ਨੇ ਬਾਰਾਂ ਦਿਨ ਮੇਰਾ ਪਿਛਾ ਨਹੀਂ ਛਡਿਆ, ਪਰ ਆਪਣੇ ਵਿਖੇ ਮੇਰੇ ਨਾਲ ਰਹਿਣ ਦੀ ਸਮਰਥਾ ਨਾ ਵੇਖਕੇ ਮੇਰਾ ਸਾਥ ਛਡ ਗਿਆ ਹੈ (ਭਾਵ ਤਾਪ ਉਤ੍ਰ ਗਿਆ ਹੈ) ਜਦ ਮੈ ਹਰ ਪਾਸੇ ਦ੍ਰਿਸ਼ਟੀ ਪਾਂਉਦਾ ਹਾਂ ਤਾਂ ਮੈਨੂੰ ਕੇਵਲ ਖੁਦਾ ਤੋਂ ਬਿਨਾ ਕੁਝ ਨਹੀਂ ਦਿਸਦਾ, ਸੈਨਾਂਦੇ ਸਰਦਾਰਾਂ ਤੇ ਸਿਪਾਹੀਆਂ ਦਾ ਫਿਕਰ ਅੰਤ ਦੀ ਖਰਾਬੀ ਪਰ ਦ੍ਰਿਸ਼ਟੀ ਕਰਨ ਤੋਂ ਮੇਰੇ ਲਈ ਦਿਲੀ ਸ਼ੋਕ ਦਾ ਕਾਰਨ ਹੈ ॥

ਮੈਨੂੰ ਖੁਦ ਆਪਣੀ ਖਬਰ ਨਹੀਂ, ਮੈਨੇ ਬਹੁਤ ਗੁਨਾਹ ਕੀਤੇ ਹਨ, ਮੈਂ ਨਹੀਂ ਜਾਣਦਾ ਕਿ ਅੰਤ ਨੂੰ ਕਿਸ ਕਸ਼ਟ ( ਅਜ਼ਾਬ ) ਵਿਖੇ ਫਸਾਂਗਾ............... ਮੇਰੀ ਦਸ਼ਾ ਬੇਕਰਾਰ ਹੋਰਹੀ ਹੈ ...................ਬਸ ਆਖਰੀ ਸਲਾਮ ਹੈ ।

ਇਤੀ

--o--

ਬਸ ਔਰੰਗਜ਼ੇਬ ਤਾਂ ਆਪਣੇ ਕੀਤੇ ਹੋਏ ਪਰ ਇਸਤਰਾਂ ਪਛਤਾਉਂਦਾ ਤੇ ਆਪਣੇ ਖੋਟੇ ਕਰਮਾਂ ਦਾ ਬੋਝ ਆਪਣੀ ਗਰਦਨ ਪਰ ਲੈ ਐਹਮਦ ਨਗਰ ( ਦਖਣ ) ਵਿਖੇ ੧੩ ਫਰਵਰੀ ਸਨ ੧੭੦੭ ਈ: ਤਥਾ ਫਗਣ ਸੰਮਤ ੧੭੬੩ ਵਿਕ੍ਰਮੀ ਨੂੰ ਪੰਜਾਹ ਬਰਸ ਰਾਜ ਭੋਗ ੮੯ ਬਰਸ ਦੀ ਉਮਰ ਵਿਖੇ ਮਰ ਗਿਆ ।

ਔਰੰਗਜ਼ੇਬ ਦਾ ਮਰਨਾ ਸੀ ਕਿ ਤਖਤ ਸ਼ਾਹੀ ਦੇ ਲਈ ਉਸਦੇ ਪੁਤ੍ਰਾਂ ਨੇ ਹਥ ਪੈਰ ਮਾਰਨੇ ਸ਼ੁਰੂ ਕੀਤੇ, ਬਹਾਦੁਰ ਸ਼ਾਹ (ਬੜਾ ਪੁਤ੍ਰ) ਆਪਣੇ ਬਾਪ ਦੇ ਮਰਨ ਸਮੇ ਕਾਬਲ ਵਿਖੇ ਸੀ, ਇਸ ਲਈ ਆਜ਼ਮ ਸ਼ਾਹ ( ਮੰਝਲਾ ) ਨੇ ਜੋ ਆਪਣੇ ਬਾਪਦੇ ਪਾਸ ਸੀ ਝਟ ਪਟ ਸਭ ਸਰਦਾਰਾਂ ਨੂੰ ਕਾਬੂ ਕਰ ਤਖਤ ਪਰ ਬੈਠ ਆਪਣੇ ਸਿਰ ਪਰ ਤਾਜ ਬਾਦਸਾਹੀ ਰਖ ਲੀਤਾ, ਤੇ ਆਪਣੇ ਛੋਟੇ ਭਰਾ ਕਾਮ ਬਖਸ਼ ਨੂੰ ਬਹਾਨੇ ਨਾਲ ਬੁਲਵਾ ਆਪਣੇ ਬਾਪ ਦੀ ਭਾਂਤ ਮੁਰਾਦ ਦੀ ਤਰਾਂ ਬੇ ਗੁਨਾਹ ਕਤਲ ਕਰ ਦਿਤਾ ।

ਜਦ ਬਹਾਦੁਰ ਸ਼ਾਹ ਨੂੰ ਆਜ਼ਮਸ਼ਾਹ ਦੇ ਤਖਤ ਪਰ ਬੈਠਣੇ ਅਤੇ ਕਾਮ ਬਖਸ਼ ਦੇ ਕਤਲ ਦੀ ਖਬਰ ਪੌਹਚੀ ਤਾਂ ਬੜਾ ਘਬ ਰਾਇਆ, ਕਿਉਂ ਜੋ ਉਸ ਨੂੰ ਇਕ ਸਖਤ ਵੈਰੀ ਦਾ ਟਾਕਰਾ ਕਰਨਾ ਸੀ, ਅਤੇ ਇਹ ਭੀ ਡਰ ਸੀ ਕਿ ਕਿਤੇ ਓਹ ਭੀ ਦਾਰਾ ਸ਼ਕੋਹ ਦੀ ਭਾਂਤਿ ਨ ਮਾਰਿਆ ਜਾਵੇ, ਇਸ ਲਈ ਉਸਨੇ ਯੁਧ ਦੀ ਮਹਾਨ ਤਿਆਰੀ ਕੀਤੀ, ਇਸ ਸਮੇਂ ਬਹਾਦੁਰ ਸ਼ਾਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਭੀ ਲਾਭ ਉਠਾਉਣਾ ਚਾਹਿਆ ਕਿਉਂ ਜੋ ਇਸ ਸਮੇ ਖਾਲਸਾ ਆਪਣੀ ਬਹਾਦੁਰੀ ਦਾ ਸਿਕਾ ਮੁਗਲਾਂ ਤੇ

ਪਠਾਣਾਂ ਦੇ ਦਿਲ ਪਰ ਬਿਠਾ ਚੁਕਿਆ ਸੀ ਤੇ ਦੂਜੇ ਏਹ ਲੋਭ ਭੀ ਸੋਚਿਆ ਕਿ ਜੇ ਮੈ ਜਿਤਗਿਆ ਤਾਂ ਸਦਾ ਲਈ ਗੁਰੂ ਜੀ ਮੇਰੇ ਮਿਤ੍ਰ ਬਣ ਜਾਣਗੇ, ਤਾਂ ਫੇਰ ਖਾਲਸੇ ਵਲੋਂ ਕੋਈ ਭੈ ਨਹੀਂ ਰਹੇਗਾ ਇਸ ਲਈ ਉਸਨੇ ਆਪਣੇ ਮੀਰ ਮਨਸ਼ੀ ਭਾਈ ਨੰਦ ਲਾਲ ਤੇ ਆਪਣੇ ਦੀਵਾਨ ਹਾਕਿਮ ਰਾਇ ਨੂੰ ਗੁਰੂ ਜੀ ਪਾਸ ਭੇਜਿਆ ਤੇ ਸਹਾਇਤਾ ਚਾਹੀ ।

ਗੁਰੂ ਜੀ ਨੇ ਏਹ ਸੋਚ:-

"ਜੋ ਸ਼ਰਨ ਆਵੈ ਤਿਸ ਕੰਠ ਲਾਵੈ,
ਇਹ ਬਿਰਦ ਸੁਆਮੀ ਸੰਦਾ" ॥

ਉਸ ਦੀਨ ਹੋਏ ਹੋਏ ਦੀ ਸਹਾਇਤਾ ਕਰਨੀ ਇਸ ਸ਼ਰਤ ਪਰ ਸ੍ਵੀ-ਕਾਰ ਕਰ ਲਈ ਕਿ ਯੁਧਦੇ ਫਤੇ ਹੋਣ ਪਿਛੋਂ ਜਦੋਂ ਬਹਾਦਰ ਸ਼ਾਹ ਹਿੰਦੁਸਤਾਨ ਦੇ ਤਖਤ ਪਰ ਬੈਠ ਜਾਵੇ ਤਾਂ ਬਾਜੀਦ ਖਾਂ, ਸੁਚਾਨੰਦ ਆਦਿਕ ੧੯ ਸਰਦਾਰਾਂ ਨੂੰ ਜਿਨਾਂ ਵਿਚ ਇਕ ਦੋ ਪਹਾੜੀ ਰਾਜੇ ਭੀ ਸ਼ਾਮਲ ਹਨ, ਯੋਗ ਦੰਡ ਦੇਣ ਲਈ ਸਾਡੇ ਹਵਾਲੇ ਕੀਤਾ ਜਾਵੇ ਜਿਨਾਂ ਨੇ ਕਿ ਆਪਣੇ ਧਰਮ ਤੇ ਕਸਮ ਨੂੰ ਤੋੜਕੇ ਸਾਡੇ ਪਰ ਚੜ੍ਹਾਈ ਕੀਤੀ ਤੇ ਬੇਗੁਨਾਹ ਮਾਸੂਮ ਬਚਿਆਂ ਨੂੰ ਕੰਧਾਂ ਵਿਖੇ ਚਿਣ ਕੇ ਸ਼ਹੀਦ ਕੀਤਾ।

ਲੋੜ ਸਭ ਕੁਝ ਕਰਾ ਦੇਂਦੀ ਹੈ। ਇਸ ਲਈ ਬਹਾਦਰ ਸ਼ਾਹ ਨੇ ਏਹ ਸ਼ਰਤ ਮੰਨਲਈ ਅਤੇ ਐਹਦਨਾਮੇ ਪਰ ਦਸਤਖਤ ਹੋਗਏ, ਇਸ ਲਈ ਗੁਰੂ ਜੀ ਬਹਾਦੁਰ ਸ਼ਾਹ ਦੀ ਸਹਾਇਤਾ ਲਈ ਉਸ ਪਾਸ ਪੁਜੇ ਤੇ ਉਸਨੇ ਬੜੇ ਪ੍ਰੇਮ ਪੂਰਬਕ ਬੜੀ ਖਾਤ੍ਰ ਦਾਰੀ ਕੀਤੀ ਤੇ ਅੰਤ ਨੂੰ ਗੁਰੂ ਜੀ ਨੇ ਬਹਾਦੁਰ ਸ਼ਾਹ ਦਾ ਸਾਥ ਦਿੱਤਾ ਤੇ ਆਗਰੇ ਦੇ ਅਸਥਾਨ ਇਕ ਭਿਆਨਕ ਯੁਧ ਹੋਇਆ ਜਿਸ ਵਿਖੇ ਖਾਲਸਾ ਦਲ ਨੇ ਬੜੀ ਬਹਾਦੁਰੀ ਦਿਖਾਈ ਤੇ ਐਨ ਯੁੱਧ ਦੇ ਸਮੇਂ ਗੁਰੂ ਜੀ ਨੇ ਆਪਣੇ ਤੀਰ ਨਾਲ ਬਹਾਦੁਰਸ਼ਾਹ ਦੇ ਭਾਈ ਆਜ਼ਮ ਸ਼ਾਹ ਨੂੰ ਮਾਰਿਆ ਤੇ ਬਹਾਦਰ ਸ਼ਾਹ ਦੀ ਫਤੇ ਹੋਈ। ਇਸ ਪਿਛੋਂ ਬਹਾਦਰ ਸ਼ਾਹ ਬਾਦਸ਼ਾਹ ਗੁਰੂ ਜੀ ਨੂੰ ਆਪਣੇ ਨਾਲ ਦਿੱਲੀ ਲਿਆਇਆ ਤੇ ਤਖਤ ਪਰ ਬੈਠਾ ਤਾਂ ਇਸ ਯੁਧ ਦੀ [illegible]

ਦੀ ਖੁਸ਼ੀ ਵਿਖੇ ਇਕ ਬੜੀ ਜਗੀਰ ਤੇ ਰਿਆਸਤ ਗੁਰੂ ਜੀ ਨੂੰ ਦੇਣ ਲਗਾ ਤਾਂ ਗੁਰੂ ਜੀ ਨੇ ਉਸਦੇ ਲੈਣ ਤੋਂ ਨਾਂਹ ਕੀਤੀ ਤੇ ਆਖਿਆ ਕਿ ਆਪਦੇ ਦਾਦਾ ਜਹਾਂਗੀਰ ਨੇ ਜਿਸ ਪਰਕਾਰ ਸਾਡੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਚੰਦੂ ਲਾਲ ਦੀਵਾਨ ਨੂੰ ਕੀਤਾ ਸੀ ਆਪ ਉਸੀ ਪਰਕਾਰ ਆਪਣੇ ਲਿਖੇ ਹੋਏ ਬਚਨ ਅਨੁਸਾਰ ਸੂਬੇ ਸਰਹੰਦ, ਲਾਹੌਰ ਤੇ ਪਹਾੜੀ ਰਾਜਿਆਂ ਨੂੰ ਜਿਨ੍ਹਾਂ ਨੇ ਕਿ ਸਾਡੇ ਬੇਗੁਨਾਹ ਬਚਿਆਂ ਤੇ ਸਿੱਖਾਂ ਨੂੰ ਮਾਰਿਆ ਹੈ ਸਾਡੇ ਹਵਾਲੇ ਕਰੋ, ਤੇ ਸਹਨਸ਼ਾਹ ਔਰੰਗਜੇਬ ਦਾ ਸ਼ਾਹੀ ਫਰਮਾਨ ਜਿਸ ਵਿਖੇ ਉਸਨੇ ਕਸਮ ਖਾ ਕੇ ਲਿਖਿਆ ਸੀ ਕਿ 'ਆਨੰਦ ਪੁਰ ਦੇ ਕਿਲੇ ਦੇ ਖਾਲੀ ਕਰਨ ਪਿਛੋਂ ਤੁਹਾਡੇ ਪਰ ਕੋਈ ਚੜ੍ਹਾਈ ਨਹੀਂ ਕੀਤੀ ਜਾਊਗੀ।' 'ਵਿਖਾਇਆ' ਇਸਨੂੰ ਦੇਖ ਬਾਦਸ਼ਾਹ ਨੇ ਆਪਣੇ ਬਚਨ ਦੇ ਪੂਰਾ ਕਰਨ ਦਾ ਇਕਰਾਰ ਤਾਂ ਕੀਤਾ, ਪਰ ਕੁਝ ਸਮੇਂ ਦੀ ਮੋਹਲਤ ਮੰਗੀ, ਗੁਰੂ ਜੀ ਨੇ ਕਈ ਵੇਰ ਉਸਦਾ ਬਚਨ ਉਸਨੂੰ ਯਾਦ ਕਰਾਇਆ ਪਰ ਓਹ ਪੂਰਾ ਨਾ ਕਰ ਸਕਿਆ, ਕਿਉਂ ਜੋ ਬਾਦਸ਼ਾਹ ਆਪਣੇ ਦਿਲ ਵਿਖ ਡਰਦਾ ਸੀ ਕਿ ਕਿਤੇ ਅਜੇਹਾ ਨਾ ਹੋਵੇ ਕਿ ਇਨ੍ਹਾਂ ਸੂਬੇਦਾਰਾਂ ਤੇ ਰਾਜਿਆਂ ਦੇ ਹਵਾਲੇ ਕਰਨ ਨਾਲ ਮੁਲਕ ਵਿਖੇ ਗਦਰ ਮਚ ਜਾਵੇ ਤੇ ਦੂਜੇ ਸੂਬੇ ਭੀ ਉਨਾਂ ਦੀ ਸਹਾਇਤਾ ਲਈ ਉਠ ਖੜੇ ਹੋਨ ਤੇ ਰਾਜ ਵਿਖੇ ਇਕ ਅਜਿਹਾ ਫਤੂਰ ਪੈ ਜਾਵੇ ਜਿਸਦਾ ਕਿ ਸਾਂਭਣਾਂ ਮੇਰੀ ਸਮਰਥਾ ਤੋਂ ਬਾਹਰ ਹੋਵੇ, ਸਚ ਗਲ ਇਹ ਹੈ ਕਿ ਉਸ ਸਮੇਂ ਸੂਬਿਆਂ ਦੀ ਇਤਨੀ ਤਾਕਤ ਵਧੀ ਹੋਈ ਹੋਇਆ ਕਰਦੀ ਸੀ ਕਿ ਬਾਦਸ਼ਾਹ ਭੀ ਉਨਾਂ ਤੋਂ ਥਰ ਥਰ ਕੰਬਿਆ ਕਰਦੇ ਸਨ।

ਇਸ ਲਈ ਗੁਰੂ ਜੀ ਦੀ ਬਾਰ ੨ ਦੀ ਤਾਗੀਦ ਤੋਂ ਤੰਗ ਆਕੇ ਅੰਤ ਨੂੰ ਬਾਦਸ਼ਾਹ ਨੇ ਇਹ ਆਖਿਆ ਕਿ ਮਹਾਰਾਜ ਜੀ ਅਜੇ ਤਕ ਮੇਰੀ ਇਤਨੀ ਤਾਕਤ ਨਹੀਂ ਵਧੀ ਹੈ ਕਿ ਮੈਂ ਇਨਾਂ ਸੂਬੇਦਾਰਾਂ ਯਾ ਰਾਜਿਆਂ ਨੂੰ ਆਪਦੇ ਹਵਾਲੇ ਕਰ ਸਕਾਂ, ਮੈਂ ਆਪ ਇਨਾਂ ਤੋਂ ਡਰਦਾ ਤੇ ਥਰ ੨ ਕੰਬਦਾ ਹਾਂ ਕਿ ਕਿਤੇ ਅਜਿਹਾ ਨਾ ਹੋਵੇ ਕਿ ਇਹ ਮੈਨੂੰ ਹੀ ਤਖਤ ਤੋਂ ਉਤਾਰ ਦੇਣ ਯਾ ਕਤਲ ਕਰ

ਦੇਣ । ਇਸ ਲਈ ਆਪ ਇਕ ਬਰਸ ਹੋਰ ਠੈਹਰੋ ਮੇਰੀ ਤਾਕਤ ਨੂੰ ਵਧ ਲੈਣ ਦੇਵੋ ਫੇਰ ਮੈਂ ਆਪਣੇ ਬਚਨ ਨੂੰ ਪੂਰਾ ਕਰਾਂਗਾ ।

ਜਦੋਂ ਗੁਰੂ ਜੀ ਨੇ ਦੇਖਿਆ ਕਿ ਇਹ ਬਾਦਸ਼ਾਹ ਆਪ ਉਨਾਂ ਗਾਜਿਆਂ ਤੇ ਸਰਦਾਰਾਂ ਤੋਂ ਡਰਦਾ, ਟਾਲੇ ਹਾਲੇ ਕਰਦਾ ਹੈ ਤਾਂ ਝਟ ਭਰੇ ਦੀਵਾਨ ਵਿਖੇ ਆਖਿਆ ਕਿ ਹੇ ਬਾਦਸ਼ਾਹ ! ਜਿਨ੍ਹਾਂ ਜ਼ਾਲਮਾਂ ਪਾਪੀਆਂ ਤੇ ਅਧਰਮੀਆਂ ਤੋਂ ਤੂੰ ਡਰਦਾ ਹੈਂ, ਤੇ ਉਨਾਂ ਦੇ ਡਰ ਦੇ ਕਾਰਣ ਤੂੰ ਉਨ੍ਹਾਂ ਨੂੰ ਡੰਡ ਦੇਣ ਲਈ ਸਾਡੇ ਹਵਾਲੇ ਨਹੀਂ ਕਰ ਸਕਦਾ ਹੈਂ । ਸੋ ਕੋਈ ਫਿਕਰ ਨਹੀਂ ਅਸੀਂ ਸੰਸਾਰ ਵਿਖੇ ਪਾਪੀਆਂ ਤੇ ਅਧਰਮੀਆਂ ਨੂੰ ਡੰਡ ਦੇਣ ਲਈ ਹੀ ਆਏ ਹਾਂ ਪਰ ਇਹ ਕੰਮ ਤਾਂ ਜਿਸਤੋਂ ਕਿ ਤੂੰ ਇਤਨਾਂ ਭੈ ਖਾਂਦਾ ਹੈਂ ਸਾਡਾ ਇਕ ਦਾਸ (ਬੰਦਾ) ਹੀ ਕਰ ਲਵੇਗਾ । ਇਹ ਆਖ ਗੁਰੂ ਜੀ ਬਹਾਦਰ ਸ਼ਾਹ ਬਾਦਸ਼ਾਹ ਪਾਸੋਂ ਵਿਦਾ ਹੋਗਏ। ਦਖਣ ਨਾਦੇੜ (ਹਜ਼ੂਰ ਸਾਹਿਬ ਜੀ) ਪੌਂਹਚ ਨਰੈਣ ਦਾਸ ਵੈਰਾਗੀ ਨੂੰ ਆਪਣਾ ਸਿਖ ਕਰ ਅਮ੍ਰਿਤ ਪਾਨ ਕਰਾ **ਗੁਰਬਖਸ਼ ਸਿੰਘ** ਨਾਉਂ ਰਖਿਆ ਤੇ ਉਸਨੂੰ ਪੰਜਾਬ ਵਲ ਦੁਸ਼ਟ ਪਾਪੀਆਂ ਦੇ ਡੰਡ ਦੇਣ ਲਈ ਭੇਜਣ ਸਮੇਂ ਪੰਜ ਸਿੰਘ ਸਾਥ ਕਰਕੇ ਹੁਕਮ ਦਿਤਾ ਕਿ ਸਭ ਕੰਮ ਇਨ੍ਹਾਂ ਪੰਜਾਂ ਸਿੰਘਾਂ ਦੀ ਕੌਂਸਲ ਦੀ ਆਗਿਆ ਵਿਚ ਰਹਿੰਦੇ ਹੋਏ ਗੁਰੂ ਆਗਿਆ ਅਨੁਸਾਰ ਕਰਨੇ ਤੇ ਕਦੇ ਗੁਰੂ ਯਾ ਸ੍ਵਤੰਤ੍ਰ ਬਾਦਸ਼ਾਹ ਬਨਣ ਦਾ ਯਤਨ ਨਾ ਕਰਨਾ । ਇਸ ਲਈ ਬਾਬਾ ਗੁਰਬਖਸ਼ ਸਿੰਘ ਜੀ ਕਹਿਣ ਲਗੇ ਕਿ ਮੈਂ ਆਪਦਾ ਗੁਲਾਮ 'ਬੰਦਾ' ਬਣਕੇ ਰਹਾਂਗਾ, ਇਸੇ ਵੇਲੇ ਤੋਂ ਇਨਾਂ ਦਾ ਨਾਮ **'ਬਾਬਾ ਬੰਦਾ'** ਪ੍ਰਸਿਧ ਹੋ ਗਿਆ ॥

ਬਾਬੇ ਬੰਦੇ ਜੀ ਨੇ ਗੁਰੂ ਜੀ ਦੀ ਆਗਜਾ ਅਨੁਸਾਰ ਪੰਜਾਬ ਵਲ ਚੜ੍ਹਾਈ ਕੀਤੀ ਤ ਗੁਰੂ ਜੀ ਦੇ ਹੁਕਮ ਨਾਮੇ ਸਿਖਾਂ ਵਲ ਭੇਜੇ ਆਪ ਧਰਮ ਜੁਧ ਦੀ ਤਿਆਰੀ ਵਿਖੇ ਲਗ ਗਏ ॥ ਗੁਰੂ ਜੀ ਦਾ ਹੁਕਮ ਮੰਨ ਸਭ ਸਿਖ ਆਪਣਾ ਘਰ ਬਾਰ ਛਡ ਹਥਿਆਰ ਲੈ ਬਾਬੇ ਬੰਦੇ ਜੀ ਦੇ ਝੰਡੇ ਹੇਠ ਆ ਕਠੇ ਹੋਏ,, ਬੰਦੇ ਬਹਾਦੁਰ ਜੀ ਨੇ

ਏਹ ਪ੍ਰਗਟ ਕੀਤਾ ਕਿ ਜ਼ਾਲਮ, ਮੁਤਅਸਬ ਮੁਸਲਮਾਨਾਂ ਦੀਆਂ ਬਸਤੀਆਂ ਤੇ ਅਬਾਦੀਆਂ ਬਰਬਾਦ ਕਰਕੇ ਲੁਟੀਆਂ ਜਾਣਗੀਆਂ ਤੇ ਲੁਟ ਦਾ ਮਾਲ ਸਭਨੂੰ ਵੰਡਿਆ ਜਾਵੇਗਾ॥ ਗਲ ਕੀ ਕੈਥਲ ਪੋਹਚਣ ਤੋੜੀ ਮੁਸਲਮਾਨਾਂ ਦੇ ਕਈ ਪਿੰਡ ਖਾਲਸੇ ਨੇ ਲੁਟ ਲਏ॥

ਸੋਨੇ ਪਿੰਡ ਪਾਸ ਪੌਂਹਚ ਬਾਦਸ਼ਾਹੀ ਖਜ਼ਾਨਾ ਜੋ ਪੰਜਾਬ ਵਲੋਂ ਦਿਲੀ ਨੂੰ ਜਾਂਦਾ ਸੀ ਜਾ ਲੁਟਿਆ, ਤੇ ਇਹ ਸਾਰਾ ਰੁਪਿਆ ਆਪਣੇ ਸਾਥੀਆਂ ਵਿਖੇ ਵੰਡ ਦਿਤਾ, ਫੇਰ ਕੀ ਸੀ ਹਜ਼ਾਰਾਂ ਪੁਰਸ਼ ਬੰਦੇ ਜੀਦੇ ਝੰਡੇ ਹੇਠਾਂ ਆ ਕੱਠੇ ਹੋਏ, ਤੇ ਪ੍ਰਤਿ ਦਿਨ ਖਾਲਸਾ ਦਲ ਦੀ ਗਿਣਤੀ ਵਧਣ ਲਈ। ਜਿਸ ਕਿਸੀ ਹਿੰਦੂ ਯਾ ਮੁਸਲ ਮਾਨ ਨੂੰ ਸ਼ਾਹੀ ਹਾਕਮਾਂ ਵਲੋਂ ਕਸ਼ਟ ਪੌਂਹਚੇ ਸਨ, ਬੰਦੇ ਬਹਾਦਰ ਜੀ ਪਾਸ ਆ ਫਰਿਆਦੀ ਹੋਣ ਲਗੇ।

ਬੰਦੇ ਬਹਾਦੁਰ ਜੀ ਨੇ ਸਭ ਤੋਂ ਪਹਿਲਾਂ ਸਮਾਣੇ ਦਾ ਰੁਖ ਕੀਤਾ, ਕਿਉਂਕਿ ਇਥੇ ਸ੍ਰੀ ਗੁਰੂ ਤੇਗਬਹਾਦੁਰ ਜੀ ਦਾ ਕਾਤਲ ਜਲਾਲਦੀਨ ਰੈਂਹਦਾ ਸੀ, ਇਕ ਰਾਤ ਪਿਛਲੇ ਪਹਿਰ ਸ਼ਹਿਰ ਪਰ ਧਾਵਾ ਕਰਕੇ ਸਾਮਾਣੇ ਨੂੰ ਜਾ ਲੁੱਟਿਆ, ਅਤੇ ਕਤਲ ਆਮ ਦਾ ਹੁਕਮ ਦੇ ਦਿਤਾ, ਕਿਸੇ ਨੂੰ ਸੰਭਲਣ ਦੀ ਫੁਰਸਤ ਨਾ ਦਿਤੀ, ਜੋ ਜਿਥੇ ਸੀ ਉਥੇ ਹੀ ਕੰਮ ਆਇਆ ਜੋ ਲੋਗ ਭੱਜ ਸਕੇ ਭੱਜ ਗਏ। ਬਾਕੀਆਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਿਆ।

ਅਜੇਹੀਆਂ ਫਤਾਹਾਂ ਨੇ ਖਾਲਸੇ ਦੇ ਸੰਗੀਆਂ ਸਾਥੀਆਂ ਦੇ ਦਿਲਾਂ ਨੂੰ ਉਭਾਰ ਦਿਤਾ ਤੇ ਅਨਜ ਧਰਮੀ ਲੋਗ ਅਮ੍ਰਿਤ ਪਾਨ ਕਰ ੨ ਸਿੰਘ ਸਜਣ ਲਗੇ। ਇਹ ਆਮ ਐਲਾਨ ਕੀਤਾ ਗਿਆ ਕਿ ਹੁਣਸੂਬੇ ਸਰਹਿੰਦ ਤੋਂ ਮਾਸੂਮ ਤੇ ਨਿਰਦੋਸ਼ ਬੱਚਿਆਂਦਾ ਬਦਲਾ ਲਿਆ ਜਾਵੇਗਾ। ਹੁਣ ਕੀ ਸੀ ਹਜ਼ਾਰਾਂ ਹੋਰ ਸਿਖ ਗੁਰੂ ਜੀ ਦੇ ਇਸ ਬਚਨ ਦਾ ਖਿਆਲ ਕਰਕੇ ਕਿ 'ਸਰਹੰਦ ਖਾਲਸੇ ਦੇ ਹਥੋਂ ਗਾਰਤ ਹੋਵੇਗਾ।' ਸਿਰ ਹਥੇਲੀਆਂ ਪਰ ਰਖ ਖਾਲਸੇ ਦਲ ਵਿਖੇ ਆ ਰਲੇ, ਕਿਉਂ ਜੋ ਖਾਲਸਾ ਜੀ ਜਾਣਦੇ ਸਨ ਕਿ ਗੁਰੂ ਆਗਜਾ ਪਾਲਨ ਕਰਨਾ ਸਾਡਾ ਪਰਮ ਧਰਮ ਹੈ॥

ਦੂਜੇ ਬੰਦੇ ਬਹਾਦਰ ਜੀਦੀ ਇਸ ਮੁਹਿੰਮ ਦਾ ਸਭ ਤੋਂ ਵਡਾ

ਮਨੋਰਥ ਸਰਹੰਦ ਦੇ ਗਾਰਤ ਅਰ ਬਰਬਾਦ ਕਰਨ ਦਾ ਸੀ ਤੇ ਤੇ ਦਸਮ ਗੁਰੂ ਜੀ ਨੇ ਭੀ ਉਸਨੂੰ ਖਾਸ ਇਸੀ ਕੰਮ ਲਈ ਪੰਜਾਬ ਵੱਲ ਭੇਜਿਆ ਸੀ ਕਿ ਉਥੋਂ ਦੇ ਦੁਸ਼ਟ ਹਾਕਮਾਂ ਨੂੰ ਓਹਨਾਂ ਦੇ ਕੀਤੇ ਦਾ ਫਲ ਦਿਤਾ ਜਾਵੇ ॥

ਇਸ ਲਈ ਬਾਬਾ ਬੰਦਾ ਜੀ ਆਪਣੇ ਦਲ ਸੰਜੁਗਤ ਸਰਹੰਦ ਵਲ ਵਧਰਹੇ ਸਨ। ਬਾਬੇ ਬੰਦਾ ਜੀ ਨੇ ਆਪਣੀ ਮੁਹਿਮ ਦਾ ਪ੍ਰਬੰਧ ਇਸ ਪਰਕਾਰ ਯੋਗਤਾ ਨਾਲ ਕੀਤਾ, ਕਿ ਜਿਨ੍ਹਾਂ ਪੁਰਸ਼ਾਂ ਤੋਂ ਜ਼ੁਲਮ ਦਾ ਬਦਲਾ ਲਿਆ ਜਾਣਾਂ ਸੀ ਉਨਾਂ ਵਿਚੋਂ ਕਿਸੀ ਦਾ ਪਿੰਡ ਯਾ ਅਸਬਾਨ ਜਿਨ੍ਹਾਂ ਨਾਲ ਕਿ ਉਨਾਂ ਦਾ ਜ਼ਰਾ ਭੀ ਸਬੰਧ ਸੀ ਬਚ ਨਾ ਜਾਵੇ ॥

ਸਮਾਣੇਂ ਦੇ ਲੁਟਣ ਪਿਛੋਂ 'ਕੁੰਜ ਪੁਰੇ' ਨੂੰ ਗਾਰਤ ਕਰਣ ਲਈ ਚੜ੍ਹਾਈ ਕਰ ਦਿਤੀ ਕਿਉਂ ਜੋ ਇਹ ਬਾਜੀਦ ਖਾਂ ਸੂਬੇ ਸਰਹੰਦ ਦੇ ਰਹਿਣ ਦਾ ਅਸਲੀ ਥਾਉਂ ਤੇ ਉਸਦੀ ਜਨਮ ਭੂਮੀ ਸੀ, ਸੂਬੇ ਸਰਹੰਦ ਨੇ ਏਹ ਚੜ੍ਹਾਈ ਦੀ ਖਬਰ ਸੁਣਕੇ ਆਪਣੇ ਸ਼ਹਿਰ ਨੂੰ ਬਚਾਉਣ ਲਈ ਦੋ ਤੋਪਾਂ ਅਤੇ ਪੰਜ ਸੌ ਸਵਾਰ ਤਿਆਰ ਕੀਤੇ ਪਰ ਉਸਤੋਂ ਪੈਹਲਾਂਹੀ ਕਿ ਤੋਪਾਂ ਅਤੇ ਸ਼ਾਹੀ ਲਸ਼ਕਰ ਉੱਥੇ ਪੁਜੇ, ਕੁੰਜ ਪੁਰਾ ਬਾਬਾ ਬੰਦਾ ਜੀ ਨੇ ਗਾਰਤ ਕਰ ਦਿਤਾ ਫੇਰ ਰਸਤੇ ਵਿਖੇ ਖਾਲਸੇ ਦਾ ਉਸ ਫੌਜ ਨਾਲ ਟਾਕਰਾ ਹੋਇਆ ਜੋ ਕੁੰਜ ਪੁਰੇ ਨੂੰ ਬਚਾਉਣ ਲਈ ਆਈ ਸੀ, ਪਰ ਮੁਸਲਮਾਨੀ ਫੌਜ ਖਾਲਸੇ ਦਲ ਅਗੇ ਨਾ ਠਹਿਰਸੱਕੀ ਤੇ ਆਪਣੀ ਪਿਠ ਦਿਖਾ ਤੋਪਾਂ ਛਡ ਭਜ ਗਈ ॥

ਇਸ ਪਿਛੋਂ ਹਿੰਦੂਆਂ ਨੇ ਬਾਬੇ ਬੰਦੇ ਪਾਸ ਫਰਿਆਦ ਕੀਤੀ ਕਿ ਆਸਮਾਨ ਖਾਂ ਹਾਕਮ ਸਢੌਰਾ ਸਾਨੂੰ ਆਪਣੇ ਮੁਰਦੇ ਜਲਾਉਂਣ ਨਹੀਂ ਦਿੰਦਾ ਤੇ ਸਾਡੇ ਸਾਮਣੇ ਗਊ ਹਤਿਆ ਕਰਦਾ ਹੈ ਅਤੇ ਪੀਰ ਬੁਧੂਸ਼ਾਹ ਨੂੰ ਇਸ ਅਪਰਾਧ ਦੇ ਕਾਰਣ ਕਿ ਉਸਨੇ ਇਕ ਸਮੇਂ ਦਸਮਗੁਰੂਜੀਦੀ ਸਹਾਇਤਾ ਕੀਤੀ ਸੀ, ਕਤਲ ਕਰਦਿਤਾ ਹੈ। ਇਸ ਫਰਿਆਦ ਦੇ ਸੁਣਦੇ ਹੀ ਬਾਬਾ ਬੰਦਾ ਜੀ ਝਟ ਘੋੜੇ ਪਰ ਸਵਾਰ ਹੋ ਗਏ ਤੇ ਖਾਲਸਾ ਦਲ ਸਹਿਤ ਸਾਢੌਰੇ ਪਰ ਚੜ੍ਹਾਈ ਕਰ ਦਿਤੀ ॥

ਉੱਥੋਂ ਦੇ ਨੁਵਾਬ ਨੇ ਮੁਸਲਮਾਨਾਂ ਨੂੰ ਕੱਠਾ ਕਰ ਖ਼ੂਬ ਟਾਕਰਾ ਕੀਤਾ, ਤੇ ਸਾਰਾ ਦਿਨ ਭਿਆਨਕ ਯੁਧ ਹੁੰਦਾ ਰਿਹਾ, ਆਥਣ ਵੇਲੇ ਖਾਲਸੇ ਨੇ ਤੇਗਾਂ ਧੂਹ ਓਹ ਜ਼ੋਰ ਸ਼ੋਰ ਦਾ ਹੱਲਾ ਕੀਤਾ ਕਿ ਸ਼ੈਹਰ ਵਿਖੇ ਜਾ ਦਾਖਲ ਹੋਏ। ਕਤਲ ਅਤੇ ਲੁਟ ਦਾ ਬਾਜ਼ਾਰ ਗਰਮ ਕਰ ਦਿਤਾ ਅਰ ਮੁਸਲਮਾਨਾਂ ਦੀਆਂ ਲੋਥਾਂ ਜਲਾ-ਉਣੀਆਂ ਸ਼ੁਰੂ ਕਰ ਦਿਤੀਆਂ। ਆਸਮਾਨ ਖਾਂ ਨੂੰ ਜੀਉਂਦਾ ਫੜਕੇ ਦਰਖਤ ਨਾਲ ਲਟਕਾ ਕੇ ਫੂਕ ਦਿਤਾ, ਕਿਲੇ ਮੁਖਲਿਸ ਗੜ੍ਹ ਪਰ ਖਾਲਸੇ ਦਾ ਅਧਿਕਾਰ ਹੋਗਿਆ, ਸਾਰਾ ਸ਼ਹਿਰ ਤ੍ਰਾਹ ਤ੍ਰਾਹ ਪੁਕਾਰ ਉੱਠਿਆ॥

ਹੁਣ ੨੮ ਫਗਣ ਸੰਮਤ ੧੭੬੪ ਵਿਕ੍ਰਮੀ ਨੂੰ ਬਾਬੇ ਬੰਦੇ ਜੀ ਨੇ ਖਾਲਸੇ ਦਲ ਨੂੰ ਕਠਾ ਕਰ ਇਕ ਬੜਾ ਭਾਰੀ ਦੀਵਾਨ ਕੀਤਾ ਤੇ ਦੋਨੋਂ ਛੋਟੇ ਸਾਹਿਬ ਜਾਦਿਆਂ ਦੀ ਸ਼ਹੀਦੀ ਦਾ ਬਰਨਣ ਸੁਣਾਯਾ। ਖਾਲਸੇ ਦੇ ਮਾਰੇ ਜੋਸ਼ ਦੇ ਅੱਖਾਂ ਵਿਚੋਂ ਖ਼ੂਨ ਜਾਰੀ ਹੋਗਿਆ, ਫੇਰ ਕੀ ਸੀ ਅਰਦਾਸਾ ਸੋਧ ਪਾਪੀਆਂ ਨੂੰ ਦੰਡ ਦੇਣ ਦੇ ਲਈ ਖਾਲਸੇ ਨੇ ਸਰਹੰਦ ਪਰ ਚੜ੍ਹਾਈ ਕਰ ਦਿਤੀ।

ਸੂਬਾ ਸਰਹੰਦ ਪਹਿਲਾਂ ਤੋਂ ਹੀ ਤਿਆਰੀਆਂ ਵਿਖੇ ਲਗਿਆ ਹੋਇਆ ਸੀ ਤੇ ਉਸਨੂੰ ਭੀ ਨਵਾਬ ਆਸਮਾਨ ਖਾਂ ਦੀ ਭਾਂਤ ਆਪਣੀ ਮੌਤ ਸਾਮਣੇ ਦਿਖਾਈ ਦਿੰਦੀ ਸੀ, ਇਸ ਲਈ ਉਸਨੇ ਜਹਾਦੀ ਝੰਡਾ ਖੜਾ ਕਰ ਸ਼ਾਹੀ ਫੌਜ ਤੋਂ ਬਿਨਾਂ ਹਜ਼ਾਰਾਂ ਮੁਸਲਮਾਨਾਂ ਨੂੰ ਕੱਠਾ ਕਰ ਲਿਆ ਸੀ, ਤੇ ਆਪਣੇ ਹੋਰ ਸਹਾ-ਇਕ ਭੀ ਨੇੜੇ ਤੇੜਿਓਂ ਬੁਲਾ ਲਏ ਸਨ॥

ਬਾਜੀਦ ਖਾਂ ਨੇ ਸਰਹੰਦ ਤੋਂ ਬਾਹਿਰ ਨਿਕਲ ਵਡਾਲੀ ਪਿੰਡ ਪਾਸ ਖਾਲਸੇ ਨੂੰ ਰੋਕਿਆ ਤੇ ਦੋਨਾਂ ਪਾਸਿਆਂ ਵੱਲੋਂ ਅਤਜੰਤ ਜੋਸ਼ ਨਾਲ ਯੁੱਧ ਪ੍ਰਾਰੰਭ ਹੋਇਆ। ਉਧਰੋਂ 'ਅਲੀ ਅਲੀ' ਦੀ ਅਵਾਜ਼ ਆਉਂਦੀ ਸੀ ਤੇ ਇਧਰੋਂ 'ਸਤਿ ਸ੍ਰੀ ਅਕਾਲ' 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਸੁਣਾਈ ਦਿੰਦੇ ਸੇ। ਸਿਖ ਬੰਦੂਕਾਂ ਤੇ ਤੋਪਾਂ ਦੀ ਬਾੜ ਚਲਾਉਂਦੇ ਤੇ ਤੀਰ ਬਰਸਾਉਂਦ ਸਨ; ਪਰ ਬਾਦਸ਼ਾਹੀ ਜੰਜ਼ੀਰ ਦਾਰ ਤੋਪਾਂ ਦੇ ਸਾਮਣੇ ਸਿਖਾਂ ਦਾ ਕੁਛ ਜ਼ੋਰ

ਨਾ ਜਾਂਦਾ, ਓਹ ਸੂਰਬੀਰ ਭੀ ਜਾਨਾਂ ਵਿੰਦੇ ਪਰ ਇਕ ਪੈਰ ਪਿਛੇ ਨਾ ਕਰਦੇ। ਇਹ ਵੇਖ ਬਾਬਾ ਬਿਨੋਦ ਸਿੰਘ ਤੇ ਬਾਜ ਸਿੰਘ ਜੀ ਨੇ ਘੋੜੇ ਦੁੜਾਕੇ ਬਾਬਾ ਬੰਦਾ ਜੀ ਨੂੰ ਖਬਰ ਕੀਤੀ ਜੋ ਤਿੰਨ ਮੀਲ ਪਿਛੇ ਭਜਨ ਪਾਠ ਵਿਖੇ ਲਗੇ ਹੋਏ ਸਨ, ਇਹ ਸੁਣਦੇ ਹੀ ਬਾਬਾ ਬੰਦਾ ਜੀ ਘੋੜੇ ਪਰ ਸਵਾਰ ਹੋਕੇ ਝਟ ਯੁੱਧ ਵਿਖੇ ਪੁੱਜੇ ਤੇ ਸਤਿ ਸ੍ਰੀ ਅਕਾਲ ਜਾ ਗਜਾਇਆ। ਹੁਣ ਖਾਲਸੇ ਦੇ ਅਜੇਹੇ ਹੌਂਸਲੇ ਵਧੇ ਕਿ ਤੁਰਕਾਂਨੂੰਅਗੇ ਤੋਰ ਲਿਆ ਤੇ ਉਨਾਂਦੇ ਹਥ ਪੈਰ ਫੁਲਗਏ ਇਤਨੇ ਨੂੰ ਖਾਲਸਾ ਤੇਗਾਂ ਧੂਹ "ਅਕਾਲ ਅਕਾਲ" ਕਰਦਾ ਹੋਇਆ ਤੁਰਕਾਂ ਪਰ ਬਿਜਲੀ ਦੀ ਭਾਂਤਿ ਜਾ ਪਿਆ, ਮੁਸਲਮਾਨ ਸਾਮਣੇ ਨਾ ਠੈਹਰ ਸਕੇ ਅਤੇ ਅੰਤ ਨੂੰ ਉਨਾਂ ਨੂੰ ਭੱਜਨੇ ਦੀ ਹੀ ਬਣੀ ਤੇ ਖਾਲਸੇ ਨੇ ਉਨ੍ਹਾਂ ਦਾ ਪਿਛਾ ਕੀਤਾ। ਇਸ ਭਜ ਦੌੜ ਵਿਚ ਬਾਜ਼ੀਦ ਖਾਂ ਸੂਬਾ ਸਰਹੰਦ ਆਪਣੇ ਘੋੜੇ ਤੋਂ ਡਿਗ ਪਿਆ ਅਜੇਹੇ ਸਮੇਂ ਜਦੋਂ ਕਿ ਸਭ ਨੂੰ ਆਪਣੀ ਆਪਣੀ ਜਾਨ ਦੀ ਪਈ ਹੋਈ ਸੀ, ਉਸ ਦੀ ਕੌਣ ਸੰਭਾਲ ਕਰਦਾ ਅੰਤ ਨੂੰ ਖਾਲਸੇ ਨੇ ਉਸ ਨੂੰ ਜਾ ਸੰਭਾਲਿਆ ਤੇ ਬਾਬਾ ਬੰਦਾ ਜੀ ਦੇ ਜਾ ਪੇਸ਼ ਕੀਤਾ, ਜਿਨਾਂ ਨੇ ਉਸਦੇ ਕੈਦ ਰਖਣ ਦੀ ਆਗਜਾ ਦਿਤੀ। ਖਾਲਸੇ ਨੇ ਸਤਮੀਲ ਤੋੜੀ ਤੁਰਕਾਂਦਾ ਪਿਛਾਕੀਤਾ ਤੇ ਉਨਾਂਦੀਆਂ ਲਾਸ਼ਾਂਦੇ ਢੇਰ ਲਾਦਿਤੇ।

ਬੰਦੇ ਬਹਾਦੁਰ ਜੀ ਨੇ ਸ਼ਹਿਰ ਵਿਖੇ ਦਾਖਲ ਹੋ ਕਤਲਾਮ ਦੀ ਆਗਜਾ ਦਿਤੀ, ਜੋ ਸਾਹਮਣੇ ਨਜ਼ਰ ਆਇਆ ਤਲਵਾਰ ਨਾਲ ਦੋ ਟੁਕੜੇ ਹੋਇਆ, ਲੋਗ ਸ਼ਹਿਰ ਛਡਕੇ ਭਜ ਗਏ. ਬਿਚਾਰੀਆਂ ਪਠਾਣ ਇਸਤ੍ਰੀਆਂ ਤੇ ਅਮੀਰਾਂਦੀਆਂ ਪੁਤ੍ਰੀਆਂ ਜਿਨਾਂ ਨੇ ਕਦੇ ਦੂਜੇ ਪੁਰਖ ਦੀ ਸੂਰਤ ਨਹੀ ਵੇਖੀ ਸੀ ਅਜ ਮਾਰੀਆਂ ਮਾਰੀਆਂ ਫਿਰਦੀਆਂ ਸਨ ਤੇ ਅਤਜੰਤ ਬੁਰੇ ਬੁਰੇ ਸ਼ਬਦਾਂ ਨਾਲ ਬਾਜ਼ੀਦ ਖਾਂ ਨੂੰ ਕੋਸਦੀਆਂ ਤੇ ਗਾਲੀ ਕਢਦੀਆਂ ਸਨ, ਨਾਂ ਮਾਂ ਨੂੰ ਬੇਟੀ ਦੀ ਖਬਰ ਤੇ ਨਾ ਬੇਟੇ ਨੂੰ ਬਾਪ ਦੀ ਸੁਧ ਸੀ, ਸਭ ਨੂੰ ਆਪਣੀ ਆਪਣੀ ਪਈ ਹੋਈ ਸੀ ਕੋਈ ਕਿਸੇ ਨੂੰ ਨਹੀ ਪੁਛਦਾ ਸੀ, ਗਲ ਕੀ ਤਿੰਨ ਦਿਨ ਤੋੜੀ ਖਾਲਸੇ ਨੇ ਸਰਹੰਦ ਨੂੰ ਓਹ ਲੁੱਟਿਆ ਕਿ ਕਿਸੀ ਦੇ ਘਰ ਕੁਝ ਭੀ ਨਾ ਛਡਿਆ।

ਇਸ ਸਮੇ ਔਰੰਗਜ਼ੇਬ ਦੇ ਪੁਤ੍ਰ ਬਹਾਦਰ ਸ਼ਾਹ ਦਾ ਰਾਜ ਸੀ ਚਾਹੇ ਔਰੰਗਜ਼ੇਬ ਆਪਣੇ ਪਾਪ ਦਾ ਫਲ ਵੇਖਣ ਦੇ ਲਈ ਜਿਉਂਦਾ ਨਹੀਂ ਰਿਹਾਸੀ ਪਰ ਉਸਦੇ ਪਹਿਲੇ ਹੀ ਜਾਨਸ਼ੀਨ (ਤੁਖਤ ਸੰਭਾਲੂ) ਨੇ ਆਪਣੀਆਂ ਅਖਾਂ ਨਾਲ ਵੇਖ ਲਿਆ ਕਿ:-

ਮਜ਼ਨ ਤੇਗ ਬਰ ਖ਼ੂਨ ਕਸ ਬੇ ਦਰੇਗ।
ਤੁਰਾ ਨੀਜ਼ ਖ਼ੂੰ ਚਰਖ ਰੇਜ਼ਦ ਬਤੇਗ॥ ੬੯॥ (ਜ਼ਫਰ ਨਾਮਹ)

ਚੌਥੇ ਦਿਨ ਬੰਦਾ ਜੀ ਨੇ ਉਨਾਂ ਅਪਰਾਧੀ ਮੁਸਲਮਾਨਾਂ ਨੂੰ ਜੋ ਲੁਟ ਦੇ ਸਮੇਂ ਕੈਦ ਕੀਤੇ ਗਏ ਸਨ ਕੱਢ ਕੱਢ ਕਤਲ ਕਰਵਾ ਦਿਤਾ। ਗਲ ਕੀ ਕੋਈ ਤੀਵੀਂ ਬੱਚਾ ਬਾਕੀ ਨਾ ਛਡਿਆ, ਇਥੋਂ ਤੋੜੀ ਕਿ ਗਰਭਵੰਤੀ ਇਸਤ੍ਰੀਆਂ ਦੇ ਪੇਟ ਚਾਕ ਕਰਵਾ ਕਰਵਾ ਉਨਾਂ ਦੇ ਬੱਚੇ ਕਢਵਾ ਕਢਵਾ ਕਤਲ ਕਰਵਾ ਦਿਤੇ। ਇਹ ਕਤਲ ਬਾਜੀਦ ਖਾਂ ਦੇ ਸਾਹਮਣੇ ਹੁੰਦਾ ਸੀ।

ਛੇਵੇਂ ਦਿਨ ਦੀਵਾਨ ਸੁਚਾਨੰਦ ਨੂੰ ਜਿਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਇਹ ਆਖ ਕਿ "ਸੱਪ ਦੇ ਬਚੇ ਸੱਪ ਹੁੰਦੇ ਹਨ" ਬਜੀਦ ਖਾਂ ਨੂੰ ਮਰਵਾਉਣ ਦੀ ਸਲਾਹ ਦਿਤੀ ਸੀ, ਸਣੇ ਬਾਲ ਬਚਿਆਂ ਤੇ ਇਸਤ੍ਰੀ ਅਰ ਹੋਰ ਸਬੰਧੀਆਂ ਸਮੇਤ ਅਤ੍ਯੰਤ ਕਸ਼ਟ ਨਾਲ ਮਾਰਿਆ, ਤੇ ਉਸਦੀ ਹਵੇਲੀ ਢਾਹਕੇ ਉਸ ਪਰ ਹਲ ਚਲਾਇਆ ਗਿਆ।

ਸੂਬਾ ਸਰਹੰਦ ਹੁਣ ਤੋੜੀ ਇਸਲਈ ਜੀਉਂਦਾ ਰਖਿਆ ਗਿਆ ਸੀ ਕਿ ਓਹ ਆਪਣੀਆਂ ਅਖਾਂ ਨਾਲ ਆਪਣੇ ਸ਼ਹਿਰਦੀ ਬਰਬਾਦੀ ਯਾਰ, ਦੋਸਤਾਂ ਤੇ ਸਾਕ ਅੰਗਾਂ ਦੇ ਕਤਲ ਨੂੰ ਦੇਖੇ ਤੇ ਜਾਣੇ ਕਿ ਜ਼ੁਲਮ ਦਾ ਬਦਲਾ ਕਿਸ ਪ੍ਰਕਾਰ ਮਿਲਿਆ ਕਰਦਾ ਹੈ, ਤੇ ਗੁਰੂ ਜੀ ਦੇ ਇਸ ਅਗਮ ਵਾਕ ਨੂੰ ਯਾਦ ਕਰੇ:-

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਮਾਂਦ ਅਸਤ ਪੇਚੀਦਹ ਮਾਰ॥ ੭੮॥
ਚਿ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ।
ਕਿ ਆਤਿਸ਼ ਦਮਾ ਰਾ ਫ਼ਿਰੋਜ਼ਾਂ ਕੁਨੀ॥ ੭੯॥

[ਜ਼ਫਰ ਨਾਮਹ]

ਇਸ ਸਰਹੰਦ ਦੇ ਕਤਲ ਦੇ ਦ੍ਰਿਸ਼ਜ ਨੂੰ ਦੇਖ ਬਾਜੀਦ ਖਾਂ ਰੋਂਦਾ ਤੇ ਪਸਚਾਤਾਪ ਕਰਦਾ ਅਰ ਤੋਬਾ ਤੋਬਾ ਪੁਕਾਰਦਾ, ਪਰ ਹੁਣ ਇਸਤੋਂ ਕੀ ਲਾਭ ਸੀ ਓਹ ਸਮਾ ਬੀਤ ਚੁਕਿਆ ਸੀ । ਅੱਜ ਉਸਦੇ ਖੋਟੇ ਭਾਗਾਂ ਨੂੰ ਔਰੰਗਜ਼ੇਬ ਭੀ ਕਿ ਜਿਸਦੇ ਖੁਸ਼ ਕਰਨ ਲਈ ਉਸਨੇ ਇਹ ਪਾਪ ਕੀਤੇ ਸਨ, ਇਸ ਅਸਾਰ ਸੰਸਾਰ ਪਰ ਮੌਜੂਦ ਨਹੀਂ ਸੀ, ਕਿ ਉਸਦੀ ਕੁਝ ਸਹਾਇਤਾ ਕਰਦਾ । ਸੱਚ ਹੈ ਹਕੂਮਤ ਦੇ ਨਸ਼ੇ ਵਿਖੇ ਅੰਨ੍ਹੇ ਹੋਏ ਹੋਏ ਹਾਕਮ ਕੇਹੋ ਜੇਹੇ ਅਪਰਾਧ ਤੇ ਪਾਪ ਕਰਦੇ ਹਨ ਕਿ ਉਨਾਂ ਦੇ ਪਾਪ ਦਾ ਫਲ ਨਿਰਦੋਸ਼ ਪਰਜਾ ਨੂੰ ਭੀ ਭੋਗਣਾਂ ਪੈਂਦਾ ਹੈ । ਗੁਰੂ ਜੀ ਨੇ ਸੱਚ ਫੁਰਮਾਇਆ ਹੈ :–

"ਸੰਗ ਕੁਸੰਗੀ ਬੈਸਤੇ ਤਬ ਪੂਛੈ ਧਰਮਰਾਇ ।"

ਕਿਆ ਇਸਤੋਂ ਪਹਿਲਾਂ ਬਾਜੀਦ ਖਾਂ ਸੂਬੇਦਾਰ ਸਰਹੰਦ ਨੂੰ ਪਿਛਲੇ ਸਾਲ ਇਹ ਮਾਲੂਮ ਸੀ ਕਿ ਅਜ ਜੋ ਮੈਂ ਹਕੂਮਤ ਦੇ ਨਸ਼ੇ ਤੇ ਮਜ਼ਹਬੀ ਤਅਸਬ ਨਾਲ ਅੰਨ੍ਹਾ ਹੋਇਆ ਹੋਇਆ ਅਪਣੇ ਸਚੇ ਤੇ ਨੇਕ ਸਲਾਹਕਾਰ ਨਵਾਬ ਸ਼ੇਰ ਮੁਹੰਮਦ ਖਾਂ ਜੇਹੇ ਦੀ ਰਾਇ ਨੂੰ ਨਾ ਮੰਨਦਾ ਹੋਇਆ ਇਨਾਂ ਛੋਟੇ ੨ ਮਾਸੂਮ ਨਿਰਅਪ੍ਰਾਧ ਬਚਿਆਂ ਦੇ ਕੰਧ ਵਿਖੇ ਚਿਣਨ ਦਾ ਹੁਕਮ ਦਿੰਦਾ ਹਾਂ, ਕਲ ਨੂੰ ਇਸਦਾ ਉੱਤਰ ਭੀ ਮੈਥੋਂ ਮੰਗਿਆ ਜਾਵੇਗਾ । ਉਸਨੂੰ ਮਾਲੂਮ ਤਾਂ ਕੀ, ਸੁਪਨੇ ਵਿਖੇ ਭੀ ਇਹ ਖਿਆਲ ਨਹੀਂ ਆਇਆ ਹੋਣਾ ਹੈ ।

ਅਠਵੇਂ ਦਿਨ ਖਾਸ ਆਪਣੇ ਕਰਮਾਂ ਦਾ ਫਲ ਭੋਗਣ ਲਈ ਬਾਜੀਦ ਖਾਂ ਬਾਬੇ ਬੰਦੇ ਦੇ ਸਾਹਮਣੇ ਖਾਲਸਾ ਦਰਬਾਰ ਵਿਖੇ ਪੇਸ਼ ਕੀਤਾ ਗਿਆ। ਉਸਤੋਂ ਸਾਹਿਬ ਜੋਰਾਵਰਸਿੰਘ ਤੇ ਫਤੇਸਿੰਘ ਜੀ ਮਾਸੂਮ ਬਚਿਆਂ ਦੇ ਕੰਧ ਵਿਖੇ ਚਿਣਨ ਦੀ ਬਾਬਤ ਉਤਰ ਮੰਗਿਆ ਗਿਆ । ਹੁਣ ਸਿਵਾਏ ਰਹਿਮ ਦੇ ਓਹ ਹੋਰ ਕੀ ਆਖ ਸਕਦਾ ਸੀ । ਖਾਲਸੇ ਨੇ ਆਖਿਆ ਰਹਿਮ ਦਾ ਸਮਾਂ ਬੀਤ ਗਿਆ ਹੈ ਅੱਜ ਆਪਣੇ ਕਰਮਾਂ ਦਾ ਫਲ ਭੋਗ ਤੇ ਔਰੰਗਜ਼ੇਬ ਨੂੰ ਆਪਣੀ ਅਖੀਂ ਦੇਖਿਆ ਹਾਲ ਜਾ ਸੁਣਾ ਕਿ ਜ਼ਾਲਮਾਂ ਤੋਂ ਜ਼ੁਲਮਾਂ ਅਤੇ ਪਾਪਾਂ ਦੇ ਬਦਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪੰਜਵਾਂ ਪੁਤ੍ਰ ਖਾਲਸਾ ਲੈ ਰਿਹਾ ਹੈ ।

ਫੇਰ ਬਾਜੀਦ ਖਾਂ ਦੇ ਸਾਹਮਣੇ ਉਸਦੀਆਂ ਬੇਗਮਾਂ ਤੇ ਬਾਲ ਬਚੇ ਕਤਲ ਕੀਤੇ ਗਏ, ਇਸ ਪਿਛੋਂ ਬਾਜੀਦ ਖਾਂ ਦੇ ਪੈਰ ਵਿਖੇ ਰੱਸਾ ਪਾਕੇ ਖਾਲਸੇ ਨੇ ਉਸਨੂੰ ਸਰਹੰਦ ਦੀਆਂ ਗਲੀਆਂ ਵਿਖੇ ਘਸੀਟ ਘਸੀਟਕੇ ਲੋਗਾਂ ਨੂੰ ਦਿਖਾਇਆ, ਜਿਸ ਗਲੀ ਵਿਖੇ ਓਹ ਜਾਂਦਾ ਸੀ, ਜੋ ਲੋਕ ਬਾਕੀ ਬਚੇ ਸੇ ਓਹ ਉਸ ਪਰ ਲੱਖਾਂ ਫਿਟਕਾਰਾਂ ਪਾਉਂਦੇ ਤੇ ਗਾਲੀਆਂ ਕਢਦੇ ਸਨ। ਅੰਤ ਨੂੰ ਬਾਜੀਦ ਖਾਂ ਜੀਊਂਦਾ ਹੀ ਜਲਾ ਦਿਤਾ ਗਿਆ ਤੇ ਸਰਹੰਦ ਸਦਾ ਲਈ ਖਾਲਸਾ ਰਾਜ ਵਿਖੇ ਸ਼ਾਮਲ ਹੋ ਗਈ। ਇਸ ਜ਼ਫਰ ( ਫਤਹ ) ਦੇ ਸਮਾਚਾਰ ਨੇ ਸਾਰੇ ਹਿੰਦ ਵਿਖੇ ਖਾਲਸੇ ਦੀ ਬਹਾਦੁਰੀ ਦਾ ਡੰਕਾ ਬਜਾ ਦਿਤਾ।

ਇਸ ਪਿਛੋਂ ਦੁਸ਼ਟ ਪਾਪੀ ਪਹਾੜੀ ਰਾਜਿਆਂ ਨੂੰ ਭੀ ਉਨ੍ਹਾਂ ਦੇ ਕਰਮਾਂ ਦਾ ਫਲ ਬਾਬੇ ਬੰਦੇ ਬਹਾਦੁਰ ਤੇ ਖਾਲਸੇ ਨੇ ਖੂਬ ਅੱਛੀ ਤਰਾਂ ਚਖਾਇਆ। ਖਾਲਸੇ ਦੇ ਨਿਤ ਨਵੇਂ ਹੱਲਿਆਂ ਨੇ ਖਾਨਦਾਨ ਮੁਗਲੀਆ ਦੀਆਂ ਜੜ੍ਹਾਂ ਓਹ ਢੇਖਲੀਆਂ ਕੀਤੀਆਂ ਕਿ ਸੰਮਤ ੧੯੧੪ ਬਿਕ੍ਰਮੀ ਵਿਖੇ ਬਿਲਕੁਲ ਮੁਗਲ ਰਾਜ ਦਾ ਖਾਤਮਾ ਹੋਗਿਆ। ਸੱਚ ਹੈ:-

ਮਜ਼ਨ ਤੇਗ ਬਰ ਖੂਨ ਕਸ ਬੇ ਦਰੇਗ।
ਤੁਰਾ ਨੀਜ਼ ਖੂੰ ਚਰਖ਼ ਰੇਜ਼ਦ ਬਤੇਗ ॥ ੬੯ ॥

[ਜ਼ਫਰ ਨਾਮਹ]

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ॥

ਪ੍ਰਾਰੰਭਿਕ ਟੀਕਾਕਾਰ

**ਤੇਜਾ ਸਿੰਘ ਰੀਟਾਯਰਡ ਐਸ. ਡੀ. ਓ.**

ਸੇਵਕ

| ਤਾਰੀਖ | ਪੰਚ ਖਾਲਸਾ ਦੀਵਾਨ |
|---|---|
| ੧ ਅਸੂ ਸੰ: ੪੫੩ ਖਾ: | ਅਰਥਾਤ |
| ਮੁਤਾਬਕ ੧ ਅਸੂ | ਖਾਲਸਾ ਪਾਰਲੀਮੈਂਟ |
| ਸੰ: ੧੯੭੮ ਬਿ: | ਮੁਕਾਮ ਪੰਚਖੰਡ |
| | ਡਾਕਘਰ ਧੂਰੀ, ਰਾਜ ਪਟਿਆਲਾ |

ਇਸ ਪੁਸਤਕ ਦੇ ਮਿਲਨ ਦਾ ਪਤਾ—

ਸੇਵਕ

ਪੰਚ ਖਾਲਸਾ ਦੀਵਾਨ ਮੁਕਾਮ ਪੰਚ ਖੰਡ
ਡਾਕਖਾਨਾ ਧੂਰੀ ਗਵਰਨਮੈਂਟ ਪਟਿਆਲਾ,

ਮਾਰਚ ੧੯੨੩

ਸਰਦਾਰ ਬੁਧ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ ਵਿੱਚ ਛਪਿਆ ॥